ISSN-0971-8354

# ਯੋਜਨਾ

ਜੁਲਾਈ 2015 ਇਕ ਵਿਕਾਸ ਮਾਸਿਕ ₹10

## ਅੰਤਰਰਾਸ਼ਟਰੀ ਸੰਬੰਧਾਂ 'ਚ ਨਵਾਂ ਦ੍ਰਿਸ਼

ਭਾਰਤ ਤੇ ਇਸ ਦੇ ਗੁਆਂਢੀ : ਨਵੀਆਂ ਸੇਧਾਂ
ਅਚਲ ਕੁਮਾਰ ਮਲਹੋਤਰਾ

ਭਾਰਤ-ਅਮਰੀਕਾ ਭਾਈਵਾਲੀ : ਵਿਗਸਦੇ ਰਿਸ਼ਤੇ
ਕੇ ਸੀ ਸਿੰਘ

ਆਰਥਿਕ ਵਿਕਾਸ ਲਈ ਭਾਰਤੀ ਆਰਥਿਕ ਕੂਟਨੀਤੀ
ਰਾਮ ਉਪੇਂਦਰਾ ਦਾਸ

ਸੁਸ਼ਾਸਨ : ਸ਼ੈਲੀ ਤੇ ਮੂਲ ਮੁੱਦਾ
ਏ ਸੂਰੀਆ ਪ੍ਰਕਾਸ਼











# CHECK LIST & IMPORTANT INSTRUCTIONS FOR SUBSCRIPTION OF JOURNAL(S)

1. Subscriber must ensure that DD/IPO/MOs are in favour of ADG (I/c), Publications Division, M/o I&B payable at New Delhi and of requisite amount. The annual subscription is following:

| | Ajkal/Kurukshetra/Yojana | Bal Bharti |
|---|---|---|
| One Year | ₹ 100/- | ₹ 80/- |
| Two Year | ₹ 180/- | ₹ 150/- |
| Three Year | ₹ 250/- | ₹ 200/- |
| For SAARC countries (for one year only) | ₹ 530/- | ₹ 510/- |
| For other countries (For one year only) | ₹ 730/- | ₹ 710/- |

2. Subscription for Ajkal Hindi/Urdu, Bal Bharti, Kurukshetra Hindi/English and Yojana Hindi/English/Urdu/Punjabi/Odia may sent to Business Manager, Publications Division, Min. of I & B, Soochna Bhawan, Room 48-53, CGO Complex, Lodi Road, New Delhi - 110003. The language of journal must be clearly indicated.

3. Subscriber must ensure that MOs (ordinary as well as e-MO) must contain name and language of journal required either in message box or at address column, otherwise it could not be accepted.

4. DD & IPO must be accompanied either with dully filled subscription coupon published in our Journals or in a plain paper containing name and address of subscriber alongwith name and language of Journal required.

5. In case of non receipt of magazine or any other problem please intimate to Business Manager (C&A) within a month period after which complaint will not be entertained.

6. Subscription for regional languages of Yojana shall be sent directly to Regional Centres on the following address:

| S. No | Magazine | Language | Officer Concerned | Office Address | Email/phone |
|---|---|---|---|---|---|
| 1 | Ajkal | Hindi/Urdu | Business Manager | Publications Division, Min. of I & B, Soochna Bhawan, Room 48-53, CGO Complex, Lodi, New Delhi - 110003 | pdjucir@gmail.com |
| 2. | Bal Bharti | Hindi | -do- | -do- | -do- |
| 3. | Kurukshetra | Hindi/ English | -do- | -do- | -do- |
| 4. | Yojana | Hindi/ English/ Punjabi/ Urdu/ Odia | -do- | -do- | -do- |
| 5. | Yojana | Assame | Business Manager | Sales Unit, Publications Division, KKB Road, New Colony, House no. 7, Chenikuthi, Guwahati, Assam 781003 | yojanaasomia@yahoo.co.in 0361-2665090 |
| 6 | Yojana | Bengali | Business Manager | Sales Emporium, Publications Division, 8, Esplanade East, Kolkatta, West Bengal 700069 | bengaliyojana@gmail.com 033-22488030 |
| 7. | Yojana | Gujrati | Business Manager | Sales Unit, Publications Division, Ambica Complex, 1st Floor, Paldi, Ahmedabad, Gujrat 380007 | yojanagujrati@gmail.com 079-26588669 |
| 8. | Yojana | Kannada | Business Manager | Sales Unit, Publications Division, 1st Floor, 'F' Wing, Kendriya Sadan, Kormangala, Bangalore 560034 | yojanakannada@yahoo.co.in 080-25537244 |
| 9 | Yojana | Marathi | Business Manager | Sales Unit, Publications Division, 701-C wing, 7th Floor, Kendriya Sadan, Belapur, Navi Mumbai, Maharastra 400614 | 022-27570686 |
| 10 | Yojana | Malayalam | Business Manager | Sales Emporium, Publications Division, Press Road, Near Govt. Press, Thiruvananthapuram, Kerala 695001 | yojanamalayalam@yahoo.co.in 0471-2330650 |
| 11 | Yojana (Thittam) | Tamil | Business Manager | Sales Emporium, Publications Division, 'A' wing, Rajaji Bhawan, Besant Nagar, Chennai, Tamil Nadu 600090 | editorthittam@yahoo.co.in 044-24917673 |
| 12 | Yojana | Telgu | Business Manager | Sales Emporium, Publications Division, Block 4, 1st Floor, Gruhakalpa Complex, M.G. Road, Nampally, Hyderabad, Andhra Pradesh 500001 | yojana_telgu@yahoo.co.in 040-24605383 |

# ADVERTISEMENT UNIT
# PUBLICATIONS DIVISION
# MINISTRY OF INFORMATION & BROADCASTINGS

## COMMERCIAL ADVERTISEMENT RATES FOR DPD JOURNALS
## (w.e.f 1st June ,2013)

| Sl. No. | Name of Journal | Inside Text Page | | | | Back Cover | 2nd Cover page | 3rd cover page |
|---|---|---|---|---|---|---|---|---|
| | (Rate for each Journals for one edition) | Colour (Full Page) | Colour (Half Page) | Black & White (Full Page) | Black & White (Half Page) | Full Page | Full Page | Full Page |
| 1 | Yojana (English & Hindi) | 25000 | 15000 | 18000 | 11000 | 75000 | 50000 | 50000 |
| 2 | Kurukshetra (English & Hindi) | 20000 | 12000 | | | 30000 | 27000 | 25000 |
| 3 | Ajkal (Hindi & Urdu) | 10000 | 6000 | 7000 | 5000 | 15000 | 12000 | 11000 |
| 4 | Yojana ( Urdu/Punjabi/ Oriya/ Assamese/ Kannada/ Malayalam ) | 7000 | 4500 | 5000 | 3000 | 10000 | 9000 | 8000 |
| 5 | Bal Bharti, | 22000 | 13000 | | | 30000 | 27000 | 25000 |
| 6 | Yojana (Bengali/ Telgu/ Marathi/ Tamil/Gujrati) | 13000 | 8000 | 10000 | 6000 | 20000 | 17000 | 15000 |

COMMERCIAL ADVERTISEMENT RATES FOR INDIA/BHARAT

| | India | | Bharat | |
|---|---|---|---|---|
| | Colour | Black & White | Colour | Black & White |
| Full Page | 30000 | 20000 | 20000 | 10000 |
| 2nd Cover page | 60000 | | 50000 | |
| 3rd Cover page | 50000 | | 40000 | |

Note :

(i) Special issue - Yojana-(January, March, August & December), Kurukshetra – (October Annual Number)

ii) 2nd cover page of magazines will be reserved for the DAVP and Government Organizations. The above rate are only for PSU advertisement received directly.

iii) * 2% extra discount on each additional insertion of advertisement subject to maximum discount of 40%.

**Mechanical Details**

| | Yojana | Ajkal/Kurukshetra | Bal Bharti |
|---|---|---|---|
| Overall Size | 19.5 x 27 cms | 21 x 28 cms | 18 x 24 cms |
| Print Area | 17 x 23 cms | 17 x 24 cms | 15 x 19.5 cms |
| | Advertisement material - Artpull/Artwork/CD/Positives | | |

**Full advance payment by D.D. in favour of ADG(I/c), Publications Division, M/o I&B payable at New Delhi.** Advertisement material and payment to be sent to the Business Manager (Advt.), Advertisement Unit, Publications Division, Min. of I & B, Soochna Bhawan, Room 48-53, CGO Complex, Lodi Road, New Delhi - 110003. Email : pdjucir@gmail.com


YOJANA (Punjabi) July - 2015 (Total Pages 52+IV) Regd. RNI 43033/85

# ਪ੍ਰਕਾਸ਼ਨ ਵਿਭਾਗ ਵਲੋਂ ਪ੍ਰਕਾਸ਼ਿਤ

## ਸ੍ਰੇਸ਼ਟ, ਰੌਚਕ ਅਤੇ ਗਿਆਨ ਭਰਪੂਰ ਪੁਸਤਕਾਂ





ਪੁਸਤਕ : ਭਾਰਤੀ ਵਿਗਿਆਨ ਦੇ ਚਾਨਣ ਮੁਨਾਰੇ
ਲੇਖਕ : ਕੁਲਦੀਪ ਸਿੰਘ ਧੀਰ
ਪੰਨੇ : 101, ਮੁੱਲ 130 ਰੁਪਏ




ਪੁਸਤਕ : ਭਗਤ ਸਿੰਘ ਅਮਰ ਵਿਦਰੋਹੀ
ਲੇਖਕ : ਮਲਵਿੰਦਰ ਜੀਤ ਸਿੰਘ ਵੜੈਚ
ਪੰਨੇ : 204, ਮੁੱਲ :200 ਰੁਪਏ





ਪੁਸਤਕ : ਯੁੱਗ ਪੁਰਸ਼ ਸਰਦਾਰ ਸਵਰਨ ਸਿੰਘ
ਲੇਖਕ : ਡਾ. ਮੁਹੰਮਦ ਇਦਰੀਸ
ਪੰਨੇ : 190, ਮੁੱਲ : 155 ਰੁਪਏ




ਪੁਸਤਕ : ਗ਼ਦਰ ਪਾਰਟੀ ਲਹਿਰ : ਸੰਖੇਪ ਇਤਿਹਾਸ
ਲੇਖਕ : ਰਘਬੀਰ ਸਿੰਘ
ਪੰਨੇ : 236, ਮੁੱਲ : 165 ਰੁਪਏ




ਪੁਸਤਕ : ਬੱਚਿਆਂ ਦੀਆਂ ਬੀਮਾਰੀਆਂ ਤੇ ਇਲਾਜ
ਲੇਖਕ : ਹਰਸ਼ਿੰਦਰ ਕੌਰ
ਪੰਨੇ : 60, ਮੁੱਲ : 70 ਰੁਪਏ




ਪੁਸਤਕ : ਸਤਿਗੁਰੂ ਰਾਮ ਸਿੰਘ ਤੇ ਕੂਕਾ ਲਹਿਰ
ਲੇਖਕ : ਤਾਰਾ ਸਿੰਘ ਅਨਜਾਣ
ਪੰਨੇ : 184, ਮੁੱਲ :105 ਰੁਪਏ

### ਪੁਸਤਕਾਂ ਇਨ੍ਹਾਂ ਵਿੱਕਰੀ ਕੇਂਦਰਾਂ ਉਤੇ ਉਪਲਬਧ ਹਨ :

• ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ, ਲੋਧੀ ਰੋਡ, ਨਵੀਂ ਦਿੱਲੀ - 110 003 (ਫ਼ੋਨ-24365610) • ਹਾਲ ਨੰ: 196, ਪੁਰਾਣਾ ਸਕੱਤਰੇਤ, ਦਿੱਲੀ -110 054 (ਫ਼ੋਨ-23890205) • ਕਾਮਰਸ ਹਾਊਸ, ਕਰੀਮਭਾਈ ਰੋਡ, ਬਾਲਾਰਡ ਪਾਇਰ, ਮੁੰਬਈ -400 038 (ਫ਼ੋਨ-22610081) • 8, ਐਸਪਲੇਨੇਡ ਈਸਟ, ਕੋਲਕਾਤਾ - 700 069 (ਫ਼ੋਨ-22488030) •'ਏ' ਵਿੰਗ, ਰਾਜਾਜੀ ਭਵਨ, ਬੇਸੇਂਟ ਨਗਰ, ਚੇਨੱਈ - 600 090 (ਫ਼ੋਨ-24917673) • ਪ੍ਰੈੱਸ ਰੋਡ, ਨਿਕਟ ਗੌਰਮਿੰਟ ਪ੍ਰੈੱਸ, ਤਿਰੂਵਾਨੰਤਪੁਰਮ - 695 001 (ਫ਼ੋਨ-2330650) • ਬਲਾਕ ਨੰ:-4, ਪਹਿਲੀ ਮੰਜ਼ਿਲ, ਗ੍ਰਹਿਕਲਪ ਕੰਪਲੈਕਸ, ਐਮ.ਜੇ.ਰੋਡ, ਨਾਮਪੱਲੀ, ਹੈਦਰਾਬਾਦ -500 001 (ਫ਼ੋਨ-24605383) • ਪ੍ਰਥਮ ਤਲ, 'ਐਫ਼' ਵਿੰਗ ਕੇਂਦਰੀ ਸਦਨ, ਕੋਰਾਮੰਗਲਾ, ਬੰਗਲੌਰ - 560 034 (ਫ਼ੋਨ-25537244) • ਬਿਹਾਰ ਰਾਜ ਸਹਿਕਾਰੀ ਬੈਂਕ ਬਿਲਡਿੰਗ, ਅਸ਼ੋਕ ਰਾਜਪੱਥ, ਪਟਨਾ -800 004 (ਫ਼ੋਨ-2301823)• ਹਾਲ ਨੰ:1, ਦੂਜੀ ਮੰਜ਼ਿਲ, ਕੇਂਦਰੀ ਭਵਨ, ਸੈਕਟਰ-8, ਅਲੀਗੰਜ, ਲਖਨਊ - 226 024, (ਫ਼ੋਨ-2325455)• ਅੰਬੀਕਾ ਕੰਪਲੈਕਸ, ਪਹਿਲੀ ਮੰਜ਼ਿਲ, ਪਾਲਦੀ, ਅਹਿਮਦਾਬਾਦ -380 007 (ਫ਼ੋਨ-26588669) • ਨੌਜਨ ਰੋਡ, ਉੱਜਾਨ ਬਜ਼ਾਰ, ਗੁਵਹਾਟੀ-781 001 (ਫ਼ੋਨ-2516792)

ਪ੍ਰਕਾਸ਼ਨ ਵਿਭਾਗ
ਸੂਚਨਾ ਅਤੇ ਪ੍ਰਸਾਰਣ ਮੰਤਰਾਲਾ
ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ,
ਲੋਧੀ ਰੋਡ, ਨਵੀਂ ਦਿੱਲੀ-110003

Printed & Published by Dr. (Ms) Sadhana Rout, Additional Director General & Head on behalf of Publications Division, Soochna Bhawan, C.G.O. Complex, Lodhi Road, New Delhi-110003. Printed at M/s Viba Press Pvt. Ltd., C-66/3, Okhla Industrial Area, Phase-II, New Delhi-110020, Editor : Balbir Madhopuri.

# ਯੋਜਨਾ

ਸਾਲ 30 • ਅੰਕ 12 • ਜੁਲਾਈ 2015 • ਕੁੱਲ ਪੰਨੇ 56



ਮੁੱਖ ਸੰਪਾਦਕ

**ਦੀਪਿਕਾ ਕੱਛਲ**

ਸੰਪਾਦਕ

**ਬਲਬੀਰ ਮਾਧੋਪੁਰੀ**

**ਸੰਪਾਦਕੀ ਦਫ਼ਤਰ**

ਈਸਟ ਬਲਾਕ-4, ਲੈਵਲ-7

ਆਰ. ਕੇ. ਪੁਰਮ, ਨਵੀਂ ਦਿੱਲੀ-110066

ਫ਼ੋਨ ਤੇ ਫ਼ੈਕਸ : 011-26177591

ਈਮੇਲ : yojanapunjabi@yahoo.com

ਵੈੱਬਸਾਈਟ : www.yojana.gov.in

www.publicationsdivision.nic.in

https//www.facebook.com/pages/yojana-journal

ਸੰਯੁਕਤ ਨਿਰਦੇਸ਼ਕ (ਉਤਪਾਦਨ)

**ਵੀ.ਕੇ. ਮੀਣਾ**

ਬਿਜ਼ਨਿਸ ਮੈਨੇਜਰ

**ਸੂਰੀਆਕਾਂਤ ਸ਼ਰਮਾ**

ਫ਼ੋਨ: 011-24367260 ਫੈਕਸ : 011-24365609

(ਸਰਕੂਲੇਸ਼ਨ ਤੇ ਵਿਗਿਆਪਨ)

**ਜਰਨਲ ਯੂਨਿਟ**

ਪ੍ਰਕਾਸ਼ਨ ਵਿਭਾਗ, ਸੂਚਨਾ ਤੇ ਪ੍ਰਸਾਰਨ ਮੰਤਰਾਲਾ,

ਕਮਰਾ ਨੰ. 48-53, ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ,

ਲੋਧੀ ਰੋਡ, ਨਵੀਂ ਦਿੱਲੀ-110003

ਈਮੇਲ : *pdjucir@gmail.com*

ਕਵਰ : **ਅਨਿਲ ਤਿਵਾਰੀ**


## ਇਸ ਅੰਕ ਵਿਚ


| | | |
|---|---|---|
| • ਸੰਪਾਦਕੀ | - ਮੁੱਖ ਸੰਪਾਦਕ | 4 |
| • ਭਾਰਤ ਤੇ ਇਸ ਦੇ ਗੁਆਂਢੀ : ਨਵੀਆਂ ਸੇਧਾਂ | - ਅਚਲ ਕੁਮਾਰ ਮਲਹੋਤਰਾ | 5 |
| • ਭਾਰਤ-ਅਮਰੀਕਾ ਭਾਈਵਾਲੀ : ਵਿਗਸਦੇ ਰਿਸ਼ਤੇ | - ਕੇ.ਸੀ. ਸਿੰਘ | 9 |
| • ਆਰਥਿਕ ਵਿਕਾਸ ਲਈ ਭਾਰਤੀ ਆਰਥਿਕ ਕੂਟਨੀਤੀ | - ਰਾਮ ਉਪਿੰਦਰਾ ਦਾਸ | 12 |
| • ਸੁਸ਼ਾਸਨ : ਸ਼ੈਲੀ ਤੇ ਮੂਲ ਮੁੱਦਾ | - ਏ. ਸੂਰੀਆ ਪ੍ਰਕਾਸ਼ | 16 |
| • ਵਾਪਸੀ ਵਿਚ ਬਹੁ-ਪੱਖਵਾਦ : ਕੀ ਖੇਤਰੀ ਸਹਿਯੋਗ ਅੱਗੇ ਵਧਣ ਦਾ ਤਰੀਕਾ ਹੈ? | - ਦਿਲੀਪ ਸਿਨਹਾ | 19 |
| • ਵਿਦੇਸ਼ਾਂ ਵਿਚ ਭਾਰਤੀ ਪਰਵਾਸੀ | - ਸ਼ਸ਼ੀ ਯੂ. ਤ੍ਰਿਪਾਠੀ | 23 |
| • ਭਾਰਤ-ਚੀਨ ਸੰਬੰਧ : ਬਦਲਦੇ ਰਿਸ਼ਤੇ | - ਮਨੀਸ਼ ਚਾਂਦ | 26 |
| • ਪੂਰਬੀ ਏਸ਼ੀਆਈ ਦੇਸ਼ਾਂ ਨਾਲ ਰਿਸ਼ਤਿਆਂ ਨੂੰ ਨਵੀਂ ਦਿਸ਼ਾ | - ਸੁਨੰਦਾ ਦੀਕਸ਼ਿਤ | 30 |
| • ਮੋਦੀ ਸਰਕਾਰ ਦਾ ਪਹਿਲਾ ਸਾਲ : ਵਿਦੇਸ਼ੀ ਸੰਬੰਧਾਂ ਦੇ ਰੱਖਿਆ ਰਥਵਾਨ ਵਜੋਂ | - ਅਲੋਕ ਬਾਂਸਲ | 34 |
| • ਭਾਰਤ ਦੇ ਵਿਦੇਸ਼ਾਂ ਨਾਲ ਸੰਬੰਧ ਹੋਏ ਮਜ਼ਬੂਤ | - ਬਾਲ ਆਨੰਦ | 38 |
| • ਨਿਰਯਾਤ ਵਾਧਾ ਤੇ ਨਵੀਂ ਵਿਦੇਸ਼ ਵਪਾਰ ਨੀਤੀ | - ਸਰਬਜੀਤ ਸਿੰਘ ਛੀਨਾ | 41 |
| • ਵਧਦੀ ਆਬਾਦੀ ਨੂੰ ਠੱਲ੍ਹ ਪਾਉਣੀ ਜ਼ਰੂਰੀ | - ਮਨਧੀਰ ਸਿੰਘ ਦਿਓਲ | 44 |
| • ਗਰਮੀ ਰੁੱਤੇ ਮੌਨਸੂਨ ਤੇ ਮੀਂਹ ਦੀ ਅਨਿਯਮਤਾ. | - ਪ੍ਰਭਜੋਤ ਕੌਰ, ਤੇ ਹਰਪ੍ਰੀਤ ਸਿੰਘ | 47 |
| • ਕੀ ਤੁਸੀਂ ਜਾਣਦੇ ਹੋ? | - ਵਾਟਿਕਾ ਚੰਦਰਾ | 49 |
| • ਵਿਕਾਸ ਦੇ ਰਾਹ 'ਤੇ | - | 50 |
| • ਪੰਜਾਬ : ਲੱਖਾਂ ਬੂਟੇ ਵੰਡਦੀ ਨਰਸਰੀ | - ਪਾਲ ਸਿੰਘ ਨੌਲੀ | 52 |
| • ਕੁਦਰਤੀ ਇਲਾਜ - ਦਵਾਈ ਦੀ ਵਿਕਲਪਕ ਪ੍ਰਣਾਲੀ | - ਆਰ ਐੱਮ ਨਾਇਰ | 53 |



**ਯੋਜਨਾ ਪੰਜਾਬੀ ਸਮੇਤ ਅਸਮੀਆ ਬਾਂਗਲਾ, ਅੰਗਰੇਜ਼ੀ, ਗੁਜਰਾਤੀ, ਕੰਨੜ, ਮਲਿਆਲਮ, ਮਰਾਠੀ, ਓਡੀਆ, ਤੇਲਗੂ ਤੇ ਉਰਦੂ ਭਾਸ਼ਾਵਾਂ ਵਿਚ ਵੀ ਪ੍ਰਕਾਸ਼ਿਤ ਕੀਤੀ ਜਾਂਦੀ ਹੈ। ਪੱਤ੍ਰਿਕਾ ਮੰਗਾਉਣ ਵਾਸਤੇ, ਨਵੀਂ ਮੈਂਬਰਸ਼ਿਪ, ਨਵਿਆਉਣ, ਪੁਰਾਣੇ ਅੰਕਾਂ ਦੀ ਪ੍ਰਾਪਤੀ ਤੇ ਏਜੰਸੀ ਆਦਿ ਲਈ ਮਨੀਆਰਡਰ/ਡੀਮਾਂਡ ਡ੍ਰਾਫਟ/ਪੋਸਟਲ ਆਰਡਰ 'ADG(i/c), Publications Division' ਦੇ ਨਾਂ 'ਤੇ ਬਣਵਾ ਕੇ ਸਾਹਮਣੇ ਲਿਖੇ ਪਤੇ 'ਤੇ ਭੇਜੋ : ਬਿਜ਼ਨਿਸ ਮੈਨੇਜਰ (ਸਰਕੂਲੇਸ਼ਨ ਤੇ ਵਿਗਿਆਪਨ) ਪ੍ਰਕਾਸ਼ਨ ਵਿਭਾਗ, ਸੂਚਨਾ ਤੇ ਪ੍ਰਸਾਰਨ ਮੰਤਰਾਲਾ, ਕਮਰਾ ਨੰ. 48-53, ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ, ਲੋਧੀ ਰੋਡ, ਨਵੀਂ ਦਿੱਲੀ-110003,**

ਮੈਂਬਰ ਬਣਨ ਤੇ ਪੱਤ੍ਰਿਕਾ ਮੰਗਵਾਉਣ ਲਈ ਤੁਸੀਂ ਸਾਡੇ ਹੇਠਲੇ ਵਿੱਕਰੀ ਕੇਂਦਰਾਂ ਨਾਲ ਵੀ ਸੰਪਰਕ ਕਰ ਸਕਦੇ ਹੋ : • ਪ੍ਰਕਾਸ਼ਨ ਵਿਭਾਗ, ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ, ਨਵੀਂ ਦਿੱਲੀ -110003 (ਫ਼ੋਨ. 24365610) • ਹਾਲ ਨੰ. 196, ਪੁਰਾਣਾ ਸਕੱਤਰੇਤ, ਦਿੱਲੀ - 110054 (ਫ਼ੋਨ.23890205) • 701, ਬੀ ਵਿੰਗ, ਸੱਤਵੀਂ ਮੰਜ਼ਿਲ, ਕੇਂਦਰੀ ਸਦਨ, ਬੇਲਾਪੁਰ, ਨਵੀਂ ਮੁੰਬਈ-400614 (ਫ਼ੋਨ. 27570686 • 8 ਐਸਪਲੇਨੇਡ ਈਸਟ, ਕੋਲਕਾਤਾ - 700069 (ਫ਼ੋਨ. 22488030) • ਏ ਵਿੰਗ, ਰਾਜਾਜੀ ਭਵਨ, ਬੇਸੰਟ ਨਗਰ, ਚੇਨੱਈ - 600090 (ਫ਼ੋਨ. 24917673) • ਪ੍ਰੈੱਸ ਰੋਡ, ਨੇੜੇ ਗੌਰਮਿੰਟ ਪ੍ਰੈੱਸ, ਤਿਰੂਵਾਨੰਤਪੁਰਮ 695001 (ਫ਼ੋਨ. 2330650) • ਬਲਾਕ ਨੰ. 4, ਗ੍ਰਹਿਕਲਪ ਕੰਪਲੈਕਸ, ਐਮ. ਜੀ. ਰੋਡ, ਨਾਮਪੱਲੀ, ਹੈਦਰਾਬਾਦ - 500001 (ਫ਼ੋਨ.24605383) • ਪ੍ਰਥਮ ਤਲ, 'ਐਫ' ਵਿੰਗ, ਕੇਂਦਰੀ ਸਦਨ, ਕੋਰਾਮੰਗਲਾ, ਬੰਗਲੋਰ - 560034 (ਫ਼ੋਨ. 25537244 • ਬਿਹਾਰ ਰਾਜ ਸਹਿਕਾਰੀ ਬੈਂਕ ਬਿਲਡਿੰਗ, ਅਸ਼ੋਕ ਰਾਜਪਥ, ਪਟਨਾ - 800004 (ਫ਼ੋਨ.2683407) • ਹਾਲ ਨੰ. 1, ਦੂਜੀ ਮੰਜ਼ਲ, ਕੇਂਦਰੀ ਭਵਨ, ਸੈਕਟਰ ਐੱਚ, ਅਲੀਗੰਜ, ਲਖਨਊ - 226024 (ਫ਼ੋਨ.2225455 • ਅੰਬਿਕਾ ਕੰਪਲੈਕਸ, ਪ੍ਰਥਮ ਤਲ, ਉਪਰ ਯੂਕੋ ਬੈਂਕ, ਪਾਲਦੀ, ਅਹਿਮਦਾਬਾਦ - 380007 (ਫ਼ੋਨ. 26588669) • ਕੇ.ਕੇ.ਬੀ ਰੋਡ, ਨਿਊ ਕਾਲੋਨੀ, ਹਾਊਸ ਨੰ. 7, ਚੇਨੀ ਕੁਥੀ, ਗੁਵਾਹਟੀ - 781003 (ਫ਼ੋਨ. 2665090)

**ਚੰਦਾ ਦਰਾਂ : 1 ਸਾਲ ਰੁ.100, 2 ਸਾਲ ਰੁ.180, 3 ਸਾਲ ਰੁ.250 - ਸਾਰਕ ਦੇਸ਼ਾਂ ਲਈ ਸਾਲਾਨਾ ਰੁ.530 ; ਯੂਰਪੀ ਤੇ ਹੋਰ ਦੇਸ਼ਾਂ ਲਈ ਸਾਲਾਨਾ ਰੁ.730.**



**ਯੋਜਨਾ ਵਿਚ ਪ੍ਰਕਾਸ਼ਿਤ ਨਿਬੰਧਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਆਪਣੇ ਹਨ। ਜ਼ਰੂਰੀ ਨਹੀਂ ਕਿ ਉਹ ਲੇਖਕ ਭਾਰਤ ਸਰਕਾਰ ਦੇ ਜਿਨ੍ਹਾਂ ਮੰਤਰਾਲਿਆਂ, ਵਿਭਾਗਾਂ ਤੇ ਸੰਗਠਨਾਂ ਨਾਲ ਸੰਬੰਧਿਤ ਹਨ, ਉਨ੍ਹਾਂ ਦਾ ਵੀ ਇਹੀ ਦ੍ਰਿਸ਼ਟੀਕੋਣ ਹੋਵੇ। ਪੱਤ੍ਰਿਕਾ ਵਿਚ ਪ੍ਰਕਾਸ਼ਿਤ ਵਿਗਿਆਪਨਾਂ ਦੇ ਵਿਸ਼ਾ ਵਸਤੂ ਵਾਸਤੇ ਯੋਜਨਾ ਜਵਾਬਦੇਹ ਨਹੀਂ ਹੈ।**

## ਸੰਪਾਦਕੀ

# ਭਾਰਤ ਚੜ੍ਹਤ ਵਲ

ਅੰਤਰਰਾਸ਼ਟਰੀ ਸੰਬੰਧਾਂ ਦੇ ਮਾਹਰਾਂ ਦਾ ਆਖਣਾ ਹੈ ਕਿ ਫੌਜੀ ਤਾਕਤ ਤੋਂ ਜ਼ਿਆਦਾ, ਕਿਸੇ ਵੀ ਦੇਸ਼ ਦਾ ਰੁਤਬਾ ਅਤੇ ਕਿਸਮਤ ਇਸ ਦੀ ਕੂਟਨੀਤਕ ਮੋਰਚੇ ਉਤੇ ਸਫਲਤਾ 'ਤੇ ਨਿਰਭਰ ਕਰਦੇ ਹਨ। ਜਿਥੋਂ ਤਕ ਭਾਰਤ ਦਾ ਸੰਬੰਧ ਹੈ, ਇਹ ਬਿਆਨ ਬਿਲਕੁਲ ਸਹੀ ਹੈ। ਜਦ ਕਿ ਇਕ ਰਾਸ਼ਟਰ ਵਜੋਂ ਸਾਡੀ ਦੇਸ਼ ਭਗਤੀ ਨੂੰ ਸਾਰਿਆਂ ਵਲੋਂ ਸਲਾਹਿਆ ਜਾਂਦਾ ਹੈ, ਇਕ ਅਮਨ ਪਸੰਦ ਦੇਸ਼ ਵਜੋਂ ਭਾਰਤ ਦੀ ਅੰਤਰਰਾਸ਼ਟਰੀ ਪਛਾਣ ਵਿਚ ਵੀ ਚੋਖਾ ਵਾਧਾ ਹੋਇਆ ਹੈ। ਇਸੇ ਹੀ ਸਮੇਂ, ਜਦ ਕਿ ਅਸੀ ਸਰਹੱਦਾਂ ਦੀ ਰਾਖੀ ਕਰਨ ਵਾਲੇ ਬਹਾਦਰ ਜਵਾਨਾਂ ਨੂੰ ਹਮੇਸ਼ਾ ਸਤਿਕਾਰ ਦਿਤਾ ਹੈ, ਹਾਲ ਹੀ ਦੇ ਸਮੇਂ ਤਕ ਕੂਟਨੀਤਕ ਮੋਰਚੇ 'ਤੇ ਭਾਰਤ ਦੀਆਂ ਪ੍ਰਾਪਤੀਆਂ ਵਲ ਉਨਾ ਧਿਆਨ ਨਹੀਂ ਦਿਤਾ ਗਿਆ ਜਿਸ ਦਾ ਭਾਰਤ ਹੱਕਦਾਰ ਸੀ। ਪਰ ਹੁਣ ਇਕ ਸਵਾਗਤਯੋਗ ਪਰਿਵਰਤਨ ਹੋ ਰਿਹਾ ਹੈ। ਮੁੱਖ ਧਾਰਾ ਦੇ ਮੀਡੀਆ ਵਲੋਂ ਢੁੱਕਵੀ ਕਵਰੇਜ ਦੇਣ ਤੋਂ ਇਲਾਵਾ, ਸਾਧਾਰਨ ਆਦਮੀ ਨੇ ਵੀ ਭਾਰਤੀ ਕੂਟਨੀਤੀ ਦੀ ਸਫਲਤਾ ਦੀ ਕਹਾਣੀ ਵਲ ਧਿਆਨ ਦੇਣਾ ਸ਼ੁਰੂ ਕਰ ਦਿਤਾ ਹੈ। ਬੇਸ਼ੱਕ ਉਹ ਕੂਟਨੀਤਕ ਸ਼ਬਦਾਵਲੀ ਦੀਆਂ ਪੇਚੀਦਗੀਆਂ ਅਤੇ ਬਾਰੀਕੀਆਂ ਨੂੰ ਨਹੀਂ ਸਮਝ ਸਕਦੇ ਪਰ ਉਹ ਕੂਟਨੀਤਕ ਕੋਸ਼ਿਸ਼ਾਂ ਅਤੇ ਰਾਸ਼ਟਰ ਨਿਰਮਾਣ ਵਿਚ ਇਸ ਦੇ ਨਿਹਿਤ ਲਾਭਾਂ ਦੀ ਮਹੱਤਤਾ ਨੂੰ ਚੰਗੀ ਤਰ੍ਹਾਂ ਸਮਝਦੇ ਅਤੇ ਸਿਫ਼ਤ-ਸ਼ਲਾਘਾ ਕਰਦੇ ਹਨ। ਉਦਾਰੀਕਰਨ ਅਤੇ ਵਿਸ਼ਵ ਵਪਾਰ ਦੇ ਤੇਜ਼ੀ ਨਾਲ ਬਦਲ ਰਹੇ ਰੁਝਾਨਾਂ ਨੇ ਭਾਰਤ ਦੇ ਅੰਤਰਰਾਸ਼ਟਰੀ ਸੰਬੰਧਾਂ ਵਿਚ ਕਾਫੀ ਬਦਲਾਅ ਲਿਆਂਦੇ ਹਨ। ਬਹੁਤ ਜ਼ਿਆਦਾ ਅੰਤਰਮੁਖੀ ਆਰਥਿਕਤਾ ਤੋਂ ਵਿਸ਼ਵ ਦੀ ਸੰਗਠਿਤ ਅਰਥਵਿਵਸਥਾ ਵੱਲ ਸਫਲ ਤਬਦੀਲੀ ਦੀਆਂ ਕੋਸ਼ਿਸ਼ਾਂ ਦਾ ਅੰਤਰਰਾਸ਼ਟਰੀ ਮੰਚ 'ਤੇ ਭਾਰਤ ਦੇ ਅਕਸ 'ਤੇ ਹਾਂ-ਪੱਖੀ ਪ੍ਰਭਾਵ ਪਿਆ ਹੈ। ਪਿਛਲੇ ਇਕ ਸਾਲ ਵਿਚ ਸਾਡੀਆਂ ਕੂਟਨੀਤਕ ਕੋਸ਼ਿਸ਼ਾਂ ਦੀ ਵਿਸ਼ਵ ਪੱਧਰ 'ਤੇ ਪ੍ਰਸ਼ੰਸਾ ਹੋਈ ਹੈ। ਬਹੁਤ ਹੀ ਸਾਵਧਾਨੀ ਅਤੇ ਝਿਜਕ ਵਾਲੀਆਂ ਕੋਸ਼ਿਸ਼ਾਂ ਤੋਂ, ਭਾਰਤੀ ਕੂਟਨੀਤੀ ਨੇ ਡਾਢੀਆਂ ਕ੍ਰਿਆਸ਼ੀਲ ਪਹਿਲਕਦਮੀਆਂ ਵਲ ਲੰਮੀ ਪੁਲਾਂਘ ਭਰੀ ਹੈ। ਇਹ ਸਾਰਾ ਕੁੱਝ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਵਲੋਂ ਆਪਣੀ ਸਰਕਾਰ ਦੇ ਸਹੁੰ-ਚੁੱਕ ਸਮਾਗਮ ਲਈ *ਸਾਰਕ* ਦੇਸ਼ਾਂ ਦੇ ਮੁਖੀਆਂ ਨੂੰ ਸੱਦਾ ਦੇਣ ਨਾਲ ਸ਼ੁਰੂ ਹੋਇਆ। ਮਾਹਰਾਂ ਨੇ ਇਸ ਚਾਲ ਨੂੰ ਕੂਟਨੀਤਕ ਤਖ਼ਤਾ ਪਲਟ ਆਖਿਆ। ਪ੍ਰਧਾਨ ਮੰਤਰੀ ਵਲੋਂ ਵਿਕਸਤ ਅਤੇ ਵਿਕਾਸਸ਼ੀਲ 19 ਦੇਸ਼ਾਂ ਦੀ ਇਕ ਸਾਲ ਦੇ ਥੋੜ੍ਹੇ ਜਿਹੇ ਸਮੇਂ ਵਿਚ ਯਾਤਰਾ ਨੇ ਸਾਡੇ ਵਿਦੇਸ਼ੀ ਸੰਬੰਧਾਂ ਵਿਚੋਂ ਨਵੇਂ ਦਿਸਹੱਦੇ ਖੋਲ੍ਹ ਦਿਤੇ। ਇਸ ਸਾਲ ਨੇ ਸਾਡੇ ਗੁਆਂਢੀਆਂ ਪ੍ਰਤਿ ਪਹਿਲ ਨੂੰ ਵਧਦੇ ਵੇਖਿਆ ਹੈ। ਅਸੀਂ ਦੁਨੀਆਂ ਦੀਆਂ ਪ੍ਰਮੁੱਖ ਤਾਕਤਾਂ ਨਾਲ ਆਪਣੇ ਰਣਨੀਤਕ ਰਿਸ਼ਤਿਆਂ ਨੂੰ ਮੁੜ ਤੋਂ ਮਜ਼ਬੂਤ ਕੀਤਾ ਹੈ। ਭੁਚਾਲ ਦੇ ਝੰਬੇ ਨੇਪਾਲ ਵਿਚ ਤੁਰੰਤ ਰਾਹਤ ਅਤੇ ਬਚਾਅ ਕਾਰਜ ਲਈ ਦੁਨੀਆਂ ਭਰ ਦਾ ਭਾਰਤ ਵਲ ਧਿਆਨ ਖਿੱਚਿਆ ਗਿਆ। ਸਾਲਾਂਬੱਧੀ ਸੰਯੁਕਤ ਰਾਸ਼ਟਰ ਸ਼ਾਂਤੀ ਸੈਨਾ ਮਿਸ਼ਨ ਵਿਚ ਸਾਡਾ ਯੋਗਦਾਨ ਵਿਸ਼ਵ ਵਿਚ ਸਭ ਤੋਂ ਵੱਧ ਰਿਹਾ ਹੈ।

ਦੁਨੀਆਂ ਭਰ ਵਿਚ ਭਾਰਤੀ ਪਰਵਾਸੀਆਂ ਦੀ ਦੂਜੀ ਸਭ ਤੋਂ ਵੱਡੀ ਮੌਜੂਦਗੀ ਨੇ ਭਾਰਤ ਦੇ ਦੂਜੇ ਦੇਸ਼ਾਂ ਨਾਲ ਸੰਬੰਧਾਂ ਨੂੰ ਬਹੁਤ ਲੋੜੀਂਦਾ ਹੁਲਾਰਾ ਦਿਤਾ ਹੈ। ਹਾਲੀਆ ਰੁਝਾਨ ਦਰਸਾਉਂਦੇ ਹਨ ਕਿ ਹੁਣ ਤਕ ਉਦਾਸੀਨ ਰਹੇ ਦੇਸ਼ਾਂ ਨੇ ਵੀ ਭਾਰਤ ਨਾਲ ਸੰਬੰਧ ਸਥਾਪਤ ਕਰਨ ਵਿਚ ਦਿਲਚਸਪੀ ਦਿਖਾਈ ਹੈ। ਭਾਰਤ ਵਿਚ ਉੱਚ ਹੁਨਰਮੰਦ ਮਨੁੱਖੀ ਸ਼ਕਤੀ ਦੀ ਸਭ ਤੋਂ ਵੱਡੀ ਗਿਣਤੀ ਦੇ ਚਲਦਿਆਂ ਕੋਈ ਵੀ ਦੇਸ਼ ਭਾਰਤ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦਾ ਜੋ ਦੁਨੀਆਂ ਵਿਚ ਸਭ ਤੋਂ ਵੱਡਾ ਲੋਕਤੰਤਰ ਹੈ ਅਤੇ ਚੀਨ ਨੂੰ ਪਿੱਛੇ ਛੱਡ ਰਹੀ ਸਭ ਤੋਂ ਤੇਜ਼ੀ ਨਾਲ ਵਿਕਸਤ ਹੋ ਰਹੀ ਅਰਥਵਿਵਸਥਾ ਹੈ।

ਆਰਥਿਕ ਖੇਤਰ, ਮਨੁੱਖੀ ਸਰੋਤ ਵਿਕਾਸ ਅਤੇ ਅੰਤਰਰਾਸ਼ਟਰੀ ਸੰਬੰਧਾਂ ਵਿਚ ਭਾਰਤ ਵਲੋਂ ਪੁੱਟੀਆਂ ਪੁਲਾਂਘਾਂ ਨੇ ਦੁਨੀਆਂ ਨੂੰ ਭਾਰਤ ਪ੍ਰਤਿ ਇਕ ਰਾਸ਼ਟਰ ਵਜੋਂ ਧਿਆਨ ਦੇਣ ਲਈ ਮਜਬੂਰ ਕੀਤਾ ਹੈ। ਭਾਰਤੀ ਪ੍ਰਧਾਨ ਮੰਤਰੀ ਦੇ ਸੱਦੇ ਤੋਂ ਬਾਅਦ, ਸੰਯੁਕਤ ਰਾਸ਼ਟਰ ਨੇ 21 ਜੂਨ, 2015 ਨੂੰ ਅੰਤਰਰਾਸ਼ਟਰੀ ਯੋਗਾ ਦਿਵਸ ਵਜੋਂ ਮਨਾਉਣ ਦਾ ਮਤਾ ਅਪਣਾ ਲਿਆ। ਇਸੇ ਸਮੇਂ ਇਸ ਨੇ ਅੰਤਰਰਾਸ਼ਟਰੀ ਭਾਈਚਾਰੇ ਵਲੋਂ ਚੁਨੌਤੀਪੂਰਨ ਮੰਗਾਂ ਵੀ ਚੁੱਕੀਆਂ ਹਨ। ਪਰ ਲਗਾਤਾਰ ਕੋਸ਼ਿਸ਼ਾਂ ਅਤੇ ਨੀਤੀਗਤ ਪਹਿਲਕਦਮੀਆਂ ਸਦਕਾ ਭਾਰਤ ਇਨ੍ਹਾਂ ਚੁਨੌਤੀਆਂ ਨਾਲ ਸਿੱਝਣ ਦੇ ਕਾਬਲ ਰਿਹਾ ਹੈ। 1947 ਤੋਂ 2015 ਤਕ, ਮਜ਼ਬੂਤ ਤੋਂ ਮਜ਼ਬੂਤ ਤਕ ਉੱਭਰਦਿਆਂ ਭਾਰਤ ਨੇ ਆਪਣੀ ਕਿਸਮਤ ਨੂੰ ਘੜਿਆ ਹੈ ਅਤੇ ਦੇਸ਼ਾਂ ਦੇ ਸਮੂਹ ਵਿਚ ਆਪਣੀ ਯੋਗ ਥਾਂ ਬਣਾਈ ਹੈ। ਆਸ ਕਰਦੇ ਹਾਂ ਉਹ ਦਿਨ ਦੂਰ ਨਹੀਂ ਜਦੋਂ ਭਾਰਤ ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਦੇ ਸਥਾਈ ਮੈਂਬਰ ਵਜੋਂ ਉੱਭਰੇਗਾ, ਜਿਸ ਦੀ ਚਿਰਾਂ ਤੋਂ ਉਡੀਕ ਹੈ। ❑❑

**ਯੋਜਨਾ (ਪੰਜਾਬੀ)**

***ਦਾ ਅਗਲਾ ਵਿਸ਼ੇਸ਼ ਅੰਕ***

- **ਅਗਸਤ 2015 – ਇਹ ਅੰਕ *ਸਮੁੱਚਾ ਵਿਕਾਸ ਤੇ ਸਮਾਜਿਕ ਪਰਿਵਰਤਨ* ਉੱਤੇ ਕੇਂਦਰਿਤ ਹੋਵੇਗਾ।**

# ਭਾਰਤ ਤੇ ਇਸ ਦੇ ਗੁਆਂਢੀ : ਨਵੀਆਂ ਸੇਧਾਂ

ਅਚਲ ਕੁਮਾਰ ਮਲਹੋਤਰਾ

2014 ਵਿਚ ਪਾਰਲੀਮਾਨੀ ਚੋਣਾਂ ਤੋਂ ਬਾਅਦ ਕੇਂਦਰ ਵਿਚ ਕਾਇਮ ਹੋਈ ਮਜ਼ਬੂਤ ਅਤੇ ਸਥਿਰ ਸਰਕਾਰ ਨਾਲ ਗੁਆਂਢੀ ਦੇਸ਼ਾਂ ਸਮੇਤ ਪੂਰੇ ਵਿਸ਼ਵ ਭਾਈਚਾਰੇ ਨੂੰ ਸਹੀ ਸੰਕੇਤ ਗਿਆ ਹੈ ਕਿ ਭਾਰਤ ਨੂੰ ਸੰਜੀਦਗੀ ਨਾਲ ਲਏ ਜਾਣ ਦਾ ਸਮਾਂ ਆ ਗਿਆ ਹੈ। ਅੰਤਰਰਾਸ਼ਟਰੀ ਮਾਮਲਿਆਂ ਵਲ ਆਪਣੀ ਨਿੱਜੀ ਵਚਨਬੱਧਤਾ ਦਰਸਾਉਂਦਿਆਂ ਪ੍ਰਧਾਨ ਮੰਤਰੀ ਸ੍ਰੀ ਮੋਦੀ ਨੇ ਕਈ ਮਹੱਤਵਪੂਰਨ ਵਿਸ਼ਵ ਨੇਤਾਵਾਂ ਨੂੰ ਦਿੱਲੀ ਸੱਦਣ ਤੋਂ ਛੁੱਟ ਪਿਛਲੇ ਇਕ ਸਾਲ ਦੌਰਾਨ 19 ਬਾਹਰਲੇ ਦੇਸ਼ਾਂ ਦਾ ਦੌਰਾ ਕੀਤਾ ਹੈ। ਇਸ ਅਮਲ ਤਹਿਤ ਉਨ੍ਹਾਂ ਸਾਰੇ ਵਿਸ਼ਵ ਪੱਧਰੀ ਨੇਤਾਵਾਂ ਨਾਲ ਦੁਵੱਲੀ, ਖੇਤਰੀ ਜਾਂ ਬਹੁ-ਪੱਖੀ ਗੱਲਬਾਤ ਕੀਤੀ ਹੈ।

ਸਰਕਾਰ ਦੀਆਂ ਕੂਟਨੀਤਕ ਕਾਰਵਾਈਆਂ ਤੋਂ ਹੁਣ ਇਹ ਬਿਲਕੁਲ ਸਪੱਸ਼ਟ ਹੋ ਗਿਆ ਹੈ ਕਿ ਇਸ ਦੀਆਂ ਵਿਦੇਸ਼ੀ ਨੀਤੀ ਬਾਰੇ ਤਰਜੀਹਾਂ ਵਿਚ 'ਗੁਆਂਢੀ ਪਹਿਲਾਂ' ਦੀ ਨੀਤੀ ਸਭ ਤੋਂ ਉੱਪਰ ਹੈ। ਗੁਆਂਢੀ ਤਕ ਪਹੁੰਚਣ ਲਈ ਪਹਿਲੀ ਪਹਿਲਕਦਮੀ ਸ੍ਰੀ ਮੋਦੀ ਵਲੋਂ ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲਣ ਤੋਂ ਪਹਿਲਾਂ ਹੀ ਸ਼ੁਰੂ ਹੋ ਗਈ ਸੀ। ਪਿਛਲੇ ਸਾਲ 26 ਮਈ ਨੂੰ ਪ੍ਰਧਾਨ ਮੰਤਰੀ ਵਲੋਂ ਸਹੁੰ ਚੁੱਕ ਸਮਾਗਮ ਵਿਚ ਸ਼ਾਮਿਲ *ਸਾਰਕ* ਮੈਂਬਰ ਦੇਸ਼ਾਂ ਅਤੇ ਵੱਖ-ਵੱਖ ਦੇਸ਼ਾਂ ਦੇ ਆਗੂਆਂ ਨੂੰ ਸੱਦਾ ਪੱਤਰ ਭੇਜੇ ਗਏ। ਇਸ ਨਾਲ ਬੜਾ ਸਪੱਸ਼ਟ ਸੰਦੇਸ਼ ਦਿਤਾ ਗਿਆ ਕਿ ਨਵੀਂ ਸਰਕਾਰ ਦੱਖਣੀ ਏਸ਼ੀਆ ਖਿੱਤੇ ਦੇ ਆਪਣੇ ਗੁਆਂਢੀ ਦੇਸ਼ਾਂ ਨਾਲ ਆਪਣੇ ਸੰਬੰਧਾਂ ਅਤੇ ਇਲਾਕਾਈ ਅਖੰਡਤਾ ਨੂੰ ਬਹੁਤ ਮਹੱਤਤਾ ਦਿੰਦੀ ਹੈ। ਪਹਿਲੇ ਸਾਲ ਦੌਰਾਨ ਪ੍ਰਧਾਨ ਮੰਤਰੀ ਨੇ 4 ਸਾਰਕ ਮੈਂਬਰ ਦੇਸ਼ਾਂ ਭੂਟਾਨ, ਨੇਪਾਲ, ਸ੍ਰੀਲੰਕਾ ਅਤੇ ਬੰਗਲਾਦੇਸ਼ ਅਤੇ ਇਕ ਵੱਡੇ ਦੇਸ਼ ਚੀਨ ਦੀ ਯਾਤਰਾ ਕੀਤੀ। ਬਾਕੀ ਦੇ ਤਿੰਨ ਸਾਰਕ ਦੇਸ਼ਾਂ ਅਫ਼ਗਾਨਿਸਤਾਨ, ਪਾਕਿਸਤਾਨ ਅਤੇ ਮਾਲਦੀਵਜ਼ ਵਲ ਪ੍ਰਧਾਨ ਮੰਤਰੀ ਦੇ ਦੌਰੇ ਵਿਚ ਸੁਰੱਖਿਆ ਅਤੇ ਰਣਨੀਤਕ ਕਾਰਨਾਂ ਕਰਕੇ ਥੋੜ੍ਹਾ ਸਮਾਂ ਲੱਗ ਸਕਦਾ ਹੈ। ਇਸੇ ਦੌਰਾਨ ਅਫ਼ਗਾਨੀ ਰਾਸ਼ਟਰਪਤੀ ਨੇ ਇਸ ਸਾਲ ਅਪ੍ਰੈਲ ਵਿਚ ਭਾਰਤ ਦਾ ਦੌਰਾ ਕਰ ਕੇ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕੀਤੀ ਜਦ ਕਿ ਪ੍ਰਧਾਨ ਮੰਤਰੀ ਨੇ ਸ਼ਾਸਨ ਸੰਭਾਲਣ ਵੇਲੇ ਦੇ ਸਮਾਗਮ ਦੌਰਾਨ ਨਵੀਂ ਦਿੱਲੀ ਵਿਖੇ ਪਾਕਿਸਤਾਨੀ ਅਤੇ ਮਾਲਦੀਵਜ਼ ਦੇ ਪ੍ਰਧਾਨ ਮੰਤਰੀਆਂ ਨਾਲ ਮੁਲਾਕਾਤ ਕੀਤੀ ਸੀ। ਸੰਖੇਪ ਵਿਚ, ਇਕ ਸਾਲ ਦੇ ਕਾਲ ਦੌਰਾਨ ਪ੍ਰਧਾਨ ਮੰਤਰੀ ਨੇ ਆਪਣੇ ਸਾਰੇ ਨੇੜਲੇ ਗੁਆਂਢੀ ਦੇਸ਼ਾਂ ਦੇ ਨੇਤਾਵਾਂ ਨੂੰ ਇਕ ਵਾਰ ਜਾਂ ਇਕ ਵਾਰ ਤੋਂ ਵੱਧ ਵਾਰ ਮਿਲ ਲਿਆ ਹੈ।

ਇਲਾਕਾਈ ਪ੍ਰਸੰਗ ਵਿਚ ਵਿਸੇਸ਼ ਦੇਸ਼ਾਂ ਨਾਲ ਭਾਰਤ ਦੇ ਸੰਬੰਧਾਂ ਦੇ ਵਿਕਾਸ ਦੀ ਗੱਲ ਕਰਨ ਤੋਂ ਪਹਿਲਾਂ ਦੱਖਣੀ ਏਸ਼ੀਆ ਉੱਪਰ ਇਕ ਖਿੱਤੇ ਵਜੋਂ ਝਾਤ ਮਾਰ ਲਈ ਜਾਵੇ ਜੋ ਕਿ ਆਪਣੇ ਆਪ ਵਿਚ ਇਕ ਪੀਡਾ ਅਤੇ ਗੁੰਝਲਦਾਰ ਹਲਕਾ ਹੈ। ਇਸ ਖਿੱਤੇ ਦੇ ਦੇਸ਼ਾਂ ਦੇ ਸਾਂਝੇ ਪ੍ਰੰਪਰਕ ਇਤਿਹਾਸਕ ਅਤੇ ਸਭਿਆਚਾਰਕ ਪਿਛੋਕੜ ਹਨ। ਇਸ ਦੇ ਨਾਲ ਹੀ ਇਨ੍ਹਾਂ ਦੇਸ਼ਾਂ ਦੀ ਧਾਰਮਿਕ, ਨਸਲੀ, ਭਾਸ਼ਾਈ ਅਤੇ ਸਿਆਸੀ ਵੰਨ-ਸਵੰਨਤਾ ਵੀ ਹੈ। ਦੱਖਣੀ ਏਸ਼ੀਆ ਅੰਤਰਦੇਸ਼ੀ ਤੇ ਘਰੇਲੂ ਜੰਗਾਂ ਦਾ ਸ਼ਿਕਾਰ ਰਿਹਾ ਹੈ। ਇਸ ਨੇ ਸੁਤੰਤਰਤਾ ਲਹਿਰਾਂ, ਪ੍ਰਮਾਣੂ ਮੁਕਾਬਲੇਬਾਜ਼ੀ, ਫੌਜੀ ਤਾਨਾਸ਼ਾਹੀ ਦੇਖੀ ਹੈ ਅਤੇ ਇਹ ਨਸ਼ੀਲੇ ਪਦਾਰਥਾਂ ਅਤੇ ਮਨੁੱਖੀ ਸਰੋਤਾਂ ਦੀ ਤਸਕਰੀ ਜਿਹੀਆਂ ਗੰਭੀਰ ਸਮੱਸਿਆਵਾਂ ਤੋਂ ਛੁੱਟ ਬਗਾਵਤਾਂ, ਧਾਰਮਿਕ ਕੱਟੜਤਾ ਅਤੇ ਦਹਿਸ਼ਤਵਾਦ ਦਾ ਵੀ ਸ਼ਿਕਾਰ ਰਿਹਾ ਹੈ। ਧਾਰਮਿਕ ਸਹਿਣਸ਼ੀਲਤਾ ਦੇ ਪ੍ਰਸੰਗ ਵਿਚ ਇਹ ਲਚਕੀਲੇ ਧਰਮ-ਨਿਰਪੇਖ ਅਤੇ ਸਖਤ ਕੱਟੜਪੁਣੇ ਵਿਚਕਾਰ ਕਿਤੇ ਆਉਂਦਾ ਹੈ। ਦੱਖਣੀ ਏਸ਼ੀਆ ਨੂੰ ਦੁਨੀਆਂ ਦੀ ਸਭ ਤੋਂ ਘੱਟ ਅਖੰਡਤਾ ਵਾਲਾ ਇਲਾਕਾ ਮੰਨਿਆ ਜਾਂਦਾ ਹੈ। ਤੀਹ ਸਾਲਾਂ ਦੀ ਆਪਣੀ ਹੋਂਦ ਦੇ ਬਾਵਜੂਦ, ਸਾਰਕ ਨੇ ਬਹੁਤ ਮੱਠੀ ਰਫ਼ਤਾਰ ਵਾਲਾ ਵਿਕਾਸ ਦਰਜ ਕਰਵਾਇਆ ਹੈ। ਇਹ ਬਹੁਤ ਬਾਅਦ ਵਿਚ ਵਾਪਰਿਆ ਹੈ ਕਿ ਲੋਕਰਾਜੀ ਸਰਕਾਰਾਂ ਨੇ ਖਿੱਤੇ ਵਿਚ ਆਪਣੇ ਪੈਰ ਜਮਾਉਣੇ ਸ਼ੁਰੂ ਕੀਤੇ ਹਨ ਅਤੇ ਕੁਝ ਦੇਸ਼ਾਂ ਦੀ ਆਰਥਿਕ ਦਰ ਨੇ ਭਵਿੱਖ ਦੇ ਪ੍ਰਸੰਗ ਵਿਚ ਉਸਾਰੂ ਰੁਝਾਨ ਦਰਸਾਏ ਹਨ।

## ਇਸ ਖਿੱਤੇ ਵਿਚ ਭਾਰਤ ਦੀ ਸਥਿਤੀ

ਭਾਰਤ ਆਕਾਰ ਅਤੇ ਵਸੋਂ ਪੱਖੋਂ ਸਭ ਤੋਂ ਵਿਸ਼ਾਲ ਦੇਸ਼ ਹੈ। ਇਕ ਜੀਵੰਤ ਲੋਕਰਾਜ ਵਜੋਂ ਇਸ ਦਾ ਕਾਫ਼ੀ ਹੱਦ ਤਕ ਬੇਦਾਗ ਇਤਿਹਾਸ ਹੈ। ਇਸ ਦੀ ਮੁਕਾਬਿਲਤਨ ਮਜ਼ਬੂਤ ਆਰਥਿਕਤਾ ਵੀ ਹੈ। ਵਿਸ਼ਵ ਭਰ ਵਿਚ ਇਸ ਦੇ ਅਕਸ ਵਿਚ ਵੱਡਾ ਸੁਧਾਰ ਦਰਜ ਹੋਇਆ ਹੈ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਇਸ ਨੂੰ ਮਹੱਤਵਪੂਰਨ ਭੂਮਿਕਾ ਨਿਭਾਉਣ ਵਾਲੇ ਦੇਸ਼ ਵਜੋਂ ਦੇਖਿਆ ਜਾਂਦਾ ਹੈ। ਇਨ੍ਹਾਂ ਕਾਰਨਾਂ ਕਰਕੇ ਭਾਰਤ ਪੂਰੇ ਦੱਖਣ ਏਸ਼ੀਆਈ ਖਿੱਤੇ ਵਿਚ ਮੋਢੀ ਦੇਸ਼ ਹੈ। ਮਾੜੀ ਕਿਸਮਤ ਨਾਲ ਭਾਰਤ ਦੇ ਵਧ ਰਹੇ ਕੱਦ ਕਾਰਨ ਅਜਿਹੀ ਸਥਿਤੀ ਵੀ ਬਣੀ ਹੈ ਕਿ ਇਸ ਦੇ ਕੁਝ ਛੋਟੇ ਗੁਆਂਢੀ ਦੇਸ਼ਾਂ ਵਲੋਂ ਭਰਮਵੱਸ ਇਸ ਨੂੰ ਰੋਅਬ ਪਾਉਣ ਵਾਲੇ ਦੇਸ਼ ਵਜੋਂ ਦੇਖਿਆ ਜਾ ਰਿਹਾ ਹੈ। ਕਈ ਵਾਰ, ਕੁਝ ਗੁਆਂਢੀ ਦੇਸ਼ ਭਾਰਤ ਤੋਂ ਛੋਟਾਂ ਹਾਸਲ ਕਰਨ ਦੇ ਉਦੇਸ਼ ਨਾਲ 'ਚੀਨ' ਦਾ ਪੱਤਾ ਵੀ ਖੇਡਦੇ ਹਨ।

ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਵਲੋਂ 26 ਨਵੰਬਰ 2014 ਨੂੰ ਕਾਠਮੰਡੂ ਵਿਖੇ ਸਾਰਕ ਸਿਖਰ ਬੈਠਕ ਵਿਚ ਬੋਲਦਿਆਂ ਭਾਰਤ ਦਾ ਦ੍ਰਿਸ਼ਟੀਕੋਨ ਪ੍ਰਗਟ ਕੀਤਾ ਗਿਆ ਸੀ। ਉਨ੍ਹਾ ਕਿਹਾ ''ਭਾਰਤ ਲਈ, ਪੂਰੇ ਦੱਖਣ-ਏਸ਼ੀਆਈ ਖਿੱਤੇ ਲਈ ਸਾਡਾ ਨਜ਼ਰੀਆ ਪੰਜ ਥੰਮ੍ਹਾਂ 'ਤੇ ਖੜ੍ਹਾ ਹੈ : ਵਪਾਰ, ਨਿਵੇਸ਼, ਸਹਾਇਤਾ, ਹਰ ਖੇਤਰ ਵਿਚ ਮਿਲਵਰਤਨ,

ਆਪਣੇ ਲੋਕਾਂ ਦਰਮਿਆਨ ਸੰਪਰਕ ਅਤੇ ਇਹ ਸਭ ਨਿਰਵਿਘਨ ਆਵਾਜਾਈ ਰਾਹੀਂ। ਤਰੱਕੀ ਦੇ ਰਾਹ ਵਿਚ ਰੁਕਾਵਟ ਪਾਉਣ ਵਾਲਿਆਂ ਵਲ ਗੁੱਝਾ ਸੰਕੇਤ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਇਕ ਨਵੀਂ 'ਚੇਤਨਤਾ' ਆਈ ਹੈ ਅਤੇ ਸਾਰਕ ਮੈਂਬਰ ਦੇਸ਼ਾਂ ਦਰਮਿਆਨ ਸੰਬੰਧਾਂ ਵਿਚ ਗਤੀਸ਼ੀਲਤਾ ਆਉਣੀ ਲਾਜ਼ਮੀ ਹੈ। ਉਨ੍ਹਾਂ ਕਿਹਾ, "ਅਜਿਹਾ ਸਾਰਕ ਰਾਹੀਂ ਜਾਂ ਬਾਹਰੋਂ ਵਾਪਰ ਸਕਦਾ ਹੇ ਅਤੇ ਸਾਰੇ ਸਾਰਕ ਮੈਂਬਰਾਂ ਜਾਂ ਉਨ੍ਹਾਂ ਵਿਚੋਂ ਕੁਝ ਇਕ ਦਰਮਿਆਨ ਵੀ ਵਾਪਰ ਸਕਦਾ ਹੈ।"

ਆਓ, ਹੁਣ ਦੇਖਦੇ ਹਾਂ ਕਿ ਕੁਝ ਮੁੱਖ ਗੁਆਂਢੀ ਦੇਸ਼ਾਂ ਨਾਲ ਸਾਡੇ ਸੰਬੰਧ ਕਿਵੇਂ ਵਿਗਸ ਰਹੇ ਹਨ:

***ਭੂਟਾਨ :*** ਭੂਟਾਨ ਨਾਲ ਸਾਡੇ ਸੰਬੰਧ ਮਿਸਾਲੀ ਕਹੇ ਜਾ ਸਕਦੇ ਹਨ ਜਿਸ ਨੂੰ ਬੜੇ ਧਿਆਨ ਪੂਰਬਕ ਮਜ਼ਬੂਤੀ ਦਿਤੀ ਗਈ ਹੈ। ਪ੍ਰਧਾਨ ਮੰਤਰੀ ਦਾ 15,16 ਜੂਨ 2014 ਦਾ ਭੂਟਾਨ ਦਾ ਦੌਰਾ ਉਸ ਨੂੰ ਅਹਿਮ ਮਿੱਤਰ ਵਜੋਂ ਪ੍ਰਵਾਨ ਕਰਨ ਦਾ ਤਰੀਕਾ ਸੀ। ਦੌਰੇ ਦੌਰਾਨ ਮੁੱਖ ਜ਼ੋਰ ਵਿਕਾਸ ਮਿਲਵਰਤਨ ਅਤੇ ਆਰਥਿਕ ਸੰਬੰਧਾਂ 'ਤੇ ਦਿਤਾ ਗਿਆ। 1961 ਵਿਚ ਪੰਜ ਸਾਲਾ ਯੋਜਨਾਵਾਂ ਦੇ ਆਰੰਭ ਤੋਂ ਹੀ ਭਾਰਤ ਵਲੋਂ ਭੂਟਾਨ ਨੂੰ ਦਿਤੀ ਜਾਂਦੀ ਆਰਥਿਕ ਮਦਦ ਦੀ ਉਸ ਦੇਸ਼ ਵਲੋਂ ਸ਼ਲਾਘਾ ਕੀਤੀ ਜਾਂਦੀ ਹੈ। ਪਣ-ਬਿਜਲੀ ਖੇਤਰ ਵਿਚ ਮਿਲਵਰਤਨ ਨਾਲ ਦੋਹਾਂ ਦੇਸ਼ਾਂ ਨੂੰ ਫ਼ਾਇਦਾ ਹੋਇਆ ਹੈ ਅਤੇ ਦੂਜੇ ਦੇਸ਼ਾਂ ਲਈ ਇਕ ਮਿਸਾਲ ਹੈ। ਭਾਰਤ ਪਣ-ਬਿਜਲੀ ਪਲਾਂਟ ਲਾਉਣ ਲਈ ਭੂਟਾਨ ਦੀ ਮਦਦ ਕਰਦਾ ਹੈ ਜਿਸ ਕੋਲ ਇਸ ਖੇਤਰ ਵਿਚ ਵਿਕਾਸ ਦੀਆਂ ਵੱਡੀਆਂ ਸੰਭਾਵਨਾਵਾਂ ਹਨ। ਬਦਲੇ ਵਿਚ ਭਾਰਤ ਆਪਣੀਆਂ ਵਧ ਰਹੀਆਂ ਊਰਜਾ ਲੋੜਾਂ ਪੂਰੀਆਂ ਕਰਨ ਲਈ ਉਸ ਤੋਂ ਬਿਜਲੀ ਦਾ ਖਰੀਦਾਰ ਹੈ ਜਿਸ ਤੋਂ ਭੂਟਾਨ ਨੂੰ ਵੱਡੀ ਆਮਦਨ ਹੁੰਦੀ ਹੈ। ਬੀਤੇ ਵਿਚ 2003 ਦੌਰਾਨ ਭੂਟਾਨ ਆਪਣੇ ਇਲਾਕੇ ਵਿਚੋਂ ਭਾਰਤ ਵਿਰੋਧੀ ਅਨਸਰਾਂ ਨੂੰ ਖਦੇੜ ਚੁੱਕਾ ਹੈ ਅਤੇ ਭਵਿੱਖ ਵਿਚ ਅਜਿਹਾ ਦੁਬਾਰਾ ਨਾ ਹੋਣ ਦੇਣ ਲਈ ਉਸ ਨੇ ਪ੍ਰਧਾਨ ਮੰਤਰੀ ਦੇ ਹਾਲੀਆ ਦੌਰੇ ਦੌਰਾਨ ਮੁੜ ਵਾਅਦਾ ਵੀ ਕੀਤਾ ਹੈ।

***ਬੰਗਲਾਦੇਸ਼*** : 1971 ਵਿਚ ਬੰਗਲਾਦੇਸ਼ ਦੀ ਆਜ਼ਾਦੀ ਦੀ ਜੰਗ ਵਿਚ ਭਾਰਤ ਦੀ ਮਹੱਤਵਪੂਰਨ ਭੂਮਿਕਾ ਨਿਭਾਉਣ ਬਦਲੇ ਸ਼ਲਾਘਾ ਖੱਟਣ ਦੇ ਬਾਵਜੂਦ ਇਸ ਕੰਮ ਨਾਲ ਭਾਰਤ ਦੇ ਸੰਬੰਧ ਉਤਾਰ-ਚੜ੍ਹਾ ਵਾਲੇ ਰਹੇ ਹਨ। ਸ਼ੇਖ ਹਸੀਨਾ ਦੀ ਅਗਵਾਈ ਵਾਲੀ ਅਵਾਮੀ ਲੀਗ ਪਾਰਟੀ ਵਲੋਂ ਭਾਰਤ ਵਲ ਨਰਮ ਰਵੱਈਆ ਰੱਖਣ ਜਦ ਕਿ ਬੇਗਮ ਖ਼ਾਲਿਦਾ ਜ਼ਿਆ ਦੀ ਅਗਵਾਈ ਵਾਲੀ ਬੰਗਲਾਦੇਸ਼ ਨੈਸ਼ਨਲ ਪਾਰਟੀ ਅਤੇ ਬੰਗਲਾਦੇਸ਼ ਜਮਾਤ-ਏ-ਇਸਲਾਮੀ ਵਲੋਂ ਕੱਟੜਤਾ ਵਾਲਾ ਦ੍ਰਿਸ਼ਟੀਕੋਨ ਰੱਖਣ ਦੀ ਗੱਲ ਕਹੀ ਜਾਂਦੀ ਹੈ। ਹਾਲੀਆ ਸਾਲਾਂ ਦੌਰਾਨ ਬੰਗਲਾਦੇਸ਼ ਉਪਰ ਬੀ ਐੱਨ ਪੀ ਜਾਂ ਅਵਾਮੀ ਲੀਗ ਸਰਕਾਰਾਂ ਦਾ ਹੀ ਸ਼ਾਸਨ ਰਿਹਾ ਹੈ ਜਿਸ ਦੌਰਾਨ ਸੰਬੰਧਾਂ ਵਿਚ ਖੜੋਤ ਜਾਂ ਫਿਰ ਗਤੀਸ਼ੀਲਤਾ ਆਈ ਹੈ। ਸਮੇਂ-ਸਮੇਂ 'ਤੇ ਬੰਗਲਾਦੇਸ਼ ਦੀ ਧਰਤੀ ਤੋਂ ਭਾਰਤ ਵਿਰੋਧੀਆਂ ਦੀਆਂ ਭਾਰਤ ਵਿਰੋਧੀ ਸਰਗਰਮੀਆਂ, ਗ਼ੈਰ-ਕਾਨੂੰਨੀ ਮਨੁੱਖੀ ਪ੍ਰਵਾਸ, ਉੱਤਰ ਪੂਰਬ ਵਿਚ ਸਮਾਜਿਕ ਤਣਾਅ ਪੈਦਾ ਕਰਨਾ, ਗ਼ੈਰ-ਤੈਅਸ਼ੁਦਾ ਸਰਹੱਦੀ ਇਲਾਕਿਆਂ 'ਤੇ ਦੋਹਾਂ ਪਾਸਿਉਂ ਤਸਕਰੀ, ਖ਼ਾਸ ਕਰਕੇ ਤੀਸਤਾ ਦਰਿਆ ਅਤੇ ਹੋਰਨਾਂ ਸਾਂਝੇ ਦਰਿਆਵਾਂ ਦੇ ਪਾਣੀ ਦੀ ਵੰਡ ਜਿਹੇ ਮੁੱਦੇ ਤਣਾਅ ਦਾ ਕਾਰਨ ਬਣਦੇ ਆਏ ਹਨ। ਪਿਛਲੇ ਕੁਝ ਸਾਲਾਂ ਤੋਂ ਸ਼ੇਖ ਹਸੀਨਾ ਸਰਕਾਰ ਨੇ ਭਾਰਤ ਦੇ ਸੁਰੱਖਿਆ ਸਰੋਕਾਰਾਂ ਵੱਲ ਧਿਆਨ ਦਿਤਾ ਹੈ ਸਗੋਂ ਬੰਗਲਾਦੇਸ਼ ਨੂੰ ਇਹ ਲਗਦਾ ਹੈ ਕਿ ਭਾਰਤ ਵਲੋਂ ਅੱਗੋਂ ਭਰਵਾਂ ਹੁੰਗਾਰਾ ਨਹੀਂ ਦਿਤਾ ਗਿਆ। ਇਸ ਪਿਛੋਕੜ ਵਿਚ ਪ੍ਰਧਾਨ ਮੰਤਰੀ ਮੋਦੀ ਨੇ 6-7 ਜੂਨ 2015 ਨੂੰ ਬੰਗਲਾਦੇਸ਼ ਦਾ ਸਰਕਾਰੀ ਦੌਰਾ ਕੀਤਾ ਜਿਸ ਵਿਚ ਮੁੱਖ ਮੁੱਦਾ 1974 ਵਿਚ ਦਸਤਖਤ ਹੋਇਆ ਜ਼ਮੀਨੀ ਸਰਹੱਦ ਸਮਝੌਤਾ ਸੀ, ਜਿਸ ਉਪਰ ਪੱਛਮੀ ਬੰਗਾਲ ਅਤੇ ਅਸਮ ਜਿਹੇ ਰਾਜਾਂ ਦੀਆਂ ਤਰਜੀਹਾਂ ਸਮੇਤ ਕਈ ਹੋਰ ਕਾਰਨਾਂ ਕਰਕੇ ਸੰਸਦ ਦੀ ਮਨਜ਼ੂਰੀ ਨਹੀਂ ਲਈ ਜਾ ਸਕੀ। ਪ੍ਰਧਾਨ ਮੰਤਰੀ ਨੇ ਦੋਹਾਂ ਸਭਾਵਾਂ ਵਿਚ 100ਵੀਂ ਸੰਵਿਧਾਨਕ ਤਰਮੀਮ ਰਾਹੀਂ ਅਤੇ ਕੇਂਦਰ ਅਤੇ ਰਾਜਾਂ ਦੀ ਆਮ ਰਾਇ ਇਕੱਤਰ ਕਰਕੇ, ਜਿਵੇਂ 1974 ਸਮਝੌਤੇ ਅਤੇ ਇਸ ਨਾਲ ਸੰਬੰਧਿਤ 2011 ਦੇ ਸਮਝੌਤੇ ਉਪਰ ਸਹੀ ਪੁਆਈ, ਇਹ ਪ੍ਰਸ਼ੰਸਾਯੋਗ ਗੱਲ ਹੈ। ਇਸ ਕਾਨੂੰਨ ਨਾਲ ਨਾ ਸਿਰਫ਼ ਦੋਹਾਂ ਦੇਸ਼ਾਂ ਦਰਮਿਆਨ 4096 ਕਿਲੋਮੀਟਰ ਲੰਮੀ ਸਰਹੱਦ ਦੇ ਵਿਵਾਦ ਦਾ ਨਿਬੇੜਾ ਹੋਇਆ ਅਤੇ ਦੋਵੇਂ ਪਾਸੇ ਸਰਹੱਦਾਂ 'ਤੇ ਵਸਦੇ 50,000 ਤੋਂ ਵੱਧ ਵਿਅਕਤੀਆਂ ਨੂੰ ਆਪਣੀ ਸ਼ਨਾਖਤ ਮਿਲੀ, ਇਸ ਦੇ ਨਾਲ-ਨਾਲ ਬਗਾਵਤੀ ਅਨਸਰਾਂ ਉਪਰ ਰੋਕ ਲੱਗਣ ਅਤੇ ਮਨੁੱਖੀ ਤਸਕਰੀ, ਗ਼ੈਰ-ਕਾਨੂੰਨੀ ਪ੍ਰਵਾਸ ਅਤੇ ਤਸਕਰੀ ਦੀਆਂ ਸਰਗਰਮੀਆਂ ਉਪਰ ਵੀ ਰੋਕ ਲੱਗੀ।

ਦੌਰੇ ਦਾ ਮਹੱਤਵਪੂਰਨ ਹਾਸਲ ਬੰਗਲਾਦੇਸ਼ ਵਲੋਂ ਵਪਾਰ ਅਤੇ ਯਾਤਰਾ ਲਈ ਭਾਰਤ ਨੂੰ ਲਾਂਘਾ ਦੇਣ ਦੀ ਹਾਮੀ ਭਰਨਾ ਹੈ ਜਿਸ ਨਾਲ ਪੂਰਬ ਅਤੇ ਦੇਸ਼ ਦੇ ਹੋਰ ਹਿੱਸਿਆਂ ਨਾਲ ਸੰਪਰਕ ਬਿਹਤਰ ਹੋਣਗੇ ਜੋ ਕਿ ਹੁਣ ਤਕ ਸਿੱਲੀਗੁੜੀ ਲਾਂਘੇ (ਚਿਕਨ ਨੇਕ) ਦੇ ਮੁਥਾਜ ਸਨ। ਢਾਕਾ-ਸਿਲਾਂਗ-ਗੁਹਾਟੀ ਅਤੇ ਕੋਲਕਾਤਾ-ਢਾਕਾ-ਅਗਰਤਲਾ ਬੱਸ ਸੇਵਾਵਾਂ ਖਿੱਤੇ ਵਿਚ ਜ਼ਮੀਨੀ ਸੰਪਰਕ ਦੇ ਨਵੇਂ ਯੁਗ ਦਾ ਰਾਹ ਖੋਲ੍ਹਣਗੀਆਂ। ਸਮੁੰਦਰੀ ਜਹਾਜ਼ਰਾਨੀ ਸਮਝੌਤੇ ਨਾਲ ਮਾਲ ਢੋ-ਢੁਆਈ ਲਈ ਘੱਟ ਸਮਾਂ ਲੱਗੇਗਾ। ਭਾਰਤ ਵਲੋਂ ਚਿੱਟਾਗਾਂਗ ਅਤੇ ਮੋਂਗਲਾ ਬੰਦਰਗਾਹਾਂ ਦੀ ਵਰਤੋਂ ਕਰਨ ਬਾਰੇ ਕੀਤਾ ਗਿਆ ਸਮਝੌਤਾ ਵੀ ਬਹੁਤ ਅਹਿਮ ਹੈ। ਦਿਲਚਸਪੀ ਵਾਲੀ ਗੱਲ ਹੈ ਕਿ ਇਸ ਵਾਰ ਬੰਗਲਾਦੇਸ਼ ਨੇ ਲਾਂਘੇ ਨੂੰ ਤੀਸਤਾ ਨਾਲ ਸੰਬੰਧਿਤ ਕਰਕੇ ਗੱਲ ਨਹੀਂ ਕੀਤੀ।

ਬੰਗਲਾਦੇਸ਼ ਵਿਚ 'ਵਿਸ਼ੇਸ਼ ਆਰਥਿਕ ਹਲਕੇ' ਨੂੰ ਬੰਗਲਾਦੇਸ਼ ਵਿਚ ਭਾਰਤੀ ਨਿਵੇਸ਼ ਨੂੰ ਉਤਸਾਹਤ ਕਰਨਾ ਚਾਹੀਦਾ ਹੈ ਅਤੇ ਬਦਲੇ ਵਿਚ ਬੰਗਲਾਦੇਸ਼ ਦੇ ਵਪਾਰਕ ਪਸਾਰੇ ਅਤੇ ਰੁਜ਼ਗਾਰ ਉਪਜਾਉਣ ਬਾਰੇ ਸਰੋਕਾਰਾਂ ਵੱਲ ਧਿਆਨ ਦੇਣਾ ਚਾਹੀਦਾ ਹੈ। 2 ਅਰਬ ਅਮਰੀਕੀ ਡਾਲਰ ਦੀ ਕਰਜ਼ੇ ਦੀ ਦੂਜੀ ਖੇਪ ਨਾਲ ਬੰਗਲਾਦੇਸ਼ ਨੂੰ ਜਨਤਕ ਆਵਾਜਾਈ, ਸੜਕਾਂ, ਰੇਲਵੇ, ਜਲਮਾਰਗ, ਬੰਦਰਗਾਹਾਂ, ਸਿੱਖਿਆ, ਆਈ ਸੀ ਈ, ਸਿੱਖਿਆ ਸਿਹਤ ਜਿਹੇ ਖੇਤਰਾਂ ਵਿਚ ਵਿਕਾਸ ਕਰਨ ਵਿਚ ਮਦਦ ਮਿਲੇਗੀ ਅਤੇ ਨਾਲ ਦੀ ਨਾਲ ਭਾਰਤ ਤੋਂ ਸਾਜ਼-ਸਮਾਨ ਦੀ ਬਰਾਮਦ, ਸਕੀਮਾਂ ਅਤੇ ਸੇਵਾਵਾਂ ਦਾ ਵੀ ਯੋਗਦਾਨ ਵਧੇਗਾ। ਦੋਹਾਂ ਦੇਸ਼ਾਂ ਵਿਚਲੇ ਸੰਬੰਧ ਗਿਣਾਤਮਕ ਪੱਖੋਂ ਨਵੇਂ ਗੇੜ ਵਿਚ ਦਾਖਲ ਹੋ ਗਏ ਹਨ ਜਿਸ ਵਿਚ ਸਥਿਰਤਾ ਬਣੇ ਰਹਿਣ ਦੀ ਪੂਰੀ ਗੁੰਜਾਇਸ਼ ਹੈ। ਪ੍ਰਧਾਨ ਮੰਤਰੀ ਮੋਦੀ ਨੇ ਜਲ ਵਸੀਲਿਆਂ ਦੀ ਸਾਂਝ, ਬਿਜਲੀ ਖੇਤਰ (ਸਿਵਲ ਪ੍ਰਮਾਣੂ ਬਿਜਲੀ ਸਮੇਤ) ਪੁਲਾੜ, ਵਪਾਰ ਤੇ ਨਿਵੇਸ਼ ਸੰਬੰਧੀ ਦੁਵੱਲੇ ਅਤੇ ਉਪ-ਖੇਤਰੀ ਮਿਲਵਰਤਨ ਦੇ ਭਵਿੱਖੀ ਏਜੰਡੇ ਤੇ ਦੁਵੱਲੇ ਵਪਾਰ ਅਤੇ ਦੋਹਾਂ ਦੇਸ਼ਾਂ ਦਰਮਿਆਨ ਵਿਸ਼ੇਸ਼ ਆਰਥਿਕ ਖਿੱਤੇ ਦੀ ਬਹਾਲੀ ਦੇ ਰਾਹ ਵਿਚ ਰਹਿੰਦੀਆਂ ਔਕੜਾਂ ਦੂਰ ਕਰਨ ਦੀ ਵੀ ਗੱਲ ਕਹੀ ਗਈ ਹੈ। ਦੌਰੇ ਦੀ ਵਿਸ਼ੇਸ਼ ਪ੍ਰਾਪਤੀ ਬੰਗਲਾਦੇਸ਼ ਦੇ

ਮਨ ਵਿਚ ਭਾਰਤ ਵਲੋਂ ਕੀਤੇ ਵਾਅਦੇ ਪੂਰੇ ਕਰਨ ਦੀ ਸਮਰਥਾ ਵਿਚ ਭਰੋਸਾ ਬੱਝਦਾ ਹੈ।

***ਅਫ਼ਗਾਨਿਸਤਾਨ*** : ਪਿਛਲੇ ਕਈ ਸਾਲਾਂ ਤੋਂ ਅਫ਼ਗਾਨਿਸਤਾਨ ਬੁਰੇ ਸਮਿਆਂ ਵਿਚੋਂ ਗੁਜ਼ਰ ਰਿਹਾ ਹੈ। ਉਸ ਦੇਸ਼ ਦੀ ਮੌਜੂਦਾ ਸਥਿਤੀ ਨੂੰ ਲੈ ਕੇ ਭਾਰਤ ਫਿਕਰਮੰਦ ਹੈ ਕਿਉਂਕਿ ਇਸ ਦੇ ਆਪਣੇ ਸੁਰੱਖਿਆ ਹਿਤ ਵੀ ਉਸ ਨਾਲ ਜੁੜੇ ਹੋਏ ਹਨ। ਨਾਟੋ ਫੌਜਾਂ ਉਥੋਂ ਕੂਚ ਕਰ ਜਾਣ ਵਾਲੀਆਂ ਹਨ। ਅਫ਼ਗਾਨਿਸਤਾਨ ਵਿਚ ਹਾਲੀਆ ਸੱਤਾ ਤਬਾਦਲਾ ਬਹੁਤ ਆਰਾਮ ਨਾਲ ਨਹੀਂ ਹੋਇਆ, ਭਾਰਤ ਤਾਲਿਬਾਨ ਦੀ ਮੁੜ ਵਾਪਸੀ ਦਾ ਕਦੇ ਚਾਹਵਾਨ ਨਹੀਂ ਹੋਵੇਗਾ। ਪਾਕਿਸਤਾਨ ਦੇ ਪਿੱਠੂ ਕਿਸੇ ਨਿਜ਼ਾਮ ਜਾਂ ਕੱਟੜਪੰਥੀਆਂ ਦੇ ਵੀ ਉਹ ਕਦੇ ਹੱਕ ਵਿਚ ਨਹੀਂ ਹੈ। ਪਿਛਲੇ ਸਾਲ ਸਤੰਬਰ ਵਿਚ ਸੱਤਾ ਸੰਭਾਲਦਿਆਂ ਨਵੇਂ ਰਾਸ਼ਟਰਪਤੀ ਮੁਹੰਮਦ ਅਸ਼ਰਫ ਗਨੀ ਨੇ ਇਹ ਦਰਸਾਇਆ ਕਿ ਭਾਰਤ ਉਸ ਦੇਸ਼ ਦੀ ਵਿਦੇਸ਼ੀ ਨੀਤੀ ਦੀਆਂ ਤਰਜੀਹਾਂ ਵਿਚ ਬਹੁਤ ਨਿਮਨ ਹੈ। ਬ੍ਰਤਾਨੀਆ ਅਤੇ ਸਾਊਦੀ ਅਰਬ ਤੋਂ ਛੁੱਟ ਚੀਨ ਅਤੇ ਪਾਕਿਸਤਾਨ ਦਾ ਦੌਰਾ ਕਰਨ ਤੋਂ ਬਾਅਦ ਉਨ੍ਹਾਂ 28-29 ਅਪ੍ਰੈਲ 2015 ਨੂੰ ਭਾਰਤ ਦਾ ਦੌਰਾ ਕੀਤਾ। ਸਵਾਲ ਉੱਠੇ ਕਿ ਕੀ ਭਾਰਤ ਦੀ ਕੀਮਤ 'ਤੇ ਪਾਕਿਸਤਾਨ ਨਾਲ ਨੀਤੀਗਤ ਝੁਕਾਅ ਬਣੇ ਰਹੇ ਹਨ। ਭਾਰਤ ਵਿਚ ਆਪਣੇ ਕਿਆਮ ਦੌਰਾਨ ਪਰ ਅਫ਼ਗਾਨੀ ਰਾਸ਼ਟਰਪਤੀ ਨੇ ਅਜਿਹੇ ਜਾਇਜ਼ਿਆਂ ਨੂੰ ਬਹੁਤੀ ਤੂਲ ਨਹੀਂ ਸੀ ਦਿਤੀ। ਐਨ ਡੀ ਟੀ ਵੀ ਵਲੋਂ ਇਹ ਪੁੱਛੇ ਜਾਣ 'ਤੇ ਕਿ ਕੀ ਹਾਲੀਆ ਵਿਦੇਸ਼ੀ ਦੌਰਾ ਉਸ ਦੇਸ਼ ਦੀਆਂ ਵਿਦੇਸ਼ੀ ਨੀਤੀ ਬਾਰੇ ਤਰਜੀਹਾਂ ਦਰਸਾਉਂਦਾ ਹੈ ਤਾਂ ਅਫ਼ਗਾਨੀ ਰਾਸ਼ਟਰਪਤੀ ਨੇ ਜਵਾਬ ਦਿਤਾ ਸੀ, ''ਦੇਰ ਆਏ, ਦਰੁਸਤ ਆਏ'। 28 ਅਪ੍ਰੈਲ 2015 ਨੂੰ ਦਸਤਖਤ ਕੀਤੇ ਸਾਂਝੇ ਬਿਆਨ ਵਿਚ ਦਰਜ ਸੀ ਕਿ, 'ਇਲਾਕੇ ਵਿਚ ਅਮਨ, ਖ਼ੁਸ਼ਹਾਲੀ ਅਤੇ ਸੁਰੱਖਿਆ ਦੀ ਵੰਡੀ ਨਹੀਂ ਹੋ ਸਕਦੀ ਅਤੇ ਦੋਹਾਂ ਦੇਸ਼ਾਂ ਵਿਚਲੇ ਸਨਮਾਨਪੂਰਨ ਸੰਬੰਧ ਕਿਸੇ ਹੋਰ ਦੇਸ਼ਾਂ ਜਾਂ ਧੜਿਆਂ ਦੀ ਕੀਮਤ 'ਤੇ ਨਹੀਂ ਹਨ।' ਇਸੇ ਬਿਆਨ ਵਿਚ ਅਫ਼ਗਾਨੀ ਰਾਸ਼ਟਰਪਤੀ ਨੇ ਭਾਰਤ ਨਾਲ ਅਫ਼ਗਾਨਿਸਤਾਨ ਦੇ ਸੰਬੰਧਾਂ ਦੀ ਜ਼ਮੀਨੀ ਮਜ਼ਬੂਤੀ ਦੀ ਗੱਲ ਦੁਹਰਾਈ ਅਤੇ ਕਿਹਾ ਕਿ ਭਾਰਤ ਅਫ਼ਗਾਨਿਸਤਾਨ ਦੇ ਵਿਦੇਸ਼ੀ ਨੀਤੀਗਤ ਤਰਜੀਹਾਂ ਦੇ ਪੰਜ ਘੇਰਿਆਂ ਵਿਚੋਂ ਚੌਥੇ ਨੰਬਰ 'ਤੇ ਹੈ। ਇਨ੍ਹਾਂ ਸਭ ਭਰੋਸਿਆਂ ਦੇ ਬਾਵਜੂਦ, ਭਾਰਤ ਨੂੰ ਅਫ਼ਗਾਨਿਸਤਾਨ ਵਿਚ ਅਤੇ ਇਸ ਦੇ ਆਸ-ਪਾਸ ਦੀਆਂ ਘਟਨਾਵਾਂ ਨੂੰ ਧਿਆਨ ਪੂਰਬਕ ਦੇਖ ਕੇ ਚੱਲਣ ਦੀ ਲੋੜ ਹੈ। ਦੁਵੱਲੇ ਵਪਾਰਕ ਪੱਧਰ 'ਤੇ ਭਾਰਤ ਅਫ਼ਗਾਨਿਸਤਾਨ ਨੂੰ 2 ਅਰਬ ਅਮਰੀਕੀ ਡਾਲਰ ਦੇ ਕਰਜ਼ੇ ਦੀ ਵਚਨਬੱਧਤਾ ਦਰ ਸੰਜੀਦਾ ਰਣਨੀਤਕ ਭਾਈਵਾਲੀ ਬਣ ਗਿਆ ਹੈ, ਜੋ ਕਿ ਇਸ ਦੇ ਲੋਕਰਾਜੀ ਅਦਾਰਿਆਂ ਨੂੰ ਮਜ਼ਬੂਤ ਕਰਨ, ਬੁਨਿਆਦੀ ਢਾਂਚੇ ਦੇ ਵਿਕਾਸ, ਅਫ਼ਗਾਨਿਸਤਾਨ ਦੀ ਸਥਿਰਤਾ ਲਈ ਅਫ਼ਗਾਨੀ ਹਥਿਆਰਬੰਦ ਫੌਜ ਦਾ ਸਿਖਲਾਈ ਸਮੇਤ ਸਮਰਥਾ ਉਸਾਰੀ ਦੇ ਕੰਮ ਆਵੇਗਾ।

***ਪਾਕਿਸਤਾਨ :*** 1947 ਤੋਂ ਹੀ ਭਾਰਤ ਤੇ ਪਾਕਿਸਤਾਨ ਦਰਮਿਆਨ ਸੰਬੰਧ ਕਦੇ ਵੀ ਆਮ ਵਰਗੇ ਨਹੀਂ ਰਹੇ। 1948 ਅਤੇ 1965, 1971 ਅਤੇ 1999 (ਕਰਗਿਲ) ਵਿਚ ਦੋਵੇਂ ਦੇਸ਼ ਯੁੱਧ ਦਾ ਸਾਹਮਣਾ ਕਰ ਚੁੱਕੇ ਹਨ। ਭਾਰਤ ਖ਼ਿਲਾਫ਼ ਦਹਿਸ਼ਤਗਰਦੀ ਦੀ ਜੰਗ ਲਗਾਤਾਰ ਜਾਰੀ ਹੈ। ਸੰਬੰਧ ਆਮ ਵਰਗੇ ਕਰਨ ਲਈ ਮਾੜੇ-ਮੋਟੇ ਜਤਨ ਹੋਏ ਹਨ ਪਰ ਉਨ੍ਹਾਂ ਦਾ ਕੋਈ ਬਹੁਤਾ ਉਸਾਰੂ ਨਤੀਜਾ ਨਹੀਂ ਨਿਕਲ ਸਕਿਆ।

ਨਵੀਂ ਸਰਕਾਰ ਵਲੋਂ ਭਾਰਤ ਵਿਚ ਸੱਤਾ ਸੰਭਾਲਣ ਸਮੇਂ ਦੋਹਾਂ ਦੇਸ਼ਾਂ ਵਿਚਲੇ ਸੰਬੰਧ ਵਿਗਾੜ ਦੇ ਸਿਖਰ 'ਤੇ ਸਨ। ਸ਼ੁਰੂਆਤੀ ਝਿਜਕ ਤੋਂ ਬਾਅਦ ਪਾਕਿਸਤਾਨੀ ਪ੍ਰਧਾਨ ਮੰਤਰੀ ਨਵੀਂ ਸਰਕਾਰ ਵਲੋਂ ਸੱਤਾ ਸੰਭਾਲਣ ਦੇ ਸਮਾਗਮ ਮੌਕੇ ਹਾਜ਼ਰ ਹੋਏ ਅਤੇ ਦੋਵੇਂ ਧਿਰਾਂ ਵਿਦੇਸ਼ ਸਕੱਤਰ ਪੱਧਰ 'ਤੇ ਗੱਲਬਾਤ ਮੁੜ ਸ਼ੁਰੂ ਕਰਨ ਲਈ ਸਹਿਮਤ ਵੀ ਹੋਈਆਂ। ਭਾਰਤੀ ਵਿਦੇਸ਼ ਸਕੱਤਰ ਦੇ ਪਿਛਲੇ ਸਾਲ ਅਗਸਤ ਵਿਚ ਪਾਕਿਸਤਾਨ ਦੇ ਦੌਰੇ ਤੋਂ ਪਹਿਲਾਂ ਪਾਕਿਸਤਾਨੀ ਹਾਈ ਕਮਿਸ਼ਨਰ ਵਲੋਂ ਨਵੀਂ ਦਿੱਲੀ ਵਿਚ ਕਸ਼ਮੀਰੀ ਵੱਖਵਾਦੀਆਂ ਨਾਲ ਗੱਲਬਾਤ ਕਾਰਨ ਭਾਰਤ ਨੂੰ ਦੌਰਾ ਰੱਦ ਕਰਨਾ ਪਿਆ। ਭਾਰਤ ਸਰਕਾਰ ਨੇ ਉਦੋਂ ਬਿਆਨ ਜਾਰੀ ਕਰ ਕੇ ਕਿਹਾ, 'ਹੁਰੀਅਤ ਦੇ ਅਖਾਉਤੀ ਨੇਤਾਵਾਂ ਨੂੰ ਪਾਕਿਸਤਾਨੀ ਹਾਈ ਕਮਿਸ਼ਨਰ ਦਾ ਸੱਦਾ ਦੇਣਾ ਪਾਕਿਸਤਾਨ ਦੀ ਦਿਆਨਤਦਾਰੀ ਉਪਰ ਸਵਾਲੀਆ ਨਿਸ਼ਾਨ ਲਾਉਂਦਾ ਹੈ ਅਤੇ ਦਰਸਾਉਂਦਾ ਹੈ ਕਿ ਇਸ ਦੇ ਢਾਹ ਲਾਉਣ ਅਤੇ ਭਾਰਤ ਦੇ ਅੰਦਰੂਨੀ ਮਾਮਲਿਆਂ ਵਿਚ ਦਖ਼ਲ ਅੰਦਾਜ਼ੀ ਦੇ ਰਵੱਈਏ ਵਿਚ ਕੋਈ ਕਮੀ ਨਹੀਂ ਆਈ। ਮੌਜੂਦਾ ਹਾਲਾਤ ਦੇ ਮੱਦੇ ਨਜ਼ਰ ਇਹ ਮਹਿਸੂਸ ਕੀਤਾ ਜਾਂਦਾ ਹੈ ਕਿ ਭਾਰਤੀ ਵਿਦੇਸ਼ ਸਕੱਤਰ ਦੇ ਇਸਲਾਮਾਬਾਦ ਦੌਰੇ ਦਾ ਕੋਈ ਉਸਾਰੂ ਨਤੀਜਾ ਨਹੀਂ ਨਿਕਲੇਗਾ। ਬਾਅਦ ਵਿਚ ਵੀ ਪਿਛਲੇ ਸਾਲ ਸਤੰਬਰ ਵਿਚ ਪਾਕਿਸਤਾਨ ਵਲੋਂ ਸੰਯੁਕਤ ਰਾਸ਼ਟਰ ਮਹਾਂ ਸਭਾ ਵਿਚ ਕਸ਼ਮੀਰ ਦੇ ਮੁੱਦੇ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਫਿਰ ਚੁੱਕਣ ਦੀ ਕੋਸ਼ਿਸ਼ ਕੀਤੀ ਗਈ ਜਿਸ ਨਾਲ ਮਾਹੌਲ ਹੋਰ ਵਿਗੜਿਆ। ਇਥੇ ਇਹ ਦੱਸਣਾ ਵਾਜਬ ਰਹੇਗਾ ਕਿ 1972 ਦੇ ਸ਼ਿਮਲਾ ਸਮਝੌਤੇ ਤਹਿਤ ਪਾਕਿਸਤਾਨ ਨੇ ਕਸ਼ਮੀਰ ਨੂੰ ਦੁਵੱਲਾ ਮੁੱਦਾ ਮੰਨਣ ਦਾ ਇਕਰਾਰ ਕੀਤਾ ਹੋਇਆ ਹੈ।

ਸਰਕਾਰ ਵਲੋਂ 3 ਮਾਰਚ 15 ਨੂੰ ਸਾਰਕ ਯਾਤਰਾ ਦੇ ਹਿੱਸੇ ਵਜੋਂ ਵਿਦੇਸ਼ ਸਕੱਤਰ ਨੂੰ ਪਾਕਿਸਤਾਨ ਭੇਜਣ ਅਤੇ ਮੀਡੀਆ ਦੀਆਂ ਕੁਝ ਖ਼ਬਰਾਂ ਰਾਹੀਂ ਭਾਰਤ ਪਾਕਿਸਤਾਨ ਦਰਮਿਆਨ ਕ੍ਰਿਕੇਟ ਮੈਚ ਮੁੜ ਸ਼ੁਰੂ ਹੋਣ ਦੀਆਂ ਸੰਭਾਵਨਾਵਾਂ ਦਰਮਿਆਨ ਕੁਝ ਆਲੋਚਕਾਂ ਨੇ ਭਾਰਤ ਦੀ ਪਾਕਿਸਤਾਨ ਨੂੰ ਲੈ ਕੇ ਮੌਜੂਦਾ ਨੀਤੀ 'ਤੇ ਸਵਾਲ ਖੜ੍ਹੇ ਕੀਤੇ ਹਨ। ਇਸ ਪ੍ਰਸੰਗ ਵਿਚ ਵਿਦੇਸ਼ ਮੰਤਰੀ ਸ੍ਰੀਮਤੀ ਸੁਸ਼ਮਾ ਸਵਰਾਜ ਵਲੋਂ 31 ਮਈ 2015 ਨੂੰ ਦਿਤਾ ਬਿਆਨ ਧਿਆਨ ਯੋਗ ਹੈ। ਇਸ ਬਿਆਨ ਵਿਚ ਉਨ੍ਹਾਂ ਪਾਕਿਸਤਾਨ ਨੂੰ ਲੈ ਕੇ ਅਸਥਿਰਤਾ ਵਾਲੀ ਨੀਤੀ ਦੀ ਗੱਲ ਰੱਦ ਕੀਤੀ ਤੇ ਕਿਹਾ ਕਿ ਸ਼ੁਰੂ ਤੋਂ ਸਰਕਾਰ ਤਿੰਨ ਨੁਕਤਿਆਂ ਨੂੰ ਆਧਾਰ ਬਣਾ ਕੇ ਗੱਲਬਾਤ ਕਰਨ ਦੀ ਚਾਹਵਾਨ ਹੈ ਜਿਨ੍ਹਾਂ ਤੋਂ ਭਟਕ ਕੇ ਗੱਲਬਾਤ ਨਹੀਂ ਕੀਤੀ ਜਾ ਸਕਦੀ। ਪਹਿਲਾ ਨੁਕਤਾ ਪੁਰਅਮਨ ਢੰਗ ਨਾਲ ਹੀ ਮੁੱਦੇ ਦਾ ਹੱਲ ਕੱਢਣਾ, ਦੂਜਾ - ਤੀਜੀ ਧਿਰ ਦੀ ਕੋਈ ਦਖ਼ਲਅੰਦਾਜ਼ੀ ਨਹੀਂ ਹੋਵੇਗੀ ਅਤੇ ਤੀਜਾ, ਗੱਲਬਾਤ ਪੁਰਅਮਨ ਸਾਜ਼ਗਾਰ ਮਾਹੌਲ ਵਿਚ ਸ਼ਿਮਲਾ ਸਮਝੌਤੇ ਅਤੇ ਲਾਹੌਰ ਐਲਾਨਨਾਮੇ ਤਹਿਤ ਹੋਣਾ ਹਨ।

ਭਵਿੱਖ ਨੂੰ ਲੈ ਕੇ ਅਜੇ ਬੇਯਕੀਨੀ ਬਣੀ ਹੋਈ ਹੈ ਪਰ ਯਾਦ ਰਹੇ ਕਿ ਪਾਕਿਸਤਾਨ ਨਾਲ ਵਿਵਾਦ ਦੀ ਜੜ੍ਹ ਕਸ਼ਮੀਰ ਮੁੱਦਾ ਨਹੀਂ ਹੈ। ਵਿਵਾਦ ਦੀ ਜੜ੍ਹ ਪਾਕਿਸਤਾਨ ਵਿਚ ਤਾਕਤ ਦੇ ਬਹੁ-ਕੇਂਦਰ ਹਨ ਜਿਸ ਵਿਚ ਤਾਕਤਵਰ ਫੌਜ, ਖ਼ੁਫ਼ੀਆ ਏਜੰਸੀ ਆਈ ਐੱਸ ਆਈ, ਕੱਟੜਪੰਥੀ ਤਾਕਤਾਂ ਅਤੇ ਧੜੇ ਅਤੇ ਇਕ ਜਮਹੂਰੀ ਰੂਪ ਵਿਚ ਚੁਣੀ ਹੋਈ ਪਰ ਕਮਜ਼ੋਰ ਸਰਕਾਰ ਹਨ। ਜਦ ਤਕ ਇਨ੍ਹਾਂ ਧਿਰਾਂ ਦਰਮਿਆਨ ਭਾਰਤ ਨਾਲ ਸੰਬੰਧਾਂ ਨੂੰ ਲੈ ਕੇ ਕੋਈ ਆਮ ਰਾਇ ਨਹੀਂ ਬਣਦੀ, ਗੱਲਬਾਤ ਦਾ ਕੋਈ ਉਸਾਰੂ ਨਤੀਜਾ

ਨਿਕਲਣਾ ਮੁਸ਼ਕਿਲ ਹੈ।

***ਸ੍ਰੀਲੰਕਾ*** : 2009 ਵਿਚ ਲਿੱਟੇ ਦੀ ਸਫ਼ਾਈ ਤੋਂ ਬਾਅਦ ਭਾਰਤ ਨੇ ਸ੍ਰੀਲੰਕਾ ਵਲ ਬਹੁ ਪੱਧਰੀ ਨੀਤੀ ਅਖ਼ਤਿਆਰ ਕੀਤੀ। ਇਸ ਨੀਤੀ ਦੇ ਕਈ ਤੱਤ ਸਨ। ਜਿਵੇਂ ਸ੍ਰੀਲੰਕਾ ਸਰਕਾਰ ਉਪਰ ਤਮਿਲਾਂ ਵਲ ਉਸ ਦੀਆਂ ਵਚਨਬੱਧਤਾਵਾਂ ਪੂਰੀਆਂ ਕਰਨ, ਖ਼ਾਸ ਕਰਕੇ ਅਖ਼ਤਿਆਰਾਂ ਦੀ ਸਪੁਰਦਗੀ ਅਤੇ 13ਵੀਂ ਤਰਮੀਮ ਨੂੰ ਸਮਾਂਬਧ ਢੰਗ ਨਾਲ ਲਾਗੂ ਕਰਨ ਲਈ, ਜ਼ੋਰ ਪਾਉਣਾ। 2) ਸ੍ਰੀਲੰਕਾ ਦੇ ਤਮਿਲਾਂ ਨੂੰ ਬਾਰ-ਬਾਰ ਇਹ ਭਰੋਸਾ ਦੁਆਉਣਾ ਕਿ ਇਹ 13ਵੀਂ ਤਰਮੀਮ ਨੂੰ ਪੇਤਲਾ ਨਾ ਕੀਤਾ ਜਾਣ ਅਤੇ ਤਮਿਲ ਸਮੁਦਾਇ ਦੀ ਭਵਿੱਖ ਦੀ ਜ਼ਿੰਦਗੀ ਨੂੰ ਬਰਾਬਰੀ, ਨਿਆਂ ਅਤੇ ਆਤਮ ਸਨਮਾਨ ਵਾਲਾ ਬਣਾਈ ਰੱਖਣ ਲਈ ਪੂਰੀ ਵਾਹ ਲਾਏਗੀ। 3) ਲੰਮੀ ਘਰੇਲੂ ਜੰਗ ਵਿਚ ਬਰਬਾਦ ਹੋਏ ਉੱਤਰੀ ਸ੍ਰੀਲੰਕਾ ਦੀ ਮੁੜ ਉਸਾਰੀ ਲਈ ਨਿਵੇਸ਼ ਕਰਨਾ। 4) ਭਾਰਤ ਵਿਚ ਤਮਿਲ ਲੀਡਰਸ਼ਿਪ ਦੀਆਂ ਜਾਇਜ਼ ਮੰਗਾਂ ਨੂੰ ਅੰਤਰਰਾਸ਼ਟਰੀ ਸੰਬੰਧਾਂ ਦੇ ਮੱਦੇ ਨਜ਼ਰ ਪ੍ਰਵਾਨ ਕਰਨਾ। 5) ਸ੍ਰੀਲੰਕਾ ਵਿਚ ਚੀਨੀ ਦਖ਼ਲ ਦੀ ਨਿਗਰਾਨੀ ਕਰਨਾ ਅਤੇ ਸ੍ਰੀਲੰਕਾ ਦੇ ਚੀਨ ਵੱਲ ਝੁਕਾਅ ਵੱਲ ਧਿਆਨ ਦੇਣਾ। 6) ਮਛੇਰਿਆਂ ਦੇ ਮੁੱਦੇ ਦਾ ਹੱਲ ਕਰਨਾ।

ਮੰਦੇਭਾਗੀਂ ਸ੍ਰੀਲੰਕਾ ਦੇ ਸਾਬਕ ਰਾਸ਼ਟਰਪਤੀ ਮਹਿੰਦਾ ਰਾਜਪਕਸੇ ਨੇ ਭਰੋਸਾ ਦੇਣ ਦੇ ਬਾਵਜੂਦ ਸ੍ਰੀਲੰਕਾ ਦੀ ਤਮਿਲ ਘੱਟ ਗਿਣਤੀਆਂ ਨੂੰ ਤਾਕਤਾਂ ਦੀ ਹਵਾਲਗੀ ਦੇ ਆਪਣੇ ਵਾਅਦੇ ਨੂੰ ਪੂਰਾ ਨਹੀਂ ਕੀਤਾ ਅਤੇ ਨੀਤੀ ਪੱਤਾ ਵੀ ਖੇਡਦੇ ਰਹੇ ਜਿਸ ਕਾਰਨ ਚੀਨ ਰਣਨੀਤਕ ਪੱਖੋਂ ਮਹੱਤਵਪੂਰਨ ਇਲਾਕਾ ਕਬਜ਼ੇ ਵਿਚ ਕਰਨ ਵਿਚ ਸਫਲ ਰਿਹਾ। 2012–13 ਦੌਰਾਨ ਭਾਰਤ ਨੇ ਸੰਯੁਕਤ ਰਾਸ਼ਟਰ ਮਨੁੱਖੀ ਹੱਕਾਂ ਬਾਰੇ ਮਤੇ ਵਿਚ ਲਿੱਟੇ ਖ਼ਿਲਾਫ਼ ਸ੍ਰੀਲੰਕਾ ਫੌਜ ਦੀਆਂ ਵਧੀਕੀਆਂ ਦੇ ਖ਼ਿਲਾਫ਼ ਵੋਟ ਪਾਇਆ ਜਦ ਕਿ 2014 ਵਿਚ ਭਾਰਤ ਨੇ ਮਤ ਦੇ ਹੱਕ ਦੀ ਵਰਤੋਂ ਨਹੀਂ ਸੀ ਕੀਤੀ। ਜਿਸ ਨੂੰ ਕਿ ਸ੍ਰੀਲੰਕਾ ਸਰਕਾਰ ਵਲੋਂ ਚੰਗੀ ਨਜ਼ਰ ਨਾਲ ਨਹੀਂ ਦੇਖਿਆ ਗਿਆ।

ਹੁਣ ਭਾਰਤ ਤੇ ਸ੍ਰੀਲੰਕਾ ਦੋਹਾਂ ਦੀਆਂ ਨਵੀਆਂ ਸਰਕਾਰਾਂ ਸੱਤਾ ਵਿਚ ਹਨ ਅਤੇ ਥੋੜ੍ਹੇ-ਥੋੜ੍ਹੇ ਅਰਸੇ ਦਰਮਿਆਨ 4 ਉੱਚ ਪੱਧਰੀ ਦੌਰੇ ਹੋ ਚੁੱਕੇ ਹਨ ਜਿਸ ਤੋਂ ਦੁਵੱਲੇ ਸੰਬੰਧ ਸੁਧਾਰਨ ਦੀ ਤਾਂਘ ਝਲਕਦੀ ਹੈ। ਉੱਪਰ ਦੱਸੇ ਗਏ ਮੁੱਦਿਆਂ ਦੇ ਹੱਲ ਦੇ ਨਾਲ-ਨਾਲ ਵਪਾਰਕ ਸੰਬੰਧ ਵਧਾਉਣ, ਜਲ ਮਾਰਗ ਸੁਰੱਖਿਆ, ਸਾਗਰ ਆਰਥਿਕਤਾ ਜਿਹੇ ਨੁਕਤੇ ਵੀ ਗੱਲਬਾਤ ਵਿਚ ਸ਼ਾਮਿਲ ਕੀਤੇ ਗਏ ਹਨ। ਦੋਹਾਂ ਧਿਰਾਂ ਵਿਚ ਨਵੀਂ ਸ਼ੁਰੂਆਤ ਕਰਨ ਤੇ ਸੰਬੰਧਾਂ ਨੂੰ ਨਵੇਂ ਪੱਧਰ 'ਤੇ ਲਿਜਾਉਣ ਦੀ ਸਿਆਸੀ ਇੱਛਾ-ਸ਼ਕਤੀ ਨਜ਼ਰ ਆਉਂਦੀ ਹੈ। ਸ੍ਰੀਲੰਕਾ ਦੀ ਨਵੀਂ ਸਰਕਾਰ ਤੋਂ ਭਾਰਤ ਤੇ ਚੀਨ ਨਾਲ ਆਪਣੇ ਸੰਬੰਧਾਂ ਵਿਚ ਸੰਤੁਲਨ ਲਿਆਉਣ ਦੀ ਆਸ ਕੀਤੀ ਜਾਣੀ ਚਾਹੀਦੀ ਹੈ।

***ਨੇਪਾਲ :*** ਕਈ ਵੱਖ-ਵੱਖ ਕਾਰਨਾਂ ਕਰਕੇ ਪਿਛਲੇ ਕੁਝ ਸਾਲਾਂ ਤੋਂ ਭਾਰਤ ਨੇਪਾਲ ਸੰਬੰਧਾਂ ਵਿਚ ਖੜੋਤ ਰਹੀ ਹੈ। ਨੇਪਾਲ ਵਿਚਲੇ ਰਾਸ਼ਟਰਵਾਦੀ ਅਨਸਰ 1950 ਦੀ ਭਾਰਤ-ਨੇਪਾਲ ਅਮਨ ਅਤੇ ਮਿੱਤਰਤਾ ਸੰਧੀ ਦੀ ਸੋਧ ਦੀ ਮੰਗ ਕਰ ਰਹੇ ਹਨ ਜੋ ਕਿ ਦੋਹਾਂ ਦੇਸ਼ਾਂ ਵਿਚਲੇ ਸੰਬੰਧਾਂ ਦੀ ਰੀੜ੍ਹ ਦੀ ਹੱਡੀ ਹੈ। ਇਸ ਸੰਧੀ ਤਹਿਤ ਨੇਪਾਲੀ ਨਾਗਰਿਕਾਂ ਨੂੰ ਭਾਰਤ ਵਿਚ ਲਾਸਾਨੀ ਫ਼ਾਇਦੇ ਅਤੇ ਮੌਕੇ ਉਪਲਬਧ ਹਨ। ਨੇਪਾਲ ਵਿਚਲੇ ਗਲਤ ਅਨਸਰਾਂ ਨੇ ਭਾਰਤ-ਭੂਟਾਨ ਮਾਡਲ ਵਾਲੇ ਭਾਰਤ-ਨੇਪਾਲ ਪਣ-ਬਿਜਲੀ ਕਾਰਪੋਰੇਸ਼ਨ ਨੂੰ ਬੰਦ ਕਰਵਾ ਦਿਤਾ ਜਿਸ ਕਾਰਨ ਨੇਪਾਲ ਨੂੰ ਜਲ ਦੇ ਭਰਪੂਰ ਵਸੀਲੇ ਹੋਣ ਦੇ ਬਾਵਜੂਦ ਬਿਜਲੀ ਬਾਹਰੋਂ ਖਰੀਦਣੀ ਪਈ ਅਤੇ ਭਾਰਤ ਨੂੰ ਸਰਹੱਦਾਂ 'ਤੇ ਹੜ੍ਹਾਂ ਦਾ ਸਾਹਮਣਾ ਕਰਨਾ ਪਿਆ। ਇਸ ਤੋਂ ਛੁੱਟ ਨੇਪਾਲ ਵਲੋਂ ਭਾਰਤ ਵਲੋਂ ਵਾਅਦਾ ਕੀਤੀਆਂ ਸਕੀਮਾਂ ਵਿਚ ਬਹੁਤ ਜ਼ਿਆਦਾ ਦੇਰ ਹੋਣ ਦੀ ਵੀ ਸ਼ਿਕਾਇਤ ਕੀਤੀ ਜਾਂਦੀ ਹੈ। ਨੇਪਾਲ ਪਿਛਲੇ ਇਕ ਦਹਾਕੇ ਤੋਂ ਵੀ ਵੱਧ ਸਮੇਂ ਤੋਂ ਸਿਆਸੀ ਬਦਲਾਅ ਦੇ ਮੁਸ਼ਕਿਲ ਅਮਲ ਵਿਚੋਂ ਨਿਕਲ ਰਿਹਾ ਹੈ।

ਪ੍ਰਧਾਨ ਮੰਤਰੀ ਸ੍ਰੀ ਮੋਦੀ ਦੇ ਪਿਛਲੇ ਸਾਲ ਅਗਸਤ ਵਿਚ ਨੇਪਾਲ ਦੇ ਦੌਰੇ ਨੂੰ ਕਈ ਤਰ੍ਹਾਂ ਨਾਲ ਇਤਿਹਾਸਕ ਕਿਹਾ ਜਾ ਸਕਦਾ ਹੈ। ਪਿਛਲੇ 17 ਸਾਲਾਂ ਦੌਰਾਨ ਕਿਸੇ ਭਾਰਤੀ ਪ੍ਰਧਾਨ ਮੰਤਰੀ ਦਾ ਇਹ ਪਹਿਲਾ ਦੌਰਾ ਸੀ। ਪ੍ਰਧਾਨ ਮੰਤਰੀ ਨੇ ਅਹੁਦਾ ਸੰਭਾਲਣ ਦੇ ਤਿੰਨ ਮਹੀਨਿਆਂ ਦੇ ਅੰਦਰ ਹੀ ਨੇਪਾਲ ਦਾ ਦੌਰਾ ਕੀਤਾ ਜਿਸ ਤੋਂ ਪਹਿਲਾਂ ਭਾਰਤ ਨੇਪਾਲ ਸਾਂਝੇ ਕਮਿਸ਼ਨ ਦੀ ਬੈਠਕ ਹੋਈ। ਪ੍ਰਧਾਨ ਮੰਤਰੀ ਮੋਦੀ ਇਕੋ-ਇਕ ਵਿਦੇਸ਼ੀ ਸ਼ਖ਼ਸੀਅਤ ਹਨ ਜਿਨ੍ਹਾਂ ਨੂੰ ਨੇਪਾਲ ਦੀ ਚੁਣੀ ਹੋਈ ਕੇਂਦਰੀ ਸਭਾ ਅਤੇ ਵਿਧਾਨ ਸਭਾ ਨੂੰ ਸੰਬੋਧਨ ਕਰਨ ਦਾ ਮਾਣ ਦਿਤਾ ਗਿਆ।

ਨੇਪਾਲੀ ਜਨਤਾ ਦੀਆਂ ਭਾਵਨਾਵਾਂ ਦੇ ਪ੍ਰਤਿਕਰਮ ਵਿਚ 1950 ਦੇ ਅਮਨ ਮਿੱਤਰਤਾ ਸਮਝੌਤੇ ਦੇ ਮੁੜ ਜਾਇਜ਼ੇ ਅਤੇ ਸੋਧ ਦੀ ਗੱਲ ਮੰਨੀ ਗਈ ਤਾਂ ਕਿ ਇਸ ਨੂੰ ਸਮੇਂ ਦੇ ਹਾਣ ਦਾ ਕੀਤਾ ਜਾ ਸਕੇ ਅਤੇ ਇਹ ਦੁਵੱਲੇ ਸੰਬੰਧਾਂ ਨੂੰ ਅੱਗੇ ਲਿਜਾਉਣ ਦਾ ਸਾਧਨ ਬਣੇ। ਪ੍ਰਧਾਨ ਮੰਤਰੀ ਸ੍ਰੀ ਮੋਦੀ ਨੇ ਨੇਪਾਲ ਵਿਚ ਕਿਹਾ ਕਿ ਭਾਰਤ ਦੀ ਨੇਪਾਲ ਦੇ ਅੰਦਰੂਨੀ ਮਾਮਲਿਆਂ ਵਿਚ ਦਖ਼ਲ ਦੇਣ ਦੀ ਕੋਈ ਇੱਛਾ ਨਹੀਂ ਹੈ ਅਤੇ ਇਹ ਨੇਪਾਲ ਨਾਲ ਦੁਵੱਲੇ ਤੇ ਉਪ ਖਿੱਤਾਈ ਸੰਬੰਧਾਂ ਵਿਚ ਮਿਲਵਰਤਨ ਪਸੰਦ ਕਰੇਗਾ। ਪੇਸ਼ਾਵਰ ਵਿਕਾਸ ਸਕੀਮ ਅਤੇ ਉਪਰੀ ਕਾਰਨਾਸੀ ਪਣ-ਬਿਜਲੀ ਸਕੀਮ ਲਈ ਸਕੀਮ ਵਿਕਾਸ ਸਮਝੌਤੇ ਵੀ ਕੀਤੇ ਗਏ। ਸਮੁੱਚੇ ਰੂਪ ਵਿਚ ਭਾਰਤ ਨੇਪਾਲ ਸੰਬੰਧਾਂ ਨੂੰ ਨਵਾਂ ਹੁਲਾਰਾ ਮਿਲਿਆ ਹੈ।

ਅੰਤ ਵਿਚ, ਦੱਖਣੀ ਏਸ਼ੀਆ ਦਾ ਊਰਜਾ ਭਰਪੂਰ ਕੂਟਨੀਤਕ ਦੌਰਾ ਕਈ ਤਰ੍ਹਾਂ ਨਾਲ ਲਾਹੇਵੰਦ ਰਿਹਾ ਹੈ। ਇਸ ਨਾਲ ਬੇਭਰੋਸਗੀ ਵਾਲੀ ਸਥਿਤੀ ਬਹੁਤ ਹੱਦ ਤਕ ਘਟੀ ਹੈ। ਭਾਰਤ ਵਲੋਂ ਇਸ ਦੇ ਕੀਤੇ ਵਾਅਦੇ ਪੂਰੇ ਕਰਨ ਦੀ ਸਮਰਥਾ ਵਿਚ ਯਕੀਨ ਬਣਿਆ ਹੈ। ਮੌਜੂਦਾ ਵੰਗਾਰਾਂ ਨੂੰ ਸਾਹਮਣੇ ਰੱਖਿਆ ਗਿਆ ਹੈ ਅਤੇ ਲੰਮੀ ਮਿਆਦ ਲਈ ਕੰਮ ਕਰਨ ਦਾ ਏਜੰਡਾ ਤਿਆਰ ਕੀਤਾ ਗਿਆ ਹੈ। ਵਿਕਾਸ ਅਤੇ ਖ਼ੁਸ਼ਹਾਲੀ ਲਈ ਅਤੇ ਜ਼ਮੀਨੀ ਅਤੇ ਹਵਾਈ ਮਾਰਗਾਂ ਰਾਹੀਂ ਮਾਲੀ ਅਖੰਡਤਾ ਸਮੇਤ ਖਿੱਤੇ ਦੀ ਅਖੰਡਤਾ ਲਈ, ਭਾਵੇਂ ਮਜਬੂਰੀ ਵਿਚ ਹੀ ਸਹੀ, ਪੁਰਅਮਨ ਸਹਿਹੋਂਦ ਦੀ ਫੌਰੀ ਲੋੜ ਦੀ ਗੱਲ ਮਹਿਸੂਸ ਕੀਤੀ ਗਈ ਹੈ। ਇਕ ਗੁੱਝਾ ਸੰਦੇਸ਼ ਵੀ ਦਿਤਾ ਗਿਆ ਹੈ ਕਿ ਜਿਨ੍ਹਾਂ ਸਕੀਮਾਂ ਵਿਚ ਸਾਰੇ ਮੈਂਬਰਾਂ ਵਲੋਂ ਮਿਲਜੁਲ ਕੇ ਕੰਮ ਕਰਨਾ ਮੁਸ਼ਕਿਲ ਹੈ, ਉਥੇ ਦੁਵੱਲੇ ਤੇ ਉਪ-ਇਲਾਕਾਈ ਧੜੇ ਸਰਗਰਮ ਕੀਤੇ ਜਾਣ ਤਾਂ ਕਿ ਵਿਕਾਸ ਜਾਰੀ ਰਹਿ ਸਕੇ। ਇਸ ਵੇਲੇ ਲੋੜ ਹੁਣ ਤਕ ਦੀਆਂ ਪ੍ਰਾਪਤੀਆਂ ਨੂੰ ਠੋਸ ਰੂਪ ਦੇਣ ਅਤੇ ਵਾਅਦਿਆਂ ਅਤੇ ਭਰੋਸਿਆਂ ਦੀ ਪੂਰਤੀ ਲਈ ਸਿਰਤੋੜ ਮਿਹਨਤ ਕਰ ਕੇ ਨਤੀਜੇ ਦਿਖਾਉਣ ਅਤੇ ਹੱਲ ਹੋਣੋ ਰਹਿੰਦੇ ਮੁੱਦਿਆਂ ਨਾਲ ਅਸਰਦਾਰ ਢੰਗ ਨਾਲ ਨਜਿੱਠਣ ਦੀ ਹੈ।

*(ਲੇਖਕ ਆਈ ਐੱਫ ਐੱਸ ਦਾ ਸੇਵਾ ਮੁਕਤ ਅਧਿਕਾਰੀ ਹੈ।)*

*e-mail :achal_malhotra@hotmail.com*

# ਭਾਰਤ-ਅਮਰੀਕਾ ਭਾਈਵਾਲੀ : ਵਿਗਸਦੇ ਰਿਸ਼ਤੇ

ਕੇ.ਸੀ.ਸਿੰਘ

1947 ਵਿਚ ਭਾਰਤ ਦੇ ਆਜ਼ਾਦੀ ਪ੍ਰਾਪਤ ਕਰਨ ਤੋਂ ਲੈ ਕੇ, ਭਾਰਤ ਅਮਰੀਕੀ ਸੰਬੰਧਾਂ ਵਿਚ ਦੋਹਾਂ ਦੇਸ਼ਾਂ ਵਿਚਾਲੇ ਸਾਂਝ ਵਧਾਉਣ ਦੀ ਲਗਾਤਾਰ ਕੋਸ਼ਿਸ਼ ਕੀਤੀ ਜਾ ਰਹੀ ਹੈ। ਦੋਵੇਂ ਲੋਕਤੰਤਰ ਇਕ ਸਮਾਨ ਲੋਕਤੰਤਰਿਕ ਕਦਰਾਂ ਕੀਮਤਾਂ ਦਾ ਦਮ ਭਰਦੇ ਹਨ ਪਰ ਅੰਤਰਰਾਸ਼ਟਰੀ ਪੱਧਰ 'ਤੇ ਅਕਸਰ ਇਨ੍ਹਾਂ ਦੇ ਉਦੇਸ਼ ਅੰਤਰ ਵਿਰੋਧੀ ਹੁੰਦੇ ਹਨ। ਦੋਵਾਂ ਦੇਸ਼ਾਂ ਵਿਚਾਲੇ ਵਾਸਤਵਿਕ ਸੰਵਾਦ ਦਾ ਰਸਤਾ ਸੋਵੀਅਤ ਯੂਨੀਅਨ ਦੇ ਟੁੱਟਣ ਅਤੇ 1989 ਵਿਚ ਤਥਾਕਥਿਤ 'ਸੀਤ ਜੰਗ' ਦੇ ਖਾਤਮੇ ਨਾਲ ਖੁੱਲ੍ਹਿਆ।

ਉਦੋਂ ਤੋਂ ਲੈ ਕੇ ਹਰੇਕ ਪ੍ਰਧਾਨ ਮੰਤਰੀ ਨੇ (ਜਿਸ ਦੀ ਸ਼ੁਰੂਆਤ ਪੀ.ਵੀ. ਨਰਸਿਮ੍ਹਾ ਰਾਓ ਤੋਂ ਹੋਈ) ਇਸ ਪ੍ਰਕਿਰਿਆ ਵਿਚ ਯੋਗਦਾਨ ਪਾਇਆ ਹੈ। ਕੁਝ ਗੰਭੀਰ ਅੜਿੱਕੇ ਵੀ ਸਾਹਮਣੇ ਆਏ, ਮਿਸਾਲ ਦੇ ਲਈ ਮਈ 1998 ਵਿਚ ਵਾਜਪੇਈ ਸਰਕਾਰ ਵਲੋਂ ਪ੍ਰਮਾਣੂ ਧਮਾਕੇ ਕਰਨਾ, ਜਿਸ ਕਰਕੇ ਗਲੇਨ ਸੋਧ ਤਹਿਤ ਅਮਰੀਕਾ ਵਲੋਂ ਭਾਰਤ ਖ਼ਿਲਾਫ਼ ਪਾਬੰਦੀਆਂ ਲਾਈਆਂ ਗਈਆਂ। ਪਰ ਇਕ ਵਾਰ ਜਦੋਂ ਦੋਵਾਂ ਦੇਸ਼ਾਂ ਨੇ ਜਸਵੰਤ ਸਿੰਘ-ਸਟਰੋਬ ਟਾਲਬੋਟ ਗੱਲਬਾਤ ਦੁਆਰਾ ਇਸ ਨਵੀਂ ਰੁਕਾਵਟ ਨੂੰ ਹੱਲ ਕਰ ਲਿਆ ਤਾਂ ਵਿਸ਼ਵ ਪੱਧਰ 'ਤੇ ਭਾਰਤ ਦੀ ਈਮਾਨਦਾਰੀ ਦੀ ਪਛਾਣ ਦਾ ਰਸਤਾ ਖੁੱਲ੍ਹ ਗਿਆ ਅਤੇ ਦੋਵਾਂ ਦੇਸ਼ਾਂ ਦਰਮਿਆਨ ਵਾਸਤਵਿਕ ਸੰਵਾਦ ਵੀ ਸੰਭਵ ਹੋ ਗਿਆ।

ਅਮਰੀਕੀ ਸਰਕਾਰ ਨੇ ਵੀ ਇਹ ਅਹਿਸਾਸ ਕੀਤਾ ਕਿ ਭਾਰਤ ਨੂੰ ਵਿਸ਼ਵ ਦੇ ਪ੍ਰਮਾਣੂ ਅਤੇ ਦੂਜੇ ਤਕਨਾਲੋਜੀ ਨਿਯੰਤ੍ਰਣ ਨਿਜ਼ਾਮਾਂ ਤੋਂ ਵੱਖ ਕਰਕੇ ਨਹੀਂ ਵੇਖਿਆ ਜਾ ਸਕਦਾ ਕਿਉਂਕਿ ਇਹ ਉੱਭਰਦੀ ਹੋਈ ਸ਼ਕਤੀ ਹੈ ਜਿਸ ਨੂੰ ਵਰਤਮਾਨ ਵਿੱਤੀ ਅਤੇ ਸੁਰੱਖਿਆ ਸੰਦਰਭਾਂ, ਵਰਤਮਾਨ ਨਿਜ਼ਾਮਾਂ ਵਿਚ ਤਬਦੀਲੀ ਜਾਂ ਅਦਲਾ-ਬਦਲੀ ਸੰਬੰਧੀ ਨਾਲ ਲੈ ਕੇ ਚਲਣ ਦੀ ਲੋੜ ਹੈ। ਠੰਢੀ ਜੰਗ ਦੇ ਸਮੇਂ ਗੁੱਟ ਨਿਰਲੇਪ ਭਾਰਤ ਨੂੰ ਵੱਧ ਤੋਂ ਵੱਧ ਇਕ ਮਿੱਤਰ ਪਰ ਗ਼ੈਰ-ਭਰੋਸੇਯੋਗ ਭਾਈਵਾਲ ਦੇ ਤੌਰ ਤੇ ਵੇਖਿਆ ਜਾਂਦਾ ਸੀ। ਮਾੜੇ ਤੋਂ ਮਾੜੇ ਹਾਲਾਤ ਵਿਚ, ਜਿਵੇਂ 1971-72 ਵਿਚ ਬੰਗਲਾਦੇਸ਼ ਦੀ ਆਜ਼ਾਦੀ ਅਤੇ ਅਮਰੀਕਾ ਦੀ ਚੀਨ ਵੱਲ ਪਹੁੰਚ ਨੂੰ ਵੇਖਦਿਆਂ ਭਾਰਤ ਨੂੰ ਸੋਵੀਅਤ ਸੰਘ ਦਾ ਅਣਐਲਾਨਿਆ ਸਾਥੀ ਸਮਝਿਆ ਜਾਂਦਾ ਸੀ। ਦੁਨੀਆਂ ਦੇ ਬਦਲਦੇ ਹਾਲਾਤ ਅਤੇ ਭਾਰਤੀ ਆਰਥਿਕਤਾ ਦੀ ਪ੍ਰੌੜ੍ਹਤਾ ਦੇ ਚਲਦਿਆਂ, ਇਕ ਭਾਈਵਾਲ ਦੇ ਤੌਰ ਤੇ ਭਾਰਤ ਦਾ ਆਕਰਸ਼ਣ ਸਵੈ-ਸਪੱਸ਼ਟ ਹੋ ਗਿਆ।

ਕਲਿੰਟਨ ਦੇ ਰਾਸ਼ਟਰਪਤੀ ਕਾਲ ਸਮੇਂ ਅਮਰੀਕਾ ਵਲੋਂ ਰਣਨੀਤਕ ਸਹਿਯੋਗ ਲਈ ਆਰਥਿਕ ਆਦਾਨ-ਪ੍ਰਦਾਨ ਨੂੰ ਪਹਿਲ ਦੇਣ ਪਿੱਛੇ ਭਰਤ ਦਾ ਵਿਸ਼ਾਲ ਆਕਾਰ ਅਤੇ ਭਾਰਤੀ ਬਾਜ਼ਾਰ ਦੀਆਂ ਅਸੀਮ ਸੰਭਾਵਨਾਵਾਂ ਸਨ ਜਿਸ ਨੇ ਭਾਰਤ 'ਤੇ ਧਿਆਨ ਕੇਂਦਰਿਤ ਕਰਨ ਨੂੰ ਮਜਬੂਰ ਕੀਤਾ। ਇਸ ਨੇ ਅਮਰੀਕਾ ਦੇ ਵੱਡੇ ਅਤੇ ਉੱਭਰਦੇ ਬਾਜ਼ਾਰਾਂ ਦੀ ਪਹਿਲਕਦਮੀ ਨੂੰ ਦਿਸ਼ਾ ਦਿਖਾਈ ਜਿਸ ਤੋਂ 'ਰਾਸ਼ਟਰਪਤੀ ਦਾ ਵਪਾਰਕ ਵਿਕਾਸ ਮਿਸ਼ਨ' ਭਾਰਤ ਲਈ ਉਪਜਿਆ ਜਿਸ ਦੀ ਅਗਵਾਈ 1995 ਵਿਚ ਵਣਜ ਸਕੱਤਰ ਰੋਨ ਬ੍ਰਾਊਨ ਵਲੋਂ ਕੀਤੀ ਗਈ। 1999 ਤੋਂ ਭਾਰਤ-ਅਮਰੀਕੀ ਰਿਸ਼ਤਿਆਂ ਦੀ ਰਫ਼ਤਾਰ ਅਤੇ ਵੰਨਗੀ ਬਦਲ ਗਈ। ਸੰਨ 2000 ਵਿਚ ਅਮਰੀਕੀ ਰਾਸ਼ਟਰਪਤੀ ਬਿਲ ਕਲਿੰਟਨ ਦੀ ਭਾਰਤ ਯਾਤਰਾ ਅਤੇ 9/11 ਹਮਲਿਆਂ ਉਪਰੰਤ 2001 ਵਿਚ ਭਾਰਤ ਦੇ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪੇਈ ਵਲੋਂ ਅਮਰੀਕਾ ਦਾ ਦੌਰਾ ਕਰਨ ਨਾਲ, ਅਮਰੀਕਾ ਗ਼ੈਰ-ਸਰਕਾਰੀ ਪਾਤਰਾਂ ਵਲੋਂ ਪੇਸ਼ ਵਿਸ਼ਵ ਚੁਨੌਤੀ ਦੇ ਟਾਕਰੇ ਲਈ ਭਾਰਤ ਨੂੰ ਜ਼ਰੂਰੀ ਸਮਝਣ ਲਈ ਮਜਬੂਰ ਹੋ ਗਿਆ। ਇਸੇ ਤਰ੍ਹਾਂ ਹੀ ਰਾਸ਼ਟਰਪਤੀ ਜਾਰਜ ਬੁਸ਼ ਦੀ ਕੁਦਰਤੀ ਸਮੀਖਿਆ ਵੀ ਵਾਜਬ ਸੀ ਕਿ ਇਕ ਮਜ਼ਬੂਤ ਭਾਰਤ ਚੀਨ ਦੇ ਉਭਾਰ ਨੂੰ ਠੱਲ੍ਹਣ ਲਈ ਏਸ਼ੀਆਈ ਸੁਰੱਖਿਆ ਵਾਤਾਵਰਨ ਵਿਚ ਇਕ ਪ੍ਰਮੁੱਖ ਭਾਗ ਹੋਵੇਗਾ। ਇਹ ਦੋ ਪ੍ਰਮੁੱਖ ਨੀਤੀਗਤ ਘਟਨਾਵਾਂ ਅਮਰੀਕੀ ਨੀਤੀ ਦੀਆਂ ਕਾਰਕ ਬਣ ਗਈਆਂ।

ਭਾਰਤ-ਅਮਰੀਕਾ ਦੇ ਵਿਆਪਕ, ਸਾਂਝੇ ਸੰਚਾਲਨ ਸਮੂਹ ਅਤੇ ਉੱਚ ਪੱਧਰੀ ਵਟਾਂਦਰੇ ਉਦੋਂ ਤੋਂ ਲਗਾਤਾਰ ਵਧ ਰਹੇ ਹਨ। ਮੋਦੀ ਸਰਕਾਰ ਦੀ ਅਮਰੀਕਾ ਨਾਲ ਭਾਗੀਦਾਰੀ ਨੂੰ ਵੀ ਇਸੇ ਪਿੱਠਭੂਮੀ ਵਿਚ ਵੇਖਣਾ ਹੋਵੇਗਾ। ਉਦਾਹਰਣ ਲਈ, ਭਾਰਤ-ਅਮਰੀਕਾ ਸਿਵਲ ਪ੍ਰਮਾਣੂ ਸਮਝੌਤਾ ਸਿਰਫ਼ ਪ੍ਰਮਾਣੂ ਊਰਜਾ ਲਈ ਹੀ ਨਹੀਂ ਸੀ, ਪਰ ਭਾਰਤ ਵਲੋਂ 1974 ਵਿਚ 'ਸ਼ਾਂਤੀ ਪੂਰਨ' ਪ੍ਰਮਾਣੂ ਧਮਾਕੇ ਦੇ ਮੱਦੇ ਨਜ਼ਰ ਅਮਰੀਕਾ ਅਤੇ ਇਸ ਦੇ ਸਹਿਯੋਗੀਆਂ ਵਲੋਂ ਉੱਚ ਤਕਨੀਕ ਤਬਾਦਲੇ 'ਤੇ ਲਾਈਆਂ ਪਾਬੰਦੀਆਂ ਨੂੰ ਲਾਉਣ ਲਈ ਵੀ ਸੀ। ਚਾਰ ਨਿਜ਼ਾਮ : ਪ੍ਰਮਾਣੂ ਪੂਰਤੀ ਸਮੂਹ, ਮਿਜ਼ਾਈਲ ਤਕਨਾਲੋਜੀ ਨਿਯੰਤ੍ਰਣ ਨਿਜ਼ਾਮ, ਵੈਸਨਾਰ ਅਤੇ ਆਸਟ੍ਰੇਲੀਅਨ ਸਮੂਹ – ਇਹ ਸਾਰੇ ਲਗਭਗ ਪੂਰੀ ਦੀ ਪੂਰੀ ਆਧੁਨਿਕ ਅਤੇ ਦੋਹਰੀ ਵਰਤੋਂ ਵਾਲੀਆਂ ਤਕਨਾਲੋਜੀਆਂ ਦੁਨੀਆਂ ਭਰ ਵਿਚ ਕਾਬਜ਼ ਹਨ। ਜੇ ਭਾਰਤ ਨੇ ਵਿਕਸਤ ਦੇਸ਼ਾਂ ਖ਼ਾਸ ਕਰਕੇ ਚੀਨ ਦੇ ਹਮਕਦਮ ਹੋ ਕੇ ਤੁਰਨਾ ਹੈ ਤਾਂ ਅਮਰੀਕਾ ਨੇ ਮਹਿਸੂਸ ਕੀਤਾ ਕਿ ਠੰਢੀ ਜੰਗ ਦੌਰਾਨ ਲਾਈਆਂ ਪਾਬੰਦੀਆਂ ਤੋਂ ਭਾਰਤ ਨੂੰ ਨਿਜ਼ਾਤ ਦੁਆਉਣੀ ਪਵੇਗੀ।

ਪਰ, ਭਾਰਤ-ਅਮਰੀਕੀ ਸੰਬੰਧਾਂ ਵਿਚ ਅਮਰੀਕਾ ਦੀ ਵਿੱਤੀ ਅਤੇ ਬੈਂਕਿੰਗ ਬੇਧਿਆਨੀ ਅਤੇ ਯੂਰੋ ਜ਼ੋਨ ਸੰਕਟ ਕਰਕੇ ਖੜੋਤ ਵੀ ਆਈ। ਭਾਰਤ ਆਪਣੀਆਂ ਸਮੱਸਿਆਵਾਂ ਨਾਲ ਵੀ ਜੂਝ ਰਿਹਾ ਸੀ ਜੋ ਆਰਥਿਕ ਖੇਤਰ ਵਿਚ ਫ਼ੈਸਲਾ ਲੈਣ ਵਿਚ ਆਈਆਂ ਰੁਕਾਵਟਾਂ ਕਰਕੇ ਪੈਦਾ ਹੋਈਆਂ ਸਨ। ਇਸੇ ਸਮੇਂ ਭਾਰਤ ਨੂੰ ਲਗਾਤਾਰ ਵਧ ਰਹੇ ਨਾਂਹ-

ਪੱਖੀ ਵਾਤਾਵਰਨ ਨਾਲ ਵੀ ਦੋ ਚਾਰ ਹੋਣਾ ਪੈ ਰਿਹਾ ਸੀ। ਇਸ ਪ੍ਰਕਾਰ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਆਪਣਾ ਕਾਰਜਕਾਲ ਖੜੋਤ ਦਾ ਸ਼ਿਕਾਰ ਭਾਰਤ-ਅਮਰੀਕੀ ਸੰਬੰਧਾਂ ਦਰਮਿਆਨ ਸ਼ੁਰੂ ਕੀਤਾ ਜਿਸ ਵਿਚ ਅਪਾਰ ਸੰਭਾਵਨਾਵਾਂ ਮੌਜੂਦ ਹਨ। ਦੋਵਾਂ ਦੇਸ਼ਾਂ ਵਿਚਾਲੇ ਵੱਡਾ ਮੁੱਦਾ ਲੋਪ ਹੋ ਗਿਆ ਅਤੇ ਵਿਅਕਤੀਗਤ ਏਜੰਸੀਆਂ/ਵਿਭਾਗ ਆਪਣੇ ਆਪਣੇ ਏਜੰਡੇ ਅੱਗੇ ਵਧਾ ਰਹੇ ਸਨ। ਭਾਰਤ ਨੇ *ਦੋਹਾ ਗੇੜ* ਦੀ ਵਪਾਰਕ ਵਾਰਤਾ ਵਿਚ ਵਪਾਰ ਕਰਨ ਦੀ ਸਹੂਲਤ 'ਤੇ ਸਵਾਲੀਆ ਚਿੰਨ੍ਹ ਲਾ ਦਿਤਾ ਕਿਉਂਕਿ ਅਨਾਜ ਭੰਡਾਰਨ ਨਾਲ ਸੰਬੰਧਿਤ ਇਸ ਦੇ ਤੌਖਲਿਆਂ ਦਾ ਕੋਈ ਹੱਲ ਨਹੀਂ ਸੀ ਕੀਤਾ ਗਿਆ। ਅਮਰੀਕਾ ਭਾਰਤ ਵਲੋਂ ਪ੍ਰਮਾਣੂ ਮੁਆਵਜ਼ੇ ਸੰਬੰਧੀ ਪਾਸ ਕੀਤੇ ਕਾਨੂੰਨ ਤੋਂ ਕਾਫ਼ੀ ਨਿਰਾਸ਼ ਹੋ ਗਿਆ ਕਿਉਂਕਿ ਉਹ ਮਹਿਸੂਸ ਕਰਦਾ ਸੀ ਕਿ ਸਮਾਨ ਦੀ ਪੂਰਤੀ ਕਰਨ ਵਾਲਿਆਂ 'ਤੇ ਲਗਾਈਆਂ ਗਈਆਂ ਸ਼ਰਤਾਂ ਨੂੰ ਪੂਰੀਆਂ ਕਰਨ ਤੋਂ ਪੂਰਤੀਕਾਰ ਅਸਮਰਥ ਹੋਣਗੇ ਜਾਂ ਬਹਾਨੇਬਾਜ਼ੀ ਕਰਨਗੇ। ਅਮਰੀਕੀ ਕਾਂਗਰਸ ਨੇ ਵੀ ਭਾਰਤ ਅੰਦਰ ਤਥਾਕਥਿਤ ਬੌਧਿਕ ਸੰਪਤੀ ਦੇ ਹੱਕਾਂ ਦੀ ਦੁਰਵਰਤੋਂ ਵੱਲ ਧਿਆਨ ਕੇਂਦਰਿਤ ਕਰਨਾ ਸ਼ੁਰੂ ਕਰ ਦਿਤਾ। ਭਾਰਤ ਨੇ ਮਹਿਸੂਸ ਕੀਤਾ ਕਿ ਅਮਰੀਕੀ ਰਾਸ਼ਟਰਪਤੀ ਵਿਰੋਧੀ ਵੀਜ਼ਾ ਨਿਜ਼ਾਮ ਦੀ ਤਗੜੀ ਪੈਰਵੀ ਕਰ ਰਹੇ ਹਨ ਜਿਸ ਨੇ ਭਾਰਤੀ ਸੂਚਨਾ ਤਕਨਾਲੋਜੀ ਕਾਮਿਆਂ ਆਦਿ ਨੂੰ ਪ੍ਰਭਾਵਤ ਕੀਤਾ ਹੈ। ਦੋਵਾਂ ਦੇਸ਼ਾਂ ਦੇ ਨੇਤਾਵਾਂ ਲਈ ਇਹ ਢੁਕਵਾਂ ਸਮਾਂ ਸੀ ਕਿ ਉਹ ਮਿਲ ਬੈਠ ਕੇ ਇਨ੍ਹਾਂ ਅੜਿੱਕਿਆਂ ਨੂੰ ਉਪਰ ਤੋਂ ਹੇਠ ਤਕ ਦਖ਼ਲ ਦੇ ਕੇ ਦੂਰ ਕਰਨ ਜੋ ਅਕਸਰ ਸਿਖਰ ਸੰਮੇਲਨਾਂ ਵਿਚ ਪੈ ਜਾਂਦੇ ਹਨ।

ਸਤੰਬਰ 2014 ਵਿਚ ਪ੍ਰਧਾਨ ਮੰਤਰੀ ਸ੍ਰੀ ਮੋਦੀ ਵਲੋਂ ਅਮਰੀਕਾ ਦੌਰਾ ਕਰਨਾ ਅਤੇ ਮੋੜਵੇਂ ਰੂਪ ਵਿਚ ਰਾਸ਼ਟਰਪਤੀ ਸ੍ਰੀ ਬਰਾਕ ਓਬਾਮਾ ਵਲੋਂ ਜਨਵਰੀ 2015 ਵਿਚ ਭਾਰਤ ਦੌਰਾ ਕਰਨਾ, ਖ਼ਾਸ ਕਰਕੇ ਕਿਸੇ ਅਮਰੀਕੀ ਰਾਸ਼ਟਰਪਤੀ ਵਲੋਂ ਆਪਣੇ ਕਾਰਜਕਾਲ ਦੌਰਾਨ ਦੂਜਾ ਫੇਰਾ ਪਾਉਣਾ ਅਤੇ ਗਣਤੰਤਰ ਦਿਵਸ ਸਮਾਰੋਹ ਸਮੇਂ ਮੁੱਖ ਮਹਿਮਾਨ ਬਣਨ ਨੂੰ ਪ੍ਰਵਾਨਗੀ ਦੇਣਾ, ਇਨ੍ਹਾਂ ਸਾਰੀਆਂ ਗੱਲਾਂ ਨੇ ਆਪਸੀ ਸੰਬੰਧਾਂ ਨੂੰ ਲੋੜੀਂਦਾ ਹੁਲਾਰਾ ਪ੍ਰਦਾਨ ਕੀਤਾ।

ਵਿਸ਼ਵ ਵਪਾਰ ਸੰਗਠਨ ਦਾ ਮੁੱਦਾ ਸੁਲਝਾ ਲਿਆ ਗਿਆ ਕਿਉਂਕਿ ਅਮਰੀਕਾ ਨੇ ਸਹਿਮਤੀ ਪ੍ਰਗਟ ਕੀਤੀ ਕਿ ਅੰਨ ਭੰਡਾਰ ਦਾ ਮੁੱਦਾ ਹੁਣੇ ਹੱਲ ਕੀਤਾ ਜਾਵੇ, ਬਾਅਦ ਵਿਚ ਨਹੀਂ। ਪ੍ਰਮਾਣੂ ਦੇਣਦਾਰੀ ਮੁੱਦੇ ਦੇ ਹੱਲ ਲਈ ਰਾਸ਼ਟਰਪਤੀ ਬਰਾਕ ਓਬਾਮਾ ਦੀ ਭਾਰਤ ਫੇਰੀ ਤਕ ਉਡੀਕ ਕਰਨੀ ਪਈ ਜਦੋਂ ਅਮਰੀਕੀ ਸਰਕਾਰ ਇਸ ਗੱਲ ਲਈ ਰਾਜ਼ੀ ਹੋ ਗਈ ਕਿ ਭਾਰਤ ਅਮਰੀਕੀ ਪੂਰਤੀਕਾਰਾਂ ਸਾਹਮਣੇ ਪ੍ਰਸਤਾਵਿਤ ਹੱਲ ਪੇਸ਼ ਕਰੇ ਤੇ ਵਿਹਾਰਕਤਾ ਸੰਬੰਧੀ ਉਨ੍ਹਾਂ ਦੀ ਤਸੱਲੀ ਕਰਵਾ ਦੇਵੇ। ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਅਮਰੀਕਾ ਫੇਰੀ ਅਤੇ ਰਾਸ਼ਟਰਪਤੀ ਬਰਾਕ ਓਬਾਮਾ ਦੀ ਭਾਰਤ ਫੇਰੀ ਤੋਂ ਬਾਅਦ ਜਾਰੀ ਕੀਤੇ ਸਾਂਝੇ ਬਿਆਨਾਂ ਦੀ ਤੁਲਨਾ ਕਰਨ 'ਤੇ ਇਹ ਗੱਲ ਸਾਫ਼ ਹੋ ਜਾਂਦੀ ਹੈ ਕਿ ਆਪਸੀ ਭਰੋਸਾ ਅਤੇ ਸਹਿਯੋਗ ਦਾ ਦਾਇਰਾ ਪਹਿਲਾਂ ਨਾਲੋਂ ਵਧਿਆ ਹੈ।

ਪਿਛਲੇ ਇਕ ਸਾਲ ਦੌਰਾਨ, ਭਾਰਤ-ਅਮਰੀਕੀ ਸੰਬੰਧਾਂ ਨੂੰ ਪ੍ਰਧਾਨ ਮੰਤਰੀ ਮੋਦੀ ਵਲੋਂ ਰਾਸ਼ਟਰਪਤੀ ਬਰਾਕ ਓਬਾਮਾ ਨਾਲ ਸੰਬੰਧਾਂ ਦੀ ਊਰਜਾ ਅਤੇ ਨਿੱਜੀ ਦਿਲਚਸਪੀ ਕਰਕੇ ਹੁਲਾਰਾ ਮਿਲਿਆ ਹੈ। ਸਤੰਬਰ 2014 ਵਿਚ ਵਾਸ਼ਿੰਗਟਨ ਵਿਚ ਹੋਈ ਆਪਸੀ ਗੱਲਬਾਤ ਦੌਰਾਨ ਸਾਰੇ ਮੁੱਦਿਆਂ 'ਤੇ ਗੱਲਬਾਤ ਹੋਈ ਅਤੇ ਇਨ੍ਹਾਂ ਨੂੰ ਸਾਂਝੇ ਐਲਾਨਨਾਮੇ ਵਿਚ ਸ਼ਾਮਿਲ ਕੀਤਾ ਗਿਆ। ਵਪਾਰ ਦੇ ਮਾਮਲੇ ਵਿਚ, ਵਸਤਾਂ ਅਤੇ ਸੇਵਾਵਾਂ ਦੇ ਵਰਤਮਾਨ 100 ਬਿਲੀਅਨ ਦੇ ਦੁਵੱਲੇ ਵਪਾਰ ਨੂੰ ਪੰਜ ਗੁਣਾ ਕਰਨ ਅਤੇ ਬੁਨਿਆਦੀ ਢਾਂਚਾ ਵਿਕਸਤ ਕਰਨ ਦੇ ਪਲੇਟਫਾਰਮ ਦੀ ਸਿਫ਼ਾਰਸ਼ ਕੀਤੀ ਗਈ। ਇਕ ਉੱਚ ਪੱਧਰੀ ਬੌਧਿਕ ਸੰਪਤੀ ਸਮੂਹ ਦੀ ਸਥਾਪਨਾ ਕੀਤੀ ਗਈ ਜੋ ਇਸ ਖੇਤਰ ਵਿਚ ਅਗਲੇਰੇ ਕਦਮ ਚੁੱਕਣ ਲਈ ਵਿਚਾਰ ਵਟਾਂਦਰਾ ਕਰੇਗਾ। ਭਾਵੇਂ ਕਿ ਥੋੜ੍ਹੀ ਮਿਆਦ ਦੇ ਪੇਸ਼ਾਵਰਾਂ ਲਈ ਐੱਚ ਵੀਜ਼ੇ ਸੰਬੰਧੀ ਕੋਈ ਵਾਅਦਾ ਨਹੀਂ ਕੀਤਾ ਗਿਆ, ਪਰ ਸੂਚਨਾ ਤਕਨਾਲੋਜੀ ਦੇ ਯੋਗਦਾਨ ਨੂੰ ਮੰਨਿਆ ਗਿਆ। ਨਿਰਮਾਣ ਵਿਚ ਨਵੀਨਤਮ ਖੋਜਾਂ ਅਤੇ ਹੁਨਰ ਵਿਕਾਸ ਵਿਚ ਨਵੀਂ ਭਾਈਵਾਲੀ ਲਈ ਆਪਸੀ ਵਾਰਤਾ ਦਾ ਪ੍ਰਸਤਾਵ ਪੇਸ਼ ਕੀਤਾ ਗਿਆ।

ਊਰਜਾ ਅਤੇ ਜਲਵਾਯੂ ਪਰਿਵਰਤਨ ਨੂੰ ਇਕ ਪੱਲੜੇ ਵਿਚ ਰੱਖਿਆ ਗਿਆ ਜਿਸ ਨਾਲ ਮੌਸਮ ਪਰਿਵਰਤਨ ਦੇ ਹੱਲ ਲਈ ਸਵੱਛ ਅਤੇ ਨਵਿਆਉਣ ਯੋਗ ਊਰਜਾ ਅਤੇ ਪ੍ਰਮਾਣੂ ਊਰਜਾ ਦੇ ਸੰਬੰਧ ਨੂੰ ਉਜਾਗਰ ਕੀਤਾ ਗਿਆ। ਇਸ ਖੇਤਰ ਵਿਚ 'ਆਧੁਨਿਕ ਸਵੱਛ ਊਰਜਾ ਲਈ ਭਾਈਵਾਲੀ' (ਪੀ ਏ ਸੀ ਈ) ਤਹਿਤ ਰਣਨੀਤਕ ਭਾਗੀਦਾਰੀ ਨੂੰ ਵੀ ਨੋਟ ਕੀਤਾ ਗਿਆ। ਸੰਯੁਕਤ ਰਾਸ਼ਟਰ ਵਲੋਂ ਜਲਵਾਯੂ ਪਰਿਵਰਤਨ ਬਾਰੇ ਕਰਵਾਏ ਸੰਮੇਲਨ ਦੇ ਢਾਂਚੇ ਤਹਿਤ ਪੈਰਿਸ 2015 ਕਾਨਫਰੰਸ ਦੇ ਸਫਲ ਨਤੀਜਿਆਂ ਲਈ ਵਚਨਬਧਤਾ ਵੀ ਕੀਤੀ ਗਈ ਜਿਸ ਵਿਚ ਕਾਰਬਨ ਨਿਕਾਸ ਬਾਰੇ ਕਿਓਟੋ ਤੋਂ ਬਾਅਦ ਦਾ ਖ਼ਾਕਾ ਤਿਆਰ ਕੀਤਾ ਜਾਵੇਗਾ। ਭਾਰਤ ਦੇ ਘੱਟ ਕਾਰਬਨ ਨਿਕਾਸ ਆਰਥਿਕਤਾ ਬਣਨ ਵਾਸਤੇ ਅਮਰੀਕਾ ਵਲੋਂ ਇਕ ਬਿਲੀਅਨ ਡਾਲਰ ਦੀ ਐਗਜ਼ਿਮ ਬੈਂਕ ਸਹੂਲਤ ਦਾ ਵਾਅਦਾ ਕੀਤਾ ਗਿਆ ਹੈ।

ਰੱਖਿਆ ਸਹਿਯੋਗ ਬਾਰੇ ਵਰਤਮਾਨ ਸਮਝੌਤੇ ਨੂੰ ਨਵਿਆਉਣ, ਰੱਖਿਆ ਤਕਨਾਲੋਜੀਆਂ ਦੀ ਤਬਦੀਲੀ ਨੂੰ ਉਤਸ਼ਾਹਿਤ ਕਰਨ ਅਤੇ ਮਾਲਬਾਰ ਜਲਸੈਨਾ ਮਸ਼ਕਾਂ ਦਾ ਪੱਧਰ ਉੱਚਾ ਚੁੱਕਣ ਲਈ ਰੱਖਿਆ ਅਤੇ ਅੰਦਰੂਨੀ ਸੁਰੱਖਿਆ ਬਾਰੇ ਵਿਆਪਕ ਵਿਚਾਰ ਵਟਾਂਦਰਾ ਹੋਇਆ।

ਅਤਿਵਾਦ ਦਾ ਮੁਕਾਬਲਾ ਕਰਨ ਲਈ ਦੋਵਾਂ ਦੇਸ਼ਾਂ ਨੇ ਸਾਂਝੀਆਂ ਅਤੇ ਨਿਰੰਤਰ ਕੋਸ਼ਿਸ਼ਾਂ ਨਾਲ ਇਸ ਬੁਰਾਈ ਨਾਲ ਲੜਨ ਦਾ ਅਹਿਦ ਲਿਆ, ਜਿਸ ਵਿਚ ਅਤਿਵਾਦੀਆਂ ਅਤੇ ਜ਼ਰਾਇਮ ਪੇਸ਼ਾ ਨੈੱਟਵਰਕ ਦੀਆਂ ਸੁਰੱਖਿਅਤ ਪਨਾਹਗਾਹਾਂ ਨੂੰ ਖਤਮ ਕਰਨਾ ਸ਼ਾਮਿਲ ਹੈ। ਪਾਕਿਸਤਾਨ ਦੀ ਧਰਤੀ ਤੋਂ ਇਨ੍ਹਾਂ ਸਰਗਰਮੀਆਂ ਵਿਚ ਸ਼ਾਮਿਲ ਸਾਰੇ ਸਮੂਹਾਂ ਦਾ ਜ਼ਿਕਰ ਕੀਤਾ ਗਿਆ ਜਿਨ੍ਹਾਂ ਵਿਚ ਭਾਰਤ ਵਿਸ਼ੇਸ਼ ਤੌਰ ਤੇ ਜਿਵੇਂ ਲਸ਼ਕਰ-ਏ-ਤੈਇਬਾ ਜਾਂ ਡੀ-ਕੰਪਨੀ ਸ਼ਾਮਿਲ ਹਨ। 26/11 ਦੇ ਮੁੰਬਈ ਹਮਲੇ ਦੇ ਦੋਸ਼ੀਆਂ ਨੂੰ ਜਲਦ ਤੋਂ ਜਲਦ ਪਾਕਿਸਤਾਨ ਵਲੋਂ ਸਜ਼ਾ ਦੁਆਉਣ ਬਾਰੇ ਵੀ ਗੌਰ ਕੀਤਾ ਗਿਆ। ਪਾਕਿਸਤਾਨ ਵਿਸ਼ੇਸ਼ ਅਜਿਹੀ ਭਾਸ਼ਾ ਤੇ ਸਾਂਝੀਆਂ ਕੋਸ਼ਿਸ਼ਾਂ ਦਾ ਇਸ਼ਾਰਾ ਪਾਕਿਸਤਾਨ ਨੂੰ ਢੁਕਵਾਂ ਸੁਨੇਹਾ ਦਿੰਦੇ ਹਨ।

"ਉੱਚ ਤਕਨੀਕ ਪੁਲਾੜ ਅਤੇ ਸਿਹਤ ਸਹਿਯੋਗ" ਖੰਡ ਵਿਚ ਉਨ੍ਹਾਂ ਖੇਤਰਾਂ ਬਾਰੇ ਗੱਲ ਕੀਤੀ ਗਈ ਜੋ ਭਾਰਤ ਨੂੰ 21ਵੀਂ ਸਦੀ ਦੇ ਪੱਧਰ ਦੀ ਨਿਰਮਾਣ ਆਧੁਨਿਕਤਾ ਵੱਲ ਤੇਜ਼ੀ ਨਾਲ ਲਿਜਾ ਸਕਦੇ ਹਨ। ਭਾਵੇਂ ਕਿ ਊਰਜਾ ਕੀਮਤਾਂ ਵਿਚ ਕਮੀ ਹੋਣ ਨਾਲ ਨਿਰਮਾਣ ਰਾਹੀਂ ਬਹੁਤ ਸਾਰੇ ਖੇਤਰਾਂ ਵਿਚ ਨੌਕਰੀਆਂ ਵਾਪਸ ਅਮਰੀਕਾ

ਵਿਚ ਜਾ ਰਹੀਆਂ ਹਨ, ਪਰ ਅਜਿਹੇ ਖੇਤਰ ਵੀ ਹਨ ਜਿਥੇ ਮੋਦੀ ਸਰਕਾਰ ਦਾ 'ਮੇਕ ਇਨ ਇੰਡੀਆ' ਨਾਅਰਾ ਚੋਣਵੇਂ ਖੇਤਰਾਂ ਵਿਚ ਸਾਂਝ ਭਿਆਲੀ ਆਕਰਸ਼ਤ ਕਰ ਸਕਦਾ ਹੈ। ਪ੍ਰਧਾਨ ਮੰਤਰੀ ਮੋਦੀ ਦੇ ਬਹੁਤ ਸਾਰੇ ਉਪਰਾਲਿਆਂ ਵਿਚ 'ਗਿਆਨ (ਜੀ ਆਈ ਏ ਐੱਨ) ਨਾਮ ਦੀ ਨਵੀਂ ਪਹਿਲਕਦਮੀ ਨੂੰ ਵੀ ਜੋੜ ਦਿਤਾ ਗਿਆ ਹੈ (ਅਕਾਦਮਿਕ ਨੈੱਟਵਰਕ ਲਈ ਵਿਸ਼ਵ ਪਹਿਲਕਦਮੀ) ਜਿਸ ਵਿਚ ਹਰੇਕ ਵਰ੍ਹੇ 1000 ਅਮਰੀਕੀ ਸਿੱਖਿਆ ਸ਼ਾਸ਼ਤਰੀਆਂ ਦੇ ਭਾਰਤ ਆ ਕੇ ਪੜ੍ਹਾਉਣ ਦਾ ਸੁਪਨਾ ਲਿਆ ਗਿਆ ਹੈ। ਇਹ ਵੇਖਦਿਆਂ ਕੋਈ ਵੀ ਭਾਰਤੀ ਵਿਸ਼ਵਵਿਦਿਆਲਾ ਏਸ਼ੀਆ ਦੇ ਉੱਚ ਦਰਜੇ ਵਿਚ ਵੀ ਸ਼ਾਮਿਲ ਨਹੀਂ ਹੈ, ਉੱਚ ਸਿੱਖਿਆ ਸੰਸਥਾਨਾਂ ਵਿਚ ਸੁਧਾਰ ਕਰਨ ਦਾ ਇਹ ਸਭ ਤੋਂ ਵਧੀਆ ਅਤੇ ਤੇਜ਼ ਰਫ਼ਤਾਰ ਤਰੀਕਾ ਹੈ।

ਸਿਹਤ ਖੇਤਰ ਵਿਚ ਨਵੀਆਂ ਅਤੇ ਪੁਰਾਣੀਆਂ ਮਹਾਂਮਾਰੀਆਂ ਨਾਲ ਲੜਨ ਅਤੇ ਦਵਾਈਆਂ ਬਣਾਉਣ ਦਾ ਇਸ਼ਾਰਾ ਕੀਤਾ ਗਿਆ ਹੈ। ਬੇਸ਼ੱਕ, ਭਾਰਤ ਨੂੰ ਸੈਕੰਡਰੀ ਪੱਧਰ 'ਤੇ ਆਮ ਆਦਮੀ ਲਈ ਚੰਗੀ ਸਿਹਤ ਸੰਭਾਲ ਦਾ ਪਾੜਾ ਖੁਦ ਪੂਰਨਾ ਪਵੇਗਾ। ਨਿੱਜੀ ਖੇਤਰ ਵਿਚ ਵਿਸ਼ਵ ਪੱਧਰੀ ਹਸਪਤਾਲ ਭਾਰਤ ਵਿਚ ਬਣਾ ਰਹੇ ਹਨ – ਘੱਟ ਅਮੀਰਾਂ ਵਿਚੋਂ ਬਹੁਤ ਹੀ ਮਾੜੀ ਸਿਹਤ ਸੰਭਾਲ ਵਾਲਿਆਂ ਵਿਚੋਂ।

ਰਣਨੀਤਕ ਪੱਧਰ 'ਤੇ ਇਹ ਐਲਾਨਨਾਮਾ ਮੋਦੀ ਦੇ ਪੂਰਬ ਵੱਲ ਦੇਖੋ ਅਤੇ ਓਬਾਮਾ ਦੇ ਏਸ਼ੀਆ ਨੂੰ ਪੁਨਰ ਸੰਤੁਲਿਤ ਕਰਨ ਵਿਚਕਾਰ ਤਵਾਜ਼ਨ ਪੈਦਾ ਕਰਨ ਦੀ ਕੋਸ਼ਿਸ਼ ਕਰਦਾ ਹੈ। ਕੇਂਦਰੀ, ਦੱਖਣੀ ਅਤੇ ਪੂਰਬੀ ਏਸ਼ੀਆ ਵਿਚਾਲੇ ਸੰਪਰਕ ਬਾਰੇ ਭਾਰਤ-ਅਮਰੀਕੀ ਦ੍ਰਿਸ਼ਟੀਕੋਨ ਚੀਨ ਦੇ ਵਨ ਬੈਲਟ ਵਨ ਰੋਡ, ਹੱਬ ਅਤੇ ਸਪੋਕ ਧਾਰਨਾ ਦਾ ਉੱਤਰ ਹੈ। ਖੇਤਰੀ ਸ਼ਾਂਤੀ ਅਤੇ ਸੁਰੱਖਿਆ, ਚੀਨ ਨੂੰ ਦਿਮਾਗ ਵਿਚ ਰੱਖਦਿਆਂ, ਏਸ਼ੀਆ-ਪੈਸਫਿਕ ਵਾਸਤੇ ਸਿਫਾਰਸ਼ ਕੀਤੀ ਗਈ, ਨਾਲ ਹੀ ਜਹਾਜ਼ਰਾਨੀ ਦੀ ਆਜ਼ਾਦੀ 'ਤੇ ਵੀ ਜ਼ੋਰ ਦਿਤਾ ਗਿਆ, ਖ਼ਾਸ ਕਰਕੇ ਸਾਊਥ ਚਾਈਨਾ ਸਮੁੰਦਰ ਵਿਚ। ਰਾਸ਼ਟਰਪਤੀ ਬਰਾਕ ਓਬਾਮਾ ਦੇ ਜਨਵਰੀ 2015 ਵਿਚ ਦਿੱਲੀ ਦੌਰੇ ਸਮੇਂ ਤਿੰਨ ਦਸਤਾਵੇਜ਼ ਸਾਂਝੇ ਤੋਰ ਤੇ ਜਾਰੀ ਕੀਤੇ ਗਏ। ਉਹ 2014 ਦੇ ਦਸਤਾਵੇਜ਼ ਵਿਚਲੇ ਵਿਸ਼ਿਆਂ ਨੂੰ ਹੋਰ ਫੈਲਾਉਂਦੇ ਹਨ ਪਰ ਰਣਨੀਤਕ ਧਾਰਨਾਵਾਂ ਨੂੰ ਇਕਸਾਰ ਕਰਨ ਦੀ ਜ਼ਿਆਦਾ ਕੋਸ਼ਿਸ਼ ਕਰਦੇ ਹਨ। ਇਹ ਇਕ ਅਜੀਬ ਜਿਹਾ ਦਸਤਾਵੇਜ਼ ਹੈ ਜਿਸ ਨੂੰ 'ਮਿੱਤਰਤਾ ਦਾ ਦਸਤਾਵੇਜ਼' ਆਖਿਆ ਗਿਆ ਹੈ। ਇਹ ਆਉਣ ਵਾਲੇ ਸਾਲਾਂ ਵਿਚ ਅੰਤਰਰਾਸ਼ਟਰੀ ਸੁਰੱਖਿਆ, ਖੇਤਰੀ ਅਤੇ ਵਿਸ਼ਵ ਸ਼ਾਂਤੀ ਅਤੇ ਖ਼ੁਸ਼ਹਾਲੀ ਅਤੇ ਸਥਿਰਤਾ ਬਣਾਉਣ ਲਈ ਰਣਨੀਤਕ ਦ੍ਰਿਸ਼ਟੀ ਦੇ ਮਿਲਾਨ ਦੀ ਗੱਲ ਕਰਦਾ ਹੈ। ਇਹ ਬਹੁਤ ਉੱਚੇ ਟੀਚੇ ਹਨ ਜਿਸ ਵਿਚ ਔਖੀਆਂ ਜ਼ਿੰਮੇਵਾਰੀਆਂ ਸ਼ਾਮਿਲ ਹਨ ਕਿਉਂਕਿ ਭਾਰਤ ਭੂਤਕਾਲ ਵਿਚ ਅਜਿਹੀ ਭੂਮਿਕਾ ਨਿਭਾਉਣ ਪ੍ਰਤਿ ਸਾਵਧਾਨ ਹੀ ਰਿਹਾ ਹੈ। ਇਹ ਐਲਾਨਨਾਮਾ ਅੱਗੇ ਲੋਕਤੰਤਰ, ਬੁਨਿਆਦੀ ਹੱਕਾਂ ਆਦਿ ਦੀਆਂ ਸਾਂਝੀਆਂ ਕਦਰਾਂ-ਕੀਮਤਾਂ ਦਾ ਖ਼ਾਕਾ ਉਲੀਕਦਾ ਹੈ। ਇਹ ਜਲਵਾਯੂ ਪਰਿਵਰਤਨ ਅਤੇ ਸਥਾਈ ਵਿਕਾਸ ਨਾਲ ਨਜਿੱਠਣ ਲਈ ਫ਼ਰਜ਼ਾਂ ਦੀ ਨਿਸ਼ਾਨਦੇਹੀ ਕਰਦਾ ਹੈ, ਦੋਵਾਂ ਨੂੰ ਨਿਯਮ ਆਧਾਰਿਤ ਅਤੇ ਪਾਰਦਰਸ਼ੀ ਬਾਜ਼ਾਰਾਂ ਲਈ ਵਚਨਬੱਧ ਕਰਦਾ ਹੈ। ਇਹ ਵਰਤਮਾਨ ਰਣਨੀਤਕ ਗੱਲਬਾਤ ਨੂੰ ਰਣਨੀਤਕ ਅਤੇ ਵਪਾਰਕ ਵਿਚ ਤਬਦੀਲ ਕਰਦਾ ਹੈ, ਦੋਵਾਂ ਦੇਸ਼ਾਂ ਦੇ ਮੁਖੀਆਂ ਅਤੇ ਰਾਸ਼ਟਰੀ ਸੁਰੱਖਿਆ ਸਲਾਹਕਾਰਾਂ ਦਰਮਿਆਨ ਹਾਟਲਾਈਨ ਸਥਾਪਤ ਕਰਨ ਲਈ ਆਖਦਾ ਹੈ। ਇਕ ਦੂਜੇ ਦਸਤਾਵੇਜ਼ ਵਿਚ ਏਸ਼ੀਆ ਪੈਸਫਿਕ ਲਈ ਇਕ ਸਾਂਝੀ ਰਣਨੀਤਕ ਦ੍ਰਿਸ਼ਟੀ ਦਾ ਖ਼ਾਕਾ ਤਿਆਰ ਕੀਤਾ ਗਿਆ ਹੈ। ਧਿਆਨ ਦਾ ਕੇਂਦਰ ਫਿਰ ਭਾਰਤ ਅਤੇ ਅਮਰੀਕਾ ਹਨ ਜੋ ਇਕ ਲੋਕਤੰਤਰ ਦੇ ਤੌਰ ਤੇ ਨਿਯਮ ਆਧਾਰਿਤ ਸ਼ਾਂਤੀ ਸਾਰੇ ਖਿੱਤੇ ਵਿਚ ਯਕੀਨੀ ਬਣਾਉਣ ਲਈ ਕੰਮ ਕਰ ਰਹੇ ਹਨ। ਦੋਨਾਂ ਦਸਤਾਵੇਜ਼ਾਂ ਵਿਚ ਚੀਨ ਦੀ ਵਧਦੀ ਹੋਈ ਮੌਜੂਦਗੀ ਅਤੇ ਦਬਦਬਾ ਅਣਕਿਹਾ ਪੱਖ ਹੈ। ਭਾਵੇਂ ਕਿ ਭਾਰਤ ਨੇ ਸਿੰਗਾਪੁਰ ਵਿਚ ਸ਼ੰਗਰੀਲਾ ਵਾਰਤਾਲਾਪ ਲਈ ਆਪਣੇ ਰੱਖਿਆ ਮੰਤਰੀ ਨੂੰ ਭੇਜਣ ਤੋਂ ਕੰਨੀ ਕਤਰਾਉਣ ਲਈ, ਇਨ੍ਹਾਂ ਦਸਤਾਵੇਜ਼ਾਂ ਵਿਚ ਅਮਰੀਕਾ ਨਾਲ ਮਿਲਵਰਤਨ ਸਪੱਸ਼ਟ ਹੈ। ਇਸ ਨਾਲ ਭਾਰਤ ਛੇ ਦਹਾਕੇ ਪੁਰਾਣੇ ਗੁੱਟ ਨਿਰਲੇਪ ਸ਼ਿਕੰਜੇ ਵਿਚੋਂ ਬਾਹਰ ਆਉਂਦਾ ਲਗਦਾ ਹੈ ਜਿਸ ਨੂੰ ਕਈਆਂ ਨੇ 'ਬਹੁ-ਨਿਰਲੇਪਤਾ' ਵੀ ਆਖਿਆ ਹੈ।

ਰੱਖਿਆ ਖੇਤਰ ਵਿਚ ਪੈਰਵੀ ਬਹੁਤ ਜਲਦੀ ਹੋ ਰਹੀ ਹੈ। ਅਮਰੀਕਾ ਦੇ ਰੱਖਿਆ ਸਕੱਤਰ ਐਸ਼ਟਨ ਕਾਰਟਰ 2-3 ਜੂਨ, 2015 ਨੂੰ ਭਾਰਤ ਆਏ। ਨਵੇਂ 10 ਸਾਲਾ ਰੱਖਿਆ ਢਾਂਚਾ ਸਮਝੌਤੇ ਦਾ ਅਰਥ ਅਮਰੀਕੀ ਤਕਨੀਕ ਦਾ ਭਾਰਤ ਦੀ 'ਮੇਕ ਇਨ ਇੰਡੀਆ' ਨਾਲ ਮਿਲਾਪ ਹੈ। ਹਵਾਈ ਜਹਾਜ਼ ਕੈਰੀਅਰ ਦੀ ਰੂਪ-ਰੇਖਾ ਅਤੇ ਜੈੱਟ ਇੰਜਨ ਕਾਫ਼ੀ ਸਾਰੇ ਖੇਤਰਾਂ ਵਿਚੋਂ ਦੋ ਖੇਤਰ ਹਨ ਜਿਨ੍ਹਾਂ ਬਾਰੇ ਚਰਚਾ ਚੱਲ ਰਹੀ ਹੈ। ਜਹਾਜ਼ ਨੂੰ ਸਮੁੰਦਰੀ ਬੇੜੇ ਤੋਂ ਉਡਾਣ ਭਰਨ ਵਾਲੀ ਤਕਨਾਲੋਜੀ ਜੋ ਸਿਰਫ਼ ਅਮਰੀਕਾ ਕੋਲ ਹੈ, ਡੈਕ ਤੋਂ ਜ਼ਿਆਦਾ ਸਾਜ਼ੋ-ਸਮਾਨ ਲੈ ਕੇ ਉਡਣ ਵਿਚ ਮਦਦਗਾਰ ਸਾਬਤ ਹੋ ਸਕਦੀ ਹੈ ਜਿਸ ਵਿਚ ਟੋਹੀ ਜਹਾਜ਼ ਵੀ ਸ਼ਾਮਿਲ ਹਨ।

ਅਜਿਹੇ ਵੱਡੀ-ਪੱਧਰ ਦੇ ਖੇਤਰਾਂ ਵਿਚ ਅਮਰੀਕਾ ਨਾਲ ਨੇੜਲੇ ਸਹਿਯੋਗ ਦਾ ਵਾਅਦਾ ਪੁਗਾਉਣ ਲਈ ਬਹੁਤ ਜ਼ਿਆਦਾ ਪੈਰਵੀ ਕਰਨ ਦੀ ਜ਼ਰੂਰਤ ਹੈ, ਕਿਉਂਕਿ ਚੀਨ ਵਲੋਂ ਟਾਪੂਆਂ ਨੂੰ ਵਿਕਸਤ ਕਰਨ ਅਤੇ ਝਗੜੇ ਹੇਠਲੇ ਸਾਊਥ ਚਾਈਨਾ ਸਮੁੰਦਰ ਵਿਚ ਆਪਣੇ ਪੈਰ ਪਸਾਰਨ ਅਤੇ ਦਾਅਵੇਦਾਰੀ ਕਰਕੇ ਇਸ ਨਾਲ ਲਗਦੀਆਂ ਸਰਹੱਦਾਂ 'ਤੇ ਤਣਾਅ ਬਣਿਆ ਹੋਇਆ ਹੈ।

ਸ਼ਕਤੀ ਦੇ ਅਜਿਹੇ ਸੰਤੁਲਨ ਦਾ ਉਸਤਾਦ ਜਰਮਨ ਚਾਂਸਲਰ ਓਟੋ ਵਾਨ ਬਿਸਮਾਰਕ ਸੀ ਜਿਸ ਦਾ ਕਾਰਜਕਾਲ 1873-1890 ਰਿਹਾ। ਪਹਿਲੇ ਵਿਸ਼ਵ ਯੁੱਧ ਤੋਂ ਪਹਿਲਾਂ ਦੀਆਂ ਮਹਾਂਸ਼ਕਤੀਆਂ, ਜਿਵੇਂ ਰੂਸ, ਆਸਟਰੀਆ, ਫਰਾਂਸ, ਬ੍ਰਿਟੇਨ ਅਤੇ ਜਰਮਨੀ ਦਰਮਿਆਨ ਉਸ ਨੇ ਜਰਮਨ ਹਿਤਾਂ ਨੂੰ ਹਮੇਸ਼ਾਂ ਟਿਕਾਣੇ ਸਿਰ ਰੱਖਿਆ। ਉਸ ਦੀ ਸਲਾਹ ਅੱਜ ਭਾਰਤ ਲਈ ਵੀ ਉਨੀ ਹੀ ਲਾਹੇਵੰਦ ਹੋਵੇਗੀ ਜਿਸ ਦਾ ਆਧਾਰ ਸੀ ਕਿ ਦੋ ਜਾਂ ਇਸ ਤੋਂ ਘੱਟ ਨਹੀਂ ਸਗੋਂ ਤਿੰਨ ਜਾਂ ਇਸ ਤੋਂ ਵੱਧ। ਇਹ ਆਉਣ ਵਾਲੇ ਦਹਾਕਿਆਂ ਵਿਚ ਇਕ ਚੁਨੌਤੀ ਹੋਵੇਗੀ ਜਦੋਂ ਭਾਰਤ ਅਤੇ ਅਮਰੀਕਾ ਹੱਥੋਂ ਗਏ ਬਹੁਤ ਸਾਰੇ ਮੌਕਿਆਂ ਦੀ ਭਰਪਾਈ ਕਰਨ ਦਾ ਯਤਨ ਕਰਨਗੇ। ਭਾਵੇਂ ਕਿ ਸਾਰੇ ਦੇਸ਼ ਆਪਣੇ ਹਿੱਤ ਸਭ ਤੋਂ ਉੱਪਰ ਰੱਖਦੇ ਹਨ, ਚੀਨ ਦਾ ਉਭਾਰ ਅਮਰੀਕਾ ਵਲੋਂ ਬਾਜ਼ਾਰ ਖੋਲ੍ਹਣ ਅਤੇ ਨਿਵੇਸ਼ ਤੇ ਤਕਨਾਲੋਜੀ ਦੀ ਆਮਦ ਦੀ ਆਗਿਆ ਦੇਣ ਤੋਂ ਬਿਨਾਂ ਸੰਭਵ ਨਹੀਂ ਸੀ। ਅਜਿਹਾ ਉਦੋਂ ਵਾਪਰਿਆ ਜਦੋਂ ਭਾਰਤ ਤਕਨਾਲੋਜੀ ਪਾਬੰਦੀਆਂ ਦੇ ਦੌਰ ਵਿਚੋਂ ਗੁਜ਼ਰ ਰਿਹਾ ਸੀ। ਸਮੇਂ ਦੀਆਂ ਭਾਰਤੀ ਸਰਕਾਰਾਂ ਨੇ ਭਾਰਤ ਦੇ ਉਭਾਰ ਲਈ ਰਾਹ ਪੱਧਰਾ ਕੀਤਾ ਹੈ। ਹੁਣ ਭਾਰਤ ਨੂੰ ਸਿਰਫ਼ ਭਾਰਤ ਹੀ ਡੱਕ ਸਕਦਾ ਹੈ।

*(ਲੇਖਕ ਸਾਬਕ ਵਿਦੇਸ਼ ਸਕੱਤਰ, ਭਾਰਤ ਸਰਕਾਰ ਹੈ।)*

*e-mail :ambkcsingh@gmail.com*

# ਆਰਥਿਕ ਵਿਕਾਸ ਲਈ ਭਾਰਤੀ ਆਰਥਿਕ ਕੂਟਨੀਤੀ

ਰਾਮ ਉਪੇਂਦਰਾ ਦਾਸ

ਭਾਰਤ ਦੀਆਂ ਵਿਸ਼ਵੀ ਆਰਥਿਕ ਸਰਗਰਮੀਆਂ ਇਕ ਨਵੀਂ ਉੱਚਾਈ 'ਤੇ ਪਹੁੰਚ ਗਈਆਂ ਹਨ ਅਤੇ ਭਵਿੱਖ ਵਿਚ ਇਨ੍ਹਾਂ ਦੇ ਹੋਰ ਵਧਣ ਦੀ ਆਸ ਹੈ। ਇਸ ਨੂੰ ਸਪੱਸ਼ਟ ਤੌਰ ਤੇ ਸਮਝਣਾ ਜ਼ਰੂਰੀ ਹੈ ਕਿਉਂਕਿ ਅੰਤਰਰਾਸ਼ਟਰੀ ਆਰਥਿਕ ਸੰਬੰਧਾਂ ਵਿਚ ਜਟਿਲ ਅਤੇ ਬਹੁ-ਪੱਖੀ ਸੰਵਾਦ ਸ਼ਾਮਿਲ ਹਨ। ਇਨ੍ਹਾਂ ਦਾ ਨੀਤੀ ਨਿਰਮਾਣ ਪ੍ਰਕਿਰਿਆਵਾਂ ਅਤੇ ਬਾਜ਼ਾਰ ਪ੍ਰੇਰਿਤ ਪ੍ਰਭਾਵਾਂ 'ਤੇ ਵੀ ਅਹਿਮ ਅਸਰ ਪੈਂਦਾ ਹੈ।

## ਆਰਥਿਕ ਕੂਟਨੀਤੀ ਦਾ ਨਵਾਂ ਸੰਦਰਭ

ਕੂਟਨੀਤੀ ਦੀ ਪਰਿਭਾਸ਼ਾ ਵੱਖ-ਵੱਖ ਆਜ਼ਾਦ ਰਾਜਾਂ ਦੀਆਂ ਸਰਕਾਰਾਂ ਦਰਮਿਆਨ ਅਧਿਕਾਰਤ ਸੰਬੰਧਾਂ ਨੂੰ ਚਲਾਉਣ ਲਈ ਬੁੱਧੀਮਤਾ ਅਤੇ ਸਮਝਦਾਰੀ ਤੋਂ ਕੰਮ ਲੈਣ ਨੂੰ ਸਮਝਿਆ ਜਾਂਦਾ ਹੈ (ਸਾਟੋਅ, 1961)। ਪਰ, ਸਮੇਂ ਦੇ ਨਾਲ ਕੂਟਨੀਤੀ ਦੇ ਖੇਤਰ ਵਿਚ ਕੁੱਝ ਨਵੇਂ ਪੱਖ ਵੀ ਸ਼ਾਮਿਲ ਹੋ ਗਏ ਹਨ। ਪਹਿਲਾ, ਵੱਖ-ਵੱਖ ਦੇਸ਼ਾਂ ਵਿਚਕਾਰ ਵਾਰਤਾਲਾਪ ਹੁਣ ਸਿਰਫ਼ ਸਰਕਾਰ ਤੋਂ ਸਰਕਾਰ ਦੇ ਸੰਬੰਧਾਂ ਤਕ ਹੀ ਸੀਮਤ ਨਹੀਂ, ਸਗੋਂ ਲੋਕਾਂ ਤੋਂ ਲੋਕਾਂ ਤਕ ਸੰਬੰਧ ਵੀ ਵਿਕਸਤ ਹੋ ਗਏ ਹਨ, ਜਿਸ ਲਈ ਸੰਚਾਰ ਤਕਨਾਲੋਜੀ ਦੇ ਨਵੇਂ ਤਰੀਕੇ ਅਤੇ ਯਾਤਾਯਾਤ ਸਹੂਲਤਾਂ ਜ਼ਿੰਮੇਵਾਰ ਹਨ। ਦੂਜਾ, ਦੇਸ਼ਾਂ ਵਿਚਕਾਰ ਵਾਰਤਾਲਾਪ ਦਾ ਰਾਜਨੀਤਕ, ਫੌਜੀ ਅਤੇ ਰਣਨੀਤਕ ਗੱਠਜੋੜਾਂ ਦੇ ਖੇਤਰ ਵਿਚ ਜੋ ਪ੍ਰਮੁੱਖ ਸੰਭਾਵਨਾ ਹੁੰਦੀ ਸੀ, ਉਹ ਲਗਾਤਾਰ ਅਤੇ ਨਿਰੰਤਰਤਾ ਨਾਲ, ਆਰਥਿਕ ਵਿਸ਼ਵੀਕਰਨ ਅਤੇ ਉਦਾਰਵਾਦ ਦੇ ਯੁਗ ਵਿਚ ਆਰਥਿਕ ਸਰਗਰਮੀਆਂ ਨਾਲ ਬਦਲੀ ਜਾ ਰਹੀ ਹੈ। ਅੰਤਰਰਾਸ਼ਟਰੀ ਵਾਰਤਾਲਾਪ ਦੀਆਂ ਦੋ ਵਿਸ਼ੇਸ਼ਤਾਵਾਂ, ਜਿਸ ਵਿਚ ਭਾਰਤ ਦਾ ਸੰਦਰਭ ਵੀ ਸ਼ਾਮਿਲ ਹੈ, ਨੇ ਆਰਥਿਕ ਕੂਟਨੀਤੀ ਨੂੰ ਸਾਹਮਣੇ ਲੈ ਆਂਦਾ ਹੈ।

ਬਹੁਪੱਖੀ, ਖੇਤਰੀ ਅਤੇ ਦੁਵੱਲੇ ਪੱਧਰਾਂ 'ਤੇ ਸੰਸਥਾਗਤ ਘਟਨਾਕ੍ਰਮ ਕਾਰਨ ਆਰਥਿਕ ਕੂਟਨੀਤੀ ਨੂੰ ਜ਼ਿਆਦਾ ਅਹਿਮੀਅਤ ਮਿਲੀ ਹੈ। ਸਮੇਂ-ਸਮੇਂ ਇਨ੍ਹਾਂ ਵਿਚ ਬ੍ਰੈਟਨ ਵੁੱਡਜ਼ ਸੰਸਥਾਨਾਂ ਨਾਲ ਮੋਹ ਭੰਗ, ਸੰਯੁਕਤ ਰਾਸ਼ਟਰ ਦੀ ਛਤਰ-ਛਾਇਆ ਹੇਠ ਹੋਈ ਕੋਈ ਲਾਭਕਾਰੀ ਵਾਰਤਾਲਾਪ ਦੀ ਨਾਕਾਮੀ ਅਤੇ ਵਿਸ਼ਵ ਵਪਾਰ ਸੰਸਥਾ ਵਿਚ ਢੁੱਕਵੀਂ ਪ੍ਰਗਤੀ ਦੀ ਅਣਹੋਂਦ ਜਿਸ ਵਿਚ *ਦੋਹਾ ਗੇੜ* ਸ਼ਾਮਿਲ ਹੈ, ਵੀ ਸ਼ਾਮਿਲ ਰਹੇ ਹਨ। ਦੂਜੇ ਪਾਸੇ, ਦੁਵੱਲੀਆਂ ਅਤੇ ਖੇਤਰੀ ਆਰਥਿਕ ਸਰਗਰਮੀਆਂ ਬੇਮਿਸਾਲ ਰਫ਼ਤਾਰ ਨਾਲ ਵਧੀਆਂ ਹਨ। ਉਹ ਹੋਰ ਵਿਆਪਕ ਵੀ ਹੋ ਗਈਆਂ ਹਨ ਜਿਸ ਵਿਚ ਆਰਥਿਕ ਸਹਿਯੋਗ ਸਮਝੌਤੇ ਅਤੇ ਨਿਵੇਸ਼ ਅਤੇ ਵਸਤਾਂ ਦਾ ਵਪਾਰ ਸ਼ਾਮਿਲ ਹਨ। ਇਨ੍ਹਾਂ ਦਾ ਨਿਪਟਾਰਾ ਤੇਜ਼ੀ ਨਾਲ ਹੁੰਦਾ ਹੈ ਅਤੇ ਇਹ ਸਵੈ-ਪ੍ਰੇਰਿਤ ਸ਼ਕਤੀ ਵਜੋਂ ਉੱਭਰ ਕੇ ਸਾਹਮਣੇ ਆਏ ਹਨ (ਦਾਸ, 2012)। ਇਨ੍ਹਾਂ ਨੇ ਦੁਨੀਆਂ ਭਰ ਵਿਚ ਆਰਥਿਕ ਕੂਟਨੀਤੀ ਦੀਆਂ ਵੱਖ-ਵੱਖ ਰਣਨੀਤੀਆਂ ਦੀ ਉਤਪਤੀ ਦੇ ਕਾਰਨ ਦਿਤੇ ਹਨ ਅਤੇ ਭਾਰਤ ਇਸ ਦਾ ਅਪਵਾਦ ਨਹੀਂ ਹੈ।

## ਮਿਸਾਲੀ ਬਦਲਾਅ ਦੀਆਂ ਜ਼ਰੂਰਤਾਂ: ਸ਼ਾਂਤੀ ਬਣਾਉਣ ਵਾਲੀ ਖ਼ੁਸ਼ਹਾਲੀ ਵਲ

ਇਹ ਸਪੱਸ਼ਟ ਕਰਨਾ ਅਹਿਮ ਹੈ ਕਿ ਜੇ ਆਰਥਿਕ ਕੂਟਨੀਤੀ ਨੂੰ ਹੋਰ ਪ੍ਰਭਾਵੀ ਬਣਾਉਣਾ ਹੈ ਤਾਂ ਦੂਜੇ ਦੇਸ਼ਾਂ ਨਾਲ ਵਾਰਤਾ ਕਰਨ ਸਮੇਂ ਸਾਨੂੰ ਮਿਸਾਲੀ ਬਦਲਾਅ ਕਰਨੇ ਹੋਣਗੇ। ਇਸ ਦਾ ਮਤਲਬ ਹੋਵੇਗਾ ਦੁਵੱਲੇ ਪੱਧਰ 'ਤੇ ਜਾਂ ਇਕ ਖ਼ਾਸ ਖਿੱਤੇ ਵਿਚ ਸ਼ਾਂਤੀ ਹਾਸਲ ਕਰਨ ਲਈ ਆਰਥਿਕ ਕੂਟਨੀਤੀ ਨੂੰ ਨਵਾਂ ਰੂਪ ਦੇਣਾ। ਅਜਿਹਾ ਹੋਣ ਲਈ ਆਰਥਿਕ ਕੂਟਨੀਤੀ ਦਾ ਕੇਂਦਰ ਬਿੰਦੂ (ਸ਼ਾਂਤੀ ਸਥਾਪਤ ਕਰਨ ਵਾਲੀ ਖ਼ੁਸ਼ਹਾਲੀ) ਹੋਣਾ ਚਾਹੀਦਾ ਹੈ। ਇਸ ਦਾ ਮਤਲਬ ਹੋਵੇਗਾ ਬਜਾਇ ਕਿ ਪਹਿਲਾਂ ਦੂਜੇ ਦੇਸ਼ਾਂ ਨਾਲ ਸ਼ਾਂਤੀ ਸੰਬੰਧ ਸਥਾਪਤ ਕਰਨ ਦੇ ਅਤੇ ਬਾਅਦ ਵਿਚ ਉੱਚ ਪੱਧਰ 'ਤੇ ਆਰਥਿਕ ਵਾਰਤਾਲਾਪ ਕੀਤਾ ਜਾਵੇ, ਕੋਸ਼ਿਸ਼ਾਂ ਇਸ ਦੇ ਬਿਲਕੁਲ ਉਲਟ ਕਰਨੀਆਂ ਚਾਹੀਦੀਆਂ ਹਨ ਜਿਥੇ ਸ਼ਾਂਤੀ ਹਾਸਲ ਕਰਨ ਲਈ ਦੁਵੱਲੇ ਅਤੇ ਖੇਤਰੀ ਵਾਰਤਾਲਾਪ ਦੁਆਰਾ ਆਰਥਿਕ ਖ਼ੁਸ਼ਹਾਲੀ ਵਲ ਧਿਆਨ ਕੇਂਦਰਿਤ ਕੀਤਾ ਜਾਵੇ ਜੋ ਵਿਸ਼ਵ ਸ਼ਾਂਤੀ ਹਾਸਲ ਕਰਨ ਲਈ ਇਕ ਬੁਨਿਆਦ ਦਾ ਕੰਮ ਕਰੇਗਾ। ਇਸ ਸੰਦਰਭ ਵਿਚ ਸੰਬੰਧਿਤ ਸਾਹਿਤ ਦਾ ਹਵਾਲਾ ਦੇਣਾ ਮਹੱਤਵਪੂਰਨ ਹੈ ਜੋ ਇਸ ਮਿਸਾਲ ਨੂੰ ਜ਼ਿਆਦਾ ਆਵਾਜ਼ ਦੇਵੇਗਾ ਅਤੇ ਆਰਥਿਕ ਕੂਟਨੀਤੀ ਲਈ ਪ੍ਰਸੰਗਿਕ ਹੋਵੇਗਾ।

ਫ਼ਰਾਂਸੀਸੀ ਵਿਦਵਾਨ ਮੌਂਟੈਸਕਿਊ (1748) ਮੁਤਾਬਕ ਅਮਨ ਵਣਜ ਦਾ ਇਕ ਕੁਦਰਤੀ ਪ੍ਰਭਾਵ ਹੈ। ਇਟਲੀ ਦੇ ਅਰਥਸ਼ਾਸਤਰੀ ਪਰੇਟੋ (1889) ਦੀ ਦਲੀਲ ਹੈ ਕਿ ਸੀਮਾ ਸ਼ੁਲਕ ਸੰਘ ਦੇਸ਼ਾਂ ਵਿਚਾਲੇ ਸ਼ਾਂਤੀ ਸਥਾਪਤ ਕਰਨ ਵਿਚ ਸਹਾਇਕ ਹੋ ਸਕਦੇ ਹਨ। ਇਹ ਬਿਆਨ ਦਰਸਾਉਂਦੇ ਹਨ ਕਿ ਖੇਤਰੀ ਆਰਥਿਕ ਏਕੀਕਰਨ ਮੈਂਬਰ ਦੇਸ਼ਾਂ ਨੂੰ ਅਮਨ ਦਾ ਲਾਭਅੰਸ਼ ਪ੍ਰਦਾਨ ਕਰ ਸਕਦਾ ਹੈ। ਇਸ ਨੂੰ ਬਹੁਤ ਪਹਿਲਾਂ ਹੀ ਮਹਿਸੂਸ ਕਰ ਲਿਆ ਗਿਆ ਸੀ (ਜਿਵੇਂ ਸ਼ਿਫ਼ ਅਤੇ ਵਿੰਟਰਜ਼, 2003, ਪੰਨਾ 189 ਵਿਚ ਦੱਸਿਆ ਗਿਆ)।

ਹਾਲ ਹੀ ਵਿਚ, ਬ੍ਰਾਊਨ (2005) ਦੇ ਅਨੁਸਾਰ ਬਹੁਤ ਸਾਰੀਆਂ ਦਲੀਲਾਂ ਵਿਚ ਇਹ ਸੁਝਾਇਆ ਗਿਆ ਹੈ ਕਿ ਖੇਤਰੀ ਵਪਾਰ ਸੰਗਠਿਤ ਅਮਨ ਸਥਾਪਤ ਕਰ ਸਕਦਾ ਹੈ। ਇਨ੍ਹਾਂ ਵਿਚ ਸ਼ਾਮਿਲ ਹਨ :

(1) ਆਰਥਿਕ ਏਕੀਕਰਨ ਵਿਅਕਤੀਗਤ ਰਾਜਾਂ ਵਾਸਤੇ ਝਗੜਿਆਂ ਨੂੰ ਮਹਿੰਗਾ ਸੌਦਾ ਬਣਾ ਦਿੰਦਾ ਹੈ ਕਿਉਂਕਿ ਉਨ੍ਹਾਂ ਦੀਆਂ ਵਪਾਰਕ ਪ੍ਰਾਪਤੀਆਂ 'ਤੇ ਅਸਰ ਪਵੇਗਾ।

(2) ਖੇਤਰੀ ਸਹਿਯੋਗ ਵਪਾਰਕ ਝਗੜਿਆਂ ਦੇ ਸਰੋਤਾਂ ਨੂੰ ਘੱਟ ਕਰ ਸਕਦਾ ਹੈ ਜਿਵੇਂ ਕਿ ਖ਼ੂਨੀ ਹੀਰੇ ਅਤੇ ਗ਼ੈਰ ਕਾਨੂੰਨੀ ਲੱਕੜ। ਮਿਸਾਲ ਦੇ ਲਈ, 1998 ਵਿਚ ਪੱਛਮੀ ਅਫ਼ਰੀਕੀ ਦੇਸ਼ਾਂ ਦੇ ਆਰਥਿਕ ਭਾਈਚਾਰੇ (ਈ ਸੀ ਓ ਡਬਲਿਯੂ ਏ ਐੱਸ ਨੇ ਛੋਟੇ ਹਥਿਆਰਾਂ 'ਤੇ ਦੁਨੀਆਂ ਦੀ ਪਹਿਲੀ ਖੇਤਰੀ ਰੋਕ ਲਾਈ ਜਿਸ ਤਹਿਤ ਦੂਜੇ ਮੈਂਬਰ ਦੇਸ਼ਾਂ ਦੀ ਮਨਜ਼ੂਰੀ ਤੋਂ ਬਿਨਾਂ ਨਵੇਂ ਹਥਿਆਰ ਆਯਾਤ ਕਰਨ 'ਤੇ ਪਾਬੰਦੀ ਲਾ ਦਿਤੀ ਗਈ।

(3) ਖੇਤਰੀ ਵਪਾਰਕ ਸਮਝੌਤੇ ਝਗੜਿਆਂ ਦੇ ਹੱਲ ਲਈ ਗ਼ੈਰ-ਫੌਜੀ ਤਰੀਕੇ ਪੇਸ਼ ਕਰਦੇ ਹਨ ਅਤੇ ਦੇਸ਼ਾਂ ਦਰਮਿਆਨ ਆਪਸੀ ਸਮਝ ਅਤੇ ਗੱਲਬਾਤ ਨੂੰ ਉਤਸਾਹਿਤ ਕਰਦੇ ਹਨ।

ਲੀ ਅਤੇ ਪਿਊਨ (2009) ਦੇ ਮੁਤਾਬਕ, ''ਉਦਾਰਵਾਦੀ ਅਮਨ' ਦੇ ਰਾਜਨੀਤੀ ਸ਼ਾਸਤਰ ਵਿਚ ਵਿਚਾਰ, ਜਿਸ ਵਿਚ ਮੋਂਟੈਸਕਿਊ, ਕਾਂਤ, ਐਂਜਲ ਅਤੇ ਸ਼ੁਮਪੀਟਰ ਦੇ ਵਿਚਾਰ ਵੀ ਸ਼ਾਮਿਲ ਹਨ, ਜ਼ੋਰ ਦੇ ਕੇ ਕਹਿੰਦਾ ਹੈ ਕਿ ਆਪਸੀ ਆਰਥਿਕ ਪ੍ਰਸਪਰ ਨਿਰਭਰਤਾ ਅਮਨ ਦਾ ਮਾਰਗ ਹੋ ਸਕਦੀ ਹੈ। ਇਸ ਤੋਂ ਸਾਬਤ ਹੁੰਦਾ ਹੈ ਕਿ ਦੁਵੱਲੀ ਆਰਥਿਕ ਪ੍ਰਸਪਰ ਨਿਰਭਰਤਾ ਅੰਤਰਰਾਜੀ ਸੰਬੰਧਾਂ ਵਿਚ ਫੌਜੀ ਤਾਕਤ ਦੀ ਵਰਤੋਂ ਨੂੰ ਘੱਟ ਕਰਦੀ ਹੈ। ਕਿਸੇ ਵੀ ਦੇਸ਼ ਦੀ ਆਪਣੇ ਵਪਾਰਕ ਭਾਈਵਾਲ ਦੇਸ਼ ਨਾਲ ਝਗੜੇ ਵਿਚ ਪੈਣ ਦੀ ਸੰਭਾਵਨਾ ਬਿਲਕੁਲ ਘੱਟ ਹੁੰਦੀ ਹੈ ਕਿਉਂਕਿ ਦੋਵਾਂ ਦੇਸ਼ਾਂ ਵਿਚਾਲੇ ਵਪਾਰਕ ਸਮਝੌਤੇ ਤੋਂ ਹੋਣ ਵਾਲੇ ਲਾਭ ਦੀ ਹਾਨੀ ਹੋਣ ਦਾ ਮੌਕਾ ਬਣਿਆ ਰਹਿੰਦਾ ਹੈ। ਅੰਤਰਰਾਜੀ ਝਗੜਿਆਂ ਤੇ ਵਪਾਰਕ ਏਕੀਕਰਨ ਦਾ ਪ੍ਰਭਾਵ ਰਾਜਾਂ ਦੇ ਜੋੜਿਆਂ ਮੁਤਾਬਕ ਵੱਖ-ਵੱਖ ਹੁੰਦਾ ਹੈ। ਸ਼ਿਫ ਅਤੇ ਵਿੰਟਰਜ਼ (1998) ਅਨੁਸਾਰ, ਗੁਆਂਢੀ ਦੇਸ਼ਾਂ ਵਿਚਾਲੇ ਵਪਾਰ ਆਪਸੀ ਵਿਸ਼ਵਾਸ ਅਤੇ ਸੰਵਾਦ ਵਧਣ ਕਰਕੇ ਸੁਰੱਖਿਆ ਨੂੰ ਵਧਾਉਂਦਾ ਹੈ। ਮਾਰਟਿਨ (2010) ਇਹ ਦਰਸਾਉਣ ਲਈ ਇਕ ਸਾਦਾ ਸਿਧਾਂਤਕ ਢਾਂਚੇ ਦੇ ਤੰਤਰ ਦਾ ਇਸਤੇਮਾਲ ਕਰਦਾ ਹੈ ਕਿ ਖੇਤਰੀ ਵਪਾਰ ਸਮਝੌਤੇ 'ਤੇ ਦਸਤਖ਼ਤ ਕਰਨੇ ਹਨ ਜਾਂ ਨਹੀਂ? ਮਿਆਰੀ ਵਪਾਰਕ ਪ੍ਰਾਪਤੀਆਂ ਦੇ ਨਾਲ-ਨਾਲ ਰਾਜਨੀਤਕ ਨੇਤਾ ਦੋ ਪ੍ਰਕਾਰ ਦੀਆਂ ਅਮਨ ਨੂੰ ਉਤਸਾਹਿਤ ਕਰਨ ਵਾਲੀਆਂ ਪ੍ਰਾਪਤੀਆਂ 'ਤੇ ਵਿਚਾਰ ਕਰਦੇ ਹਨ : (1) ਰਾਜਨੀਤਕ ਮੰਚ ਵਜੋਂ ਕੰਮ ਕਰਦੇ ਖੇਤਰੀ ਵਪਾਰਕ ਸਮਝੌਤੇ ਜੋ ਝਗੜਿਆਂ ਦੇ ਨਿਪਟਾਰੇ ਵਿਚ ਸਹਾਈ ਹੁੰਦੇ ਹਨ; ਅਤੇ (2) ਖੇਤਰੀ ਵਪਾਰਕ ਸਮਝੌਤੇ 'ਤੇ ਕਿਸੇ ਸੰਭਾਵਿਤ ਲੜਾਈ ਦਾ ਖਰਚਾ ਵਧਾ ਦਿੰਦੇ ਹਨ ਜੋ ਵਪਾਰ ਨੂੰ ਘੱਟ ਕਰ ਸਕਦਾ ਹੈ।

**ਅਨੇਕ ਵਪਾਰਕ ਸਮਝੌਤੇ ਇਸ ਲਈ ਕੀਤੇ ਗਏ ਜਿਨ੍ਹਾਂ ਦਾ ਮੁਢਲਾ ਮੰਤਵ ਮੈਂਬਰ ਦੇਸ਼ਾਂ ਵਿਚਾਲੇ ਅਮਨ ਨੂੰ ਉਤਸਾਹਿਤ ਕਰਨਾ ਸੀ। ਮਿਸਾਲ ਦੇ ਲਈ, ਐਸੋਸੀਏਸ਼ਨ ਆਫ਼ ਸਾਊਥ-ਈਸਟ ਏਸ਼ੀਅਨ ਨੇਸ਼ਨਜ਼ (ਏਸ਼ੀਆਨ) ਅਤੇ ਸਾਊਥ ਏਸ਼ੀਅਨ ਐਸੋਸੀਏਸ਼ਨ ਫਾਰ ਰੀਜਨਲ ਕੋਆਪਰੇਸ਼ਨ (ਸਾਰਕ) ਦਾ ਆਰੰਭ ਗ਼ੈਰ-ਆਰਥਿਕ ਖੇਤਰ ਵਿਚ ਸਹਿਯੋਗ ਤੋਂ ਹੋਇਆ ਅਤੇ ਰਸਮੀ ਵਪਾਰ ਸਮਝੌਤਿਆਂ ਦੇ ਰੂਪ ਵਿਚ ਆਰਥਿਕ ਏਜੰਡਾ ਬਹੁਤ ਦੇਰ ਬਾਅਦ ਵਿਚਾਰ ਚਰਚਾ ਵਿਚ ਸ਼ਾਮਿਲ ਹੋਇਆ।**

ਇਸੇ ਤਰ੍ਹਾਂ ਹੀ, ਐੱਮ ਈ ਆਰ ਸੀ ਓ ਐੱਸ ਯੂ ਦੀ ਅਸਲ ਵਿਚ ਸਥਾਪਨਾ ਅਰਜਨਟੀਨਾ ਅਤੇ ਬ੍ਰਾਜ਼ੀਲ ਵਿਚਕਾਰ ਤਣਾਅ ਨੂੰ ਘੱਟ ਕਰਨ ਲਈ ਕੀਤੀ ਗਈ ਸੀ। ਸੰਨ 2000 ਵਿਚ, ਦੱਖਣ-ਪੂਰਬ ਯੂਰਪ ਵਿਚ ਮੁਕਤ ਵਪਾਰ ਖੇਤਰ ਬਣਾਉਣ ਦੀਆਂ ਕੋਸ਼ਿਸ਼ਾਂ ਹੋਈਆਂ ਜਿਸ ਦਾ ਉਦੇਸ਼ ਜੰਗ ਦੇ ਝੰਬੇ ਬਲਕਾਨ ਖੇਤਰ ਵਿਚ ਆਰਥਿਕ ਸਿਹਤਯਾਬੀ ਅਤੇ ਏਕੀਕਰਨ ਨੂੰ ਉਤਸਾਹਿਤ ਕਰਨਾ ਸੀ। 2004 ਵਿਚ ਮਿਸਰ ਤੇ ਇਸਰਾਈਲ ਨੇ ਅਮਰੀਕਾ ਨਾਲ ਇਕ ਵਪਾਰਕ ਸਮਝੌਤੇ 'ਤੇ ਦਸਤਖ਼ਤ ਕੀਤੇ। ਇਸ ਸਮਝੌਤੇ ਵਿਚ ਪੰਜ ਵਿਸ਼ੇਸ਼ ਖੇਤਰਾਂ ਦੀ ਸਥਾਪਨਾ ਸ਼ਾਮਿਲ ਸੀ ਜਿਥੇ ਮਿਸਰੀ ਵਸਤਾਂ ਨੂੰ ਅਮਰੀਕਾ ਦੇ ਬਾਜ਼ਾਰਾਂ ਤਕ ਰਸਾਈ ਹੋਵੇਗੀ, ਜਦੋਂ ਤਕ 35 ਪ੍ਰਤਿਸ਼ਤ ਵਸਤਾਂ ਇਸਰਾਈਲ-ਮਿਸਰ ਦੀ ਸਾਂਝ ਦਾ ਉਤਪਾਦਨ ਹੋਣਗੀਆਂ (ਬ੍ਰਾਊਨ, 2005)। ਇਹ ਮੰਨਿਆ ਜਾਂਦਾ ਹੈ ਅਤੇ ਦਲੀਲ ਦਿਤੀ ਜਾਂਦੀ ਹੈ ਕਿ ਅਫ਼ਰੀਕਾ ਵਿਚ ਹਿੰਸਕ ਝਗੜਿਆਂ ਨੂੰ ਵੇਖਦਿਆਂ, ਖੇਤਰੀ ਵਪਾਰਕ ਸਮਝੌਤੇ, ਝਗੜੇ ਦੇ ਸਰੋਤਾਂ ਨੂੰ ਘੱਟ ਕਰਕੇ ਹਾਲਾਤ ਆਮ ਵਰਗੇ ਕਰ ਸਕਦੇ ਹਨ। ਇਸ ਨਾਲ ਮੈਂਬਰ ਦੇਸ਼ਾਂ ਵਿਚਾਲੇ ਸ਼ੱਕ ਦੂਰ ਹੋਵੇਗਾ। ਖੇਤਰੀ ਸਮਝੌਤਿਆਂ ਵਿਚ ਮੈਂਬਰਾਂ ਲਈ ਪ੍ਰੋਤਸਾਹਨ ਦੇਸ਼ਾਂ ਦਰਮਿਆਨ ਝਗੜਿਆਂ ਨੂੰ ਰੋਕ ਸਕੇਗਾ (ਅਫਰੀਕਨ ਡਿਵੈਲਪਮੈਂਟ ਬੈਂਕ, 2000)।

ਕੁੱਲ ਮਿਲਾ ਕੇ, ਮੌਜੂਦਾ ਸਾਹਿਤ ਇਹ ਜ਼ਰੂਰ ਚਾਨਣਾ ਪਾਉਂਦਾ ਹੈ ਕਿ ਖੇਤਰੀ ਵਪਾਰਕ ਸਮਝੌਤੇ ਹੋਣ ਨਾਲ ਮੈਂਬਰ ਦੇਸ਼ਾਂ ਵਿਚਾਲੇ ਝਗੜਿਆਂ ਨੂੰ ਘੱਟ ਕਰ ਕੇ ਅਮਨ ਨੂੰ ਉਤਸਾਹਿਤ ਕਰਨਗੇ।

## ਘਰੇਲੂ ਅਤੇ ਵਿਦੇਸ਼ੀ ਆਰਥਿਕਤਾ ਵਿਚਾਲੇ ਦੋ ਤਰਫ਼ਾ ਕਾਰਨ

ਇਕ ਹੋਰ ਬਹੁਤ ਹੀ ਗੰਭੀਰ ਪੱਖ ਹੈ ਜਿਸ ਨੂੰ ਉਪਰੋਕਤ ਪਿੱਠਭੂਮੀ ਵਿਚ ਉਜਾਗਰ ਕੀਤੇ ਜਾਣ ਦੀ ਲੋੜ ਹੈ ਅਤੇ ਜੋ ਆਰਥਿਕ ਕੂਟਨੀਤੀ ਦੇ ਮਾਮਲੇ ਵਿਚ ਦਲੀਲਬਾਜ਼ੀ ਲਈ ਬਹੁਤ ਪ੍ਰਸੰਗਿਕ ਹੈ। ਉਹ ਹੈ ਘਰੇਲੂ ਆਰਥਿਕ ਜ਼ਰੂਰਤਾਂ ਅਤੇ ਬਾਹਰੀ ਆਰਥਿਕ ਵਾਤਾਵਰਨ ਵਿਚਾਲੇ ਸੰਬੰਧ। ਕਾਰਨ ਦੋਵੇਂ ਪਾਸੇ ਚਲਦੇ ਹਨ ਜਿਥੇ ਘਰੇਲੂ ਅਤੇ ਬਾਹਰੀ ਆਰਥਿਕ ਮਾਪਦੰਡ ਆਪਸ ਵਿਚ ਫਸ ਜਾਂਦੇ ਹਨ। ਆਰਥਿਕ ਕੂਟਨੀਤੀ ਦਾ ਸੰਬੰਧ ਅੰਤਰਰਾਸ਼ਟਰੀ ਮੁੱਦਿਆਂ ਨਾਲ ਹੈ। ਸਿਧਾਂਤਕ ਤੌਰ ਤੇ ਇਸ ਨਾਲ ਮੁੱਲੰਕਣ ਸਰਲ ਹੋ ਜਾਣਾ ਚਾਹੀਦਾ ਹੈ। ਪਰ 'ਘਰੇਲੂ' ਅਤੇ 'ਅੰਤਰਰਾਸ਼ਟਰੀ' ਦਰਮਿਆਨ ਇਕ ਸਪੱਸ਼ਟ ਲਕੀਰ ਖਿੱਚਣਾ ਦਿਨੋ-ਦਿਨ ਔਖਾ ਹੁੰਦਾ ਜਾ ਰਿਹਾ ਹੈ। 1950ਵਿਆਂ ਤੋਂ ਲੈ ਕੇ ਆਰਥਿਕ ਅੰਤਰ-ਨਿਰਭਰਤਾ ਦਾ ਵਿਕਾਸ, ਜੋ ਪਿਛਲੇ ਸਾਲਾਂ ਵਿਚ ਕਾਫ਼ੀ ਤੇਜ਼ ਹੋ ਗਿਆ ਹੈ, ਦਾ ਮਤਲਬ ਹੈ ਕਿ ਜਿਸ ਨੂੰ ਪਹਿਲੇ ਸਮੇਂ ਵਿਚ ਘਰੇਲੂ (ਜਾਂ ਯੂਰਪੀਨ) ਸਮਝਿਆ ਜਾਂਦਾ ਸੀ ਉਹ ਹੁਣ ਅੰਤਰਰਾਸ਼ਟਰੀ ਗੱਲਬਾਤ ਦੀਆਂ ਸ਼ਰਤਾਂ ਤਹਿਤ ਹੋ ਗਿਆ ਹੈ (ਬਾਇਨ ਅਤੇ ਵੂਲਕਾਕ, 2003)।

ਇਸ ਨੂੰ ਵੇਖਦਿਆਂ ਇਹ ਅਹਿਮ ਹੋਵੇਗਾ ਕਿ ਭਾਰਤ ਦੀਆਂ ਕੁੱਝ ਘਰੇਲੂ ਆਰਥਿਕ ਵਿਕਾਸ ਪਹਿਲਕਦਮੀਆਂ ਨੂੰ ਬਾਹਰੀ ਸੰਦਰਭ ਵਿਚ ਰੱਖ ਕੇ ਵੇਖਿਆ ਜਾਵੇ ਤਾਂ ਜੋ ਆਰਥਿਕ ਕੂਟਨੀਤੀ ਨੂੰ ਜ਼ਿਆਦਾ ਸੌਖੇ ਤਰੀਕੇ ਨਾਲ ਸਮਝਿਆ ਜਾ ਸਕੇ।

## 'ਮੇਕ ਇਨ ਇੰਡੀਆ' ਦੇ ਵਿਦੇਸ਼ੀ ਆਯਾਮ

ਭਾਰਤੀ ਪ੍ਰਧਾਨ ਮੰਤਰੀ ਦੀ 'ਮੇਕ ਇਨ ਇੰਡੀਆ' ਦੀ ਪਹਿਲਕਦਮੀ ਭਾਰਤੀ ਆਰਥਿਕਤਾ ਦਾ ਚਿਰਾਂ ਤੋਂ ਅਟਕਿਆ ਸੁਪਨਾ ਪੂਰਾ ਕਰਦੀ ਹੈ। ਪਰ, ਭਾਵੇਂ ਇਹ ਨਿਰਮਾਣ ਖੇਤਰ ਦੇ ਵਿਕਾਸ ਅਤੇ ਰੁਜ਼ਗਾਰ ਪੈਦਾ ਕਰਨ 'ਤੇ ਜ਼ੋਰ ਦਿੰਦੀ ਹੈ, ਇਸ ਨੂੰ ਅਕਸਰ 'ਘਰੇਲੂ ਆਰਥਿਕਤਾ' ਦੇ ਵਾਧੂ ਅਰਥ ਵਜੋਂ ਗਲਤ ਤਰੀਕੇ ਨਾਲ ਸਮਝਿਆ ਜਾਂਦਾ ਹੈ। ਚਾਹੇ ਇਵੇਂ ਹੀ ਸੀ, ਇਸ ਪਹਿਲਕਦਮੀ ਦੇ ਮਹੱਤਵਪੂਰਨ ਬਾਹਰੀ ਆਯਾਮ ਹਨ ਅਤੇ ਨਿਰਮਾਣ ਖੇਤਰ ਨੂੰ ਆਰਥਿਕਤਾ ਦੇ ਦੂਜੇ ਖੇਤਰਾਂ ਨਾਲੋਂ ਵੱਖਰਿਆਂ ਕਰਕੇ ਨਹੀਂ ਵੇਖਿਆ ਜਾ ਸਕਦਾ। ਮੌਜੂਦਾ ਸਮੇਂ, ਵਸਤਾਂ ਅਤੇ ਸੇਵਾਵਾਂ ਦੀ ਵਪਾਰਕ ਆਮਦ ਸਿੱਧੇ ਵਿਦੇਸ਼ੀ ਨਿਵੇਸ਼ ਦੀ ਆਮਦ ਅਤੇ ਬਾਹਰ ਜਾਣ ਨਾਲ ਮਿਲਾ ਕੇ ਭਾਰਤ ਦੇ ਕੁੱਲ ਘਰੇਲੂ ਉਤਪਾਦ ਦਾ ਅੱਧੇ ਤੋਂ ਵੱਧ ਬਣਦਾ ਹੈ, ਭਾਵੇਂ ਇਸ ਦਾ ਰੂੜ੍ਹੀਵਾਦੀ ਅਨੁਮਾਨ ਹੀ ਲਾਈਏ। ਬਾਹਰੀ ਖੇਤਰ ਦੀ ਪੂਰਵ-ਸਰਵੋਚਤਾ ਦਾ ਕਾਰਨ ਕਈ ਪ੍ਰਕਾਰ ਦੇ ਤੱਤ ਹਨ ਜਿਨ੍ਹਾਂ ਵਿਚ ਨਿਰਮਾਣ ਅਤੇ ਸੇਵਾਵਾਂ ਵਿਚ ਤੁਲਨਾਤਮਕ ਅਤੇ ਮੁਕਾਬਲੇ ਦੇ ਲਾਭ ਦੇ ਵਿਚਾਰ; ਵਿਦੇਸ਼ੀ ਪੂੰਜੀ ਦੀਆਂ ਜ਼ਰੂਰਤਾਂ, ਤਕਨਾਲੋਜੀ, ਹੁਨਰ ਅਤੇ ਪ੍ਰਬੰਧਕੀ ਮਹਾਰਤ, ਖੇਤਰ ਵੈਲਿਊ ਕੜੀਆਂ ਹੋਰਾਂ ਤੋਂ ਇਲਾਵਾ ਸ਼ਾਮਿਲ ਹਨ। ਇਹ ਜ਼ਰੂਰੀ ਹੈ ਕਿ ਘਰੇਲੂ ਅਤੇ ਬਾਹਰੀ ਆਯਾਮਾਂ ਦੀ ਆਰਥਿਕਤਾ ਅਤੇ ਉਨ੍ਹਾਂ ਦੇ ਆਪਸੀ ਅੰਤਰ ਸੰਬੰਧਾਂ, ਜੋ ਮੇਕ ਇਨ ਇੰਡੀਆ ਪਹਿਲਕਦਮੀ 'ਤੇ ਜ਼ੋਰ ਦਿੰਦੇ ਹਨ, ਨੂੰ ਚੰਗੀ ਤਰ੍ਹਾਂ ਸਮਝਿਆ ਜਾਵੇ, ਖ਼ਾਸ ਕਰਕੇ ਆਰਥਿਕ ਕੂਟਨੀਤੀ ਅਤੇ ਇਸ ਦੇ ਆਕਾਰ ਨੂੰ ਦਿਸ਼ਾ ਦੇਣ ਵੇਲੇ।

ਇਹ ਸਮਝਣਾ ਆਸਾਨ ਹੋਵੇਗਾ ਕਿ ਵਿਕਾਸ ਦੇ ਇੰਜਣ ਵਜੋਂ ਨਿਰਮਾਣ ਪੂਰਤੀ ਪੱਖ ਅਤੇ ਮੰਗ ਪੱਖ ਦੇ ਵਿਕਾਸ ਨਤੀਜਿਆਂ, ਦੋਵਾਂ ਵਿਚ ਯੋਗਦਾਨ ਪਾਉਂਦਾ ਹੈ। ਅਜਿਹਾ ਉਤਪਾਦਿਕਤਾ ਅਤੇ ਰੁਜ਼ਗਾਰ ਦੇ ਪ੍ਰਭਾਵਾਂ ਕਰਕੇ ਹੁੰਦਾ ਹੈ। ਖੋਜਾਂ ਵਿਚ ਪਾਇਆ ਗਿਆ ਹੈ ਕਿ ਨਿਰਮਾਣ ਵਿਚ ਵਿਕਾਸ ਨੂੰ ਪ੍ਰੇਰਿਤ ਕਰਨ ਵਾਲੇ ਵਿਸ਼ੇਸ਼ ਗੁਣ ਹੁੰਦੇ ਹਨ ਜੋ ਉਤਪਾਦਨ ਵਿਚ ਵਿਸ਼ੇਸ਼ਤਾ, ਖੋਜ ਅਤੇ ਰੁਜ਼ਗਾਰ ਨਿਰਮਾਣ ਨਾਲ ਆਉਂਦੇ ਹਨ। ਕਿਉਂਕਿ ਕਿਸੇ ਵੀ ਦੇਸ਼ ਵਿਚ ਨਿਰਮਾਣ ਦੇ ਵਿਕਾਸ ਨਤੀਜੇ ਸਦਾ ਪ੍ਰਾਪਤ ਨਹੀਂ ਹੋ ਸਕਦੇ ਜਿਸ ਦਾ ਕਾਰਨ ਬਾਜ਼ਾਰ ਦੀਆਂ ਸੀਮਾਵਾਂ ਦਾ ਆਕਾਰ ਹੁੰਦਾ ਹੈ ਜੋ ਆਰਥਿਕਤਾ ਦਾ ਲਾਭ ਲੈਣ ਤੋਂ ਰੋਕਦੇ ਹਨ, ਮਤਲਬ ਮੰਗ ਪੱਖ ਦੀਆਂ ਸੀਮਾਵਾਂ: ਅਤੇ ਤਕਨਾਲੋਜੀ ਅਤੇ ਉਤਪਾਦਕਤਾ ਸੀਮਾਵਾਂ ਕਰਕੇ ਵਿਸ਼ੇਸ਼ਤਾਈ ਹਾਸਲ ਕਰਨ ਦੇ ਸੀਮਤ ਮੌਕੇ, ਮਤਲਬ ਪੂਰਤੀ ਪੱਖ ਦੀਆਂ ਸੀਮਾਵਾਂ, ਦੇਸ਼ਾਂ ਵਿਚਾਲੇ ਖੇਤਰੀ ਆਰਥਿਕ ਏਕੀਕਰਨ ਜੋ ਵਪਾਰ ਅਤੇ ਸਿੱਧੇ ਵਿਦੇਸ਼ੀ ਨਿਵੇਸ਼ ਰਾਹੀਂ ਹੁੰਦਾ ਹੈ – ਇਕ ਵਿਹਾਰਕ ਵਿਕਲਪ ਬਣ ਜਾਂਦਾ ਹੈ। ਅਜਿਹਾ ਇਸ ਕਰਕੇ ਹੈ ਕਿਉਂਕਿ ਚੁੰਗੀ ਅਤੇ ਗ਼ੈਰ-ਚੁੰਗੀ ਉਦਾਰੀਕਰਨ ਅਤੇ ਨਿਰਮਿਤ ਵਸਤਾਂ ਅਤੇ ਸੇਵਾਵਾਂ ਵਿਚ ਨਿਯਮਨ ਦਾ ਉਦਾਰੀਕਰਨ ਭਾਈਵਾਲ ਦੇਸ਼ਾਂ ਵਿਚ ਬਾਜ਼ਾਰ ਪਹੁੰਚ ਨੂੰ ਵਧਾਉਂਦੇ ਹਨ ਜਿਸ ਨਾਲ ਮੰਗ ਪੱਖ ਦੀਆਂ ਸੀਮਾਵਾਂ ਤੋਂ ਬੋਝ ਘਟਦਾ ਹੈ। ਦੂਜੇ ਪਾਸੇ, ਪੂਰਤੀ ਪੱਖ ਦੀਆਂ ਸੀਮਾਵਾਂ ਦਾ ਖੇਤਰੀ ਸਿੱਧੇ ਵਿਦੇਸ਼ੀ ਨਿਵੇਸ਼ ਦੀ ਸਹੂਲਤ ਨਾਲ ਹੱਲ ਕੱਢਿਆ ਜਾ ਸਕਦਾ ਹੈ ਜੋ ਨਾ ਸਿਰਫ਼ ਵਿੱਤੀ ਸਰੋਤ ਹੀ ਲੈ ਕੇ ਆਵੇਗਾ ਸਗੋਂ ਖੇਤਰੀ ਹਾਲਾਤ, ਪ੍ਰਬੰਧਕੀ ਅਤੇ ਤਕਨਾਲੋਜੀ ਹੁਨਰ ਲਈ ਢੁੱਕਵੀਂ ਤਕਨਾਲੋਜੀ ਵੀ ਲਿਆਵੇਗਾ। ਪਰ, ਇਹ ਸਪੱਸ਼ਟ ਹੈ ਕਿ ਨਿਰਮਾਣ ਨੂੰ ਵਿਕਾਸ ਦਾ ਇੰਜਣ ਬਣਾਉਣ ਲਈ ਖੇਤਰੀ ਵਪਾਰ ਪ੍ਰਤਿ ਏਕੀਕ੍ਰਿਤ ਪਹੁੰਚ ਅਪਣਾਉਣੀ ਪਵੇਗੀ ਅਤੇ ਨਿਵੇਸ਼ ਏਕੀਕਰਨ ਵੀ ਜ਼ਰੂਰੀ ਹੋ ਸਕਦਾ ਹੈ। ਇਹ ਬਦਲੇ ਵਿਚ ਆਰਥਿਕ ਵਿਕਾਸ ਵਿਚ ਯੋਗਦਾਨ ਪਾਉਣਗੇ, ਜਿਸ ਦੇ ਵਾਪਰਨ ਲਈ ਆਰਥਿਕ ਕੂਟਨੀਤੀ ਨੂੰ ਖੇਡਦਿਆਂ ਏਕੀਕਰਨ ਆਰਥਿਕਤਾ ਵੱਲ ਗੌਰ ਕਰਨਾ ਪਵੇਗਾ।

ਮੁੱਲੰਕਣ ਨੂੰ ਹੋਰ ਅੱਗੇ ਵਧਾਉਂਦਿਆਂ, ਤਿਆਰ ਵਸਤਾਂ ਦੇ ਵਪਾਰ ਨੂੰ ਅੱਗੇ ਨਹੀਂ ਵਧਾਇਆ ਜਾ ਸਕਦਾ ਜਦੋਂ ਤਕ ਸੇਵਾਵਾਂ ਵਿਚ ਸਹਿਵਰਤੀ ਵਪਾਰ ਦੀ ਸਹੂਲਤ ਲਈ ਸੰਸਥਾਗਤ ਤੰਤਰ ਮੌਜੂਦ ਨਹੀਂ ਹੁੰਦਾ। ਉਦਾਹਰਣ ਵਜੋਂ, ਵਸਤਾਂ ਦਾ ਵਪਾਰ ਸੌਖ-ਭਰੀਆਂ ਸੇਵਾਵਾਂ 'ਤੇ ਨਿਰਭਰ ਹੈ ਜਿਵੇਂ ਮਾਲ ਭੇਜਣ ਤੋਂ ਬਾਅਦ ਕਰਜ਼ਾ, ਮਾਲ ਦੀ ਖੇਪ ਦਾ ਬੀਮਾ, ਬੈਂਕ ਦੀ ਜ਼ਾਮਨੀ, ਮਾਲ ਭੇਜਣ ਦੀਆਂ ਸੇਵਾਵਾਂ ਆਦਿ, ਜੋ ਨਾ ਕੇਵਲ ਵਪਾਰ ਦੀ ਸਹੂਲਤ ਦਿੰਦੀਆਂ ਹਨ ਪਰ ਨਿਰਯਾਤ ਦੀ ਮੁਕਾਬਲੇਬਾਜ਼ੀ ਵਿਚ ਵੀ ਯੋਗਦਾਨ ਪਾਉਂਦੀਆਂ ਹਨ। ਦੂਜੇ ਬੰਨੇ, ਸੇਵਾਵਾਂ ਵਿਚ ਵਪਾਰ, ਜਿਵੇਂ ਕਿ ਸਿਹਤ ਦਾ ਖੇਤਰ, ਵਸਤਾਂ ਦੇ ਵਪਾਰ 'ਤੇ ਨਿਰਭਰ ਹੈ ਜੋ ਇਸ ਵਿਸ਼ੇਸ਼ ਸੇਵਾ ਖੇਤਰ ਨਾਲ ਸੰਬੰਧ ਰੱਖਦਾ ਹੈ ਜਿਵੇਂ ਕਿ ਡਾਕਟਰੀ ਸਾਜ਼-ਸਾਮਾਨ ਅਤੇ ਦਵਾਈਆਂ ਜਿਨ੍ਹਾਂ ਬਾਰੇ ਸਿਹਤ ਸੇਵਾਵਾਂ ਦੇਣ ਵਾਲੇ ਯਕੀਨ ਵਿਚ ਹਨ। ਇਸ ਪ੍ਰਕਾਰ, ਕੋਈ ਕਿਸੇ ਵੀ ਖੇਤਰੀ ਵਪਾਰ ਸਮਝੌਤੇ ਨੂੰ ਵਸਤਾਂ ਅਤੇ ਸੇਵਾਵਾਂ ਵਿਚ ਵਪਾਰ ਦੇ ਦੋਪਾਸੀ ਸੰਬੰਧਾਂ ਨੂੰ ਮਾਨਤਾ ਦੇਣ ਦੀ ਲੋੜ ਪਵੇਗੀ। ਪਰ, ਹਕੀਕਤ ਵਿਚ ਇਸ ਗੱਲਬਾਤ ਨੂੰ ਵੇਖਿਆ ਵੀ ਜਾ ਸਕਦਾ ਹੈ। ਠੋਸਤਾ ਅਤੇ ਅਠੋਸਤਾ ਵਿਚਾਲੇ ਵਧਦੇ ਪਾੜੇ ਨੂੰ ਵੇਖਦਿਆਂ ਜਿਵੇਂ ਰੀਅਲ ਐਸਟੇਟ ਅਤੇ ਵਿੱਤੀ ਖੇਤਰ, ਵਸਤਾਂ ਅਤੇ ਸੇਵਾਵਾਂ ਦਾ ਵਪਾਰ ਆਪਣੇ ਆਜ਼ਾਦਾਨਾ ਵਿਕਾਸ ਮਾਰਗ 'ਤੇ ਚਲਦੇ ਹਨ। ਫਿਰ ਵੀ, ਵਸਤਾਂ ਅਤੇ ਸੇਵਾਵਾਂ ਦੇ ਵਪਾਰ ਵਿਚ ਖ਼ੁਦਮੁਖ਼ਤਿਆਰ ਆਮਦ ਨੂੰ ਸਵੀਕਾਰ ਕਰਨਾ ਹੋਵੇਗਾ। ਇਹ ਵਾਧੂ ਦਲੀਲ ਇਸ ਤੱਥ ਤੋਂ ਪੈਦਾ ਹੁੰਦੀ ਹੈ ਕਿ ਬੁਨਿਆਦੀ ਢਾਂਚਾ ਸੇਵਾਵਾਂ ਵਿਚ ਸਹਿਯੋਗ ਵਧਣ ਨਾਲ ਲਾਗਤ ਖਰਚ ਘੱਟ ਕਰਨ ਵਿਚ ਮਦਦ ਮਿਲਦੀ ਹੈ ਜਿਸ ਨਾਲ ਖੇਤਰੀ ਸੰਦਰਭ ਵਿਚ ਉਤਪਾਦ ਸਸਤੇ ਹੋ ਜਾਂਦੇ ਹਨ।

**ਅੱਗੇ ਹੋਰ ਸਵੀਕਾਰ ਕਰਨਾ ਹੋਵੇਗਾ ਕਿ ਵਪਾਰ-ਨਿਵੇਸ਼ ਸੰਬੰਧਾਂ ਨੂੰ ਮਜ਼ਬੂਤੀ ਦੇਣਾ ਖੇਤਰੀ ਵਪਾਰ ਦਾ ਉੱਚ ਪੱਧਰ ਹਾਸਲ ਕਰਨ ਅਤੇ ਇਸ ਦੇ ਵਿਕਾਸ ਮੁਖੀ ਪ੍ਰਭਾਵ ਲਈ ਬਹੁਤ ਅਹਿਮ ਹੈ। ਇਨ੍ਹਾਂ ਸੰਬੰਧਾਂ ਨਾਲ ਇਕ ਖੇਤਰੀ ਸਮੂਹ ਦੇ ਦੇਸ਼ਾਂ ਵਿਚਾਲੇ ਨਿਰਯਾਤ ਪੂਰਤੀ ਸਮਰੱਥਾਵਾਂ ਸੁਧਾਰਨ ਵਿਚ ਮਦਦ ਮਿਲਦੀ ਹੈ। ਖੇਤਰੀ ਤੌਰ ਤੇ, ਵਪਾਰਕ ਉਦਾਰੀਕਰਨ ਦਾ ਲਾਭ ਲੈਂਦਿਆਂ ਨਿਵੇਸ਼ ਕਰਕੇ ਉਹ ਹੋਰ ਰੁਜ਼ਗਾਰ ਪੈਦਾ ਕਰਨ ਵਿਚ ਮਦਦ ਕਰਦੇ ਹਨ।**

ਮੁਕਤ ਵਪਾਰ ਸਮਝੌਤੇ ਕੁਸ਼ਲਤਾ ਚਾਹੁਣ ਵਾਲੇ ਖੇਤਰੀ ਪੁਨਰਗਠਨ ਦੇ ਸੰਦਰਭ ਵਿਚ ਨਿਵੇਸ਼ ਦੀ ਆਮਦ ਨੂੰ ਵਧਾ ਸਕਦਾ ਹੈ, ਇਹ ਸਾਂਝੇ ਉਪਕ੍ਰਮ ਪੈਦਾ ਕਰਨ ਵਾਲਾ ਵਪਾਰ ਹੀ ਹੁੰਦਾ ਹੈ ਜਿਸ ਦਾ ਆਖਰ ਨੂੰ ਖੇਤਰੀ ਵਪਾਰ

ਆਮਦ 'ਤੇ ਫ਼ੈਸਲਾਕੁੰਨ ਪ੍ਰਭਾਵ ਪੈਂਦਾ ਹੈ। ਵਪਾਰ ਪੈਦਾ ਕਰਨ ਵਾਲੇ ਸਾਂਝੇ ਉਪਕ੍ਰਮ ਖੇਤਰੀ ਮੁਕਤ ਵਪਾਰ ਸਮਝੌਤੇ ਦੇ ਲਾਭ ਲੈਣ ਦੀ ਹਾਲਤ ਵਿਚ ਹੁੰਦੇ ਹਨ। ਇਨ੍ਹਾਂ ਦਾ ਨਿਰਮਾਣ ਖੇਤਰ ਦੀ ਵਿਕਾਸ ਗਤੀਸ਼ੀਲਤਾ 'ਤੇ ਸਿੱਧਾ ਅਸਰ ਪੈਂਦਾ ਹੈ।

ਇਸ ਸੰਦਰਭ ਵਿਚ, ਜੇ ਉੱਤੇ-ਥੱਲੇ ਨੂੰ ਏਕੀਕਰਨ ਅਤੇ ਸੱਜਿਉਂ-ਖੱਬੇ ਵਿਸ਼ੇਸ਼ਤਾਈ ਵਲ ਵੀ ਦੇਸ਼ ਭਰ ਵਿਚ ਨਿਵੇਸ਼ ਦੀ ਆਮਦ ਨਾਲ ਧਿਆਨ ਕੇਂਦਰਿਤ ਕੀਤਾ ਜਾਵੇ ਜੋ ਵਪਾਰ-ਨਿਵੇਸ਼ ਸੰਬੰਧਾਂ ਨੂੰ ਮਜ਼ਬੂਤੀ ਦਿੰਦੇ ਹਨ, ਤਾਂ ਉੱਚ ਵਪਾਰ ਅਤੇ ਨਿਵੇਸ਼ ਦੀ ਆਮਦ ਵਿਚ ਹੋਣ ਵਾਲੀਆਂ ਪ੍ਰਾਪਤੀਆਂ ਵਧੇਰੇ ਰੁਜ਼ਗਾਰ ਪੈਦਾ ਕਰਨ ਨੂੰ ਸੰਭਵ ਬਣਾ ਦੇਣਗੇ। ਇਸ ਦਾ ਮਤਲਬ ਹੋਵੇਗਾ ਖੇਤਰੀ ਤੌਰ ਤੇ ਇਕ ਵਿਸ਼ੇਸ਼ ਉਦਯੋਗ ਵਿਚ ਉਤਪਾਦਨ ਦੇ ਵੱਖ-ਵੱਖ ਪੜਾਵਾਂ ਦੀ ਏਕੀਕ੍ਰਿਤ ਤਰੀਕੇ ਨਾਲ ਵੰਡ, ਮਤਲਬ ਉੱਤੋਂ ਹੇਠਾਂ ਨੂੰ ਏਕੀਕਰਨ ਅਤੇ ਸਾਰੇ ਖੇਤਰ ਵਿਚ ਉਤਪਾਦਕ ਵੰਡ ਦੀ ਮਦਦ ਨਾਲ ਉਤਪਾਦਨ ਦੇ ਉਸੇ ਪੜਾਅ 'ਤੇ ਵਿਸ਼ੇਸ਼ਤਾਈ, ਮਤਲਬ ਸੱਜਿਉਂ ਖੱਬੇ ਵਿਸ਼ੇਸ਼ਤਾਈ।

ਉਪਰ ਦਿਤੇ ਵਿਚਾਰ ਖੇਤਰੀ ਵੈਲਿਊ ਕੜੀਆਂ ਬਣਾਉਣ ਲਈ, ਇਕ ਖੇਤਰੀ ਸੰਦਰਭ ਵਿਚ ਅਹਿਮ ਹੋ ਜਾਂਦੇ ਹਨ ਤਾਂ ਕਿ ਖੇਤਰੀ ਤੌਰ ਤੇ ਤਾਲਮੇਲ ਵਾਲੇ ਨਿਰਮਾਣ ਦੇ ਉਦੇਸ਼ ਨੂੰ ਹਾਸਲ ਕੀਤਾ ਜਾ ਸਕੇ ਜੋ ਰੁਜ਼ਗਾਰ ਪੈਦਾ ਕਰਨ ਦੇ ਹਾਂ-ਪੱਖੀ ਪ੍ਰਭਾਵਾਂ ਨਾਲ ਵਿਕਾਸ ਦੇ ਇੰਜਨ ਵਜੋਂ ਕੰਮ ਕਰ ਸਕੇ।

ਉਤਪਤੀ ਦੇ ਨਿਯਮਾਂ ਦਾ ਇਕ ਪ੍ਰਮੁੱਖ ਕੰਮ ਮੁਕਤ ਵਪਾਰ ਸਮਝੌਤਿਆਂ ਵਿਚ ਵਪਾਰ ਨੂੰ ਭਟਕਣ ਤੋਂ ਰੋਕਣਾ ਹੈ ਜਦੋਂ ਕਿਸੇ ਉਤਪਾਦ ਦੀ ਉਤਪਤੀ ਦੇ ਵੱਖ-ਵੱਖ ਤੌਰ ਤਰੀਕੇ ਲਾਗਤਾਂ ਵਿਚ ਵੱਡੇ ਬਦਲਾਵਾਂ ਵੱਲ ਸੇਧਿਤ ਹੁੰਦੇ ਹਨ, ਪਰ, ਜਿਸ ਦਾ ਧਿਆਨ ਨਹੀਂ ਕੀਤਾ ਜਾਂਦਾ, ਉਹ ਹੈ ਕਿ ਉਤਪਤੀ ਦੇ ਨਿਯਮ ਅਤੇ ਉਨ੍ਹਾਂ ਦੇ ਤੌਰ ਤਰੀਕੇ, ਦੋਵੇਂ ਨਿਰਮਾਣ ਵਾਲੇ ਦੇਸ਼ ਵਿਚ ਸਮਰੱਥਾ ਵਿਚ ਮਦਦ ਕਰਦੇ ਹਨ ਅਤੇ ਰੁਜ਼ਗਾਰ ਪੈਦਾ ਕਰਨ ਦੇ ਪ੍ਰਭਾਵਾਂ ਹੇਠ ਵਿਕਾਸਮੁਖੀ ਭੂਮਿਕਾ ਅਦਾ ਕਰਦੇ ਹਨ। ਅਜਿਹਾ ਇਸ ਕਰਕੇ ਹੈ ਕਿਉਂਕਿ ਇਕ ਨਿਰਮਾਣ ਪ੍ਰਕਿਰਿਆ ਵਿਚ ਸਮਰੱਥਾ ਦਾ ਵਾਧਾ ਇਕਾਈਆਂ ਨੂੰ ਮਜ਼ਦੂਰਾਂ ਨੂੰ ਉਜਰਤਾਂ ਤੇ ਤਨਖ਼ਾਹਾਂ ਦੇਣ, ਪੂੰਜੀ 'ਤੇ ਵਿਆਜ ਦੇਣ, ਭੂਮੀ ਲਈ ਕਿਰਾਇਆ ਅਤੇ ਉੱਦਮੀਆਂ ਨੂੰ ਲਾਭ ਦੇਣ ਦੇ ਸਮਰੱਥ ਬਣਾਉਂਦਾ ਹੈ। ਇਸ ਦਾ ਮਤਲਬ ਹੈ ਨਿਰਮਾਣ ਸਮਰੱਥਾ ਵਿਚ ਜਿੰਨਾ ਵਾਧਾ ਹੋਵੇਗਾ, ਇਸ ਨਾਲ ਨਾ ਸਿਰਫ਼ ਮਜ਼ਦੂਰ ਸਗੋਂ ਉਤਪਾਦਨ ਦੇ ਸਾਰੇ ਪੱਖਾਂ ਨੂੰ ਰੁਜ਼ਗਾਰ 'ਤੇ ਲਾਉਣ ਦੀ ਸੰਭਾਵਨਾ ਉਨੀ ਹੀ ਵਧੇਰੇ ਹੋਵੇਗੀ। ਉੱਚ ਸਮਰੱਥਾ ਵਾਧਾ ਉੱਦਮੀਆਂ ਲਈ ਉੱਚ ਲਾਭ ਕਮਾਉਣ ਦਾ ਰਸਤਾ ਹੈ। ਸੰਖੇਪ ਵਿਚ, ਮੁਕਤ ਵਪਾਰ ਸਮਝੌਤੇ ਤਹਿਤ ਉਤਪਤੀ ਦੇ ਨਿਯਮ ਨਿਰਮਾਣ ਵਿਚ ਵਾਧਾ ਕਰਕੇ ਅਤੇ ਰੁਜ਼ਗਾਰ ਪੈਦਾ ਕਰਨ ਦੇ ਪ੍ਰਭਾਵਾਂ ਨਾਲ ਇਕ ਵਿਕਾਸ ਮੁਖੀ ਭੂਮਿਕਾ ਅਦਾ ਕਰ ਸਕਦੇ ਹਨ। ਇਸ ਪ੍ਰਕਾਰ, ਮੇਕ ਇਨ ਇੰਡੀਆ ਮੁਹਿੰਮ ਹੁਕਮ ਦਾ ਯੱਕਾ ਸਾਬਤ ਹੋ ਸਕਦੀ ਹੈ ਜੇ ਨਿਰਮਾਣ ਨੂੰ ਦੂਜੇ ਖੇਤਰਾਂ ਦੇ ਨਾਲ ਏਕੀਕ੍ਰਿਤ ਢੰਗ ਨਾਲ ਵੇਖਿਆ ਜਾਵੇ ਅਤੇ ਜੇ ਇਸ ਦੇ ਬਾਹਰੀ ਆਯਾਮਾਂ, ਜਿਵੇਂ ਉਤਪਤੀ ਦੇ ਨਿਯਮਾਂ ਨੂੰ ਠੀਕ ਤਰ੍ਹਾਂ ਸਮਝ ਲਿਆ ਜਾਵੇ। ਇਹ ਉਜਾਗਰ ਕਰਨਾ ਕਠਿਨ ਨਹੀਂ ਕਿ ਅੰਤਰਰਾਸ਼ਟਰੀ ਵਾਰਤਾਲਾਪ ਦਾ ਅਰਥਸ਼ਾਸਤਰ ਆਰਥਿਕ ਕੂਟਨੀਤੀ ਨੂੰ ਆਰਥਿਕ ਵਿਕਾਸ ਦੇ ਟੀਚੇ ਹਾਸਲ ਕਰਨ ਦਾ ਜ਼ਰੀਆ ਬਣਾ ਦੇਵੇਗਾ ਜਿਵੇਂ ਕਿ ਰੁਜ਼ਗਾਰ ਪੈਦਾ ਕਰਨਾ, ਗਰੀਬੀ ਹਟਾਉਣਾ ਅਤੇ ਲੋਕਾਂ ਦੇ ਜੀਵਨ ਪੱਧਰ ਵਿਚ ਗੁਣਾਤਮਕ ਸੁਧਾਰ।

## ਸੰਖੇਪ-ਸਾਰ

ਉੱਪਰ ਕੀਤੇ ਵਰਣਨ ਤੋਂ ਇਹ ਸਪੱਸ਼ਟ ਹੈ ਕਿ ਆਰਥਿਕ ਕੂਟਨੀਤੀ ਦੇ ਅਰਥ ਵਿਚ ਵੱਡਾ ਬਦਲਾਅ ਆਇਆ ਹੈ ਜਿਸ ਵਿਚ ਰਵਾਇਤੀ ਸਰਕਾਰ ਤੋਂ ਸਰਕਾਰ ਪੱਧਰ ਦੀ ਗੱਲਬਾਤ ਅਤੇ ਰਾਜਨੀਤਕ ਅਤੇ ਫੌਜੀ ਗੱਲਬਾਤ ਤੋਂ ਇਲਾਵਾ ਲੋਕਾਂ ਤੋਂ ਲੋਕਾਂ ਤਕ ਸੰਬੰਧ ਅਤੇ ਦੇਸ਼ਾਂ ਦਰਮਿਆਨ ਆਰਥਿਕ ਵਾਰਤਾਲਾਪ ਵੀ ਸ਼ਾਮਿਲ ਹੋ ਗਿਆ ਹੈ। ਇਸ ਤਰ੍ਹਾਂ, ਆਰਥਿਕ ਕੂਟਨੀਤੀ ਨੂੰ ਇਕ ਜ਼ਰੀਏ ਵਜੋਂ ਇਸਤੇਮਾਲ ਕਰਨਾ ਹੋਰ ਅਰਥ ਭਰਪੂਰ ਹੋ ਗਿਆ ਹੈ ਤਾਂ ਜੋ ਵਧੇਰੇ ਆਰਥਿਕ ਸੰਬੰਧਾਂ ਦੁਆਰਾ ਦੁਵੱਲੇ ਅਤੇ ਖੇਤਰੀ ਪੱਧਰਾਂ 'ਤੇ ਅਮਨ ਦੀ ਪ੍ਰਾਪਤੀ ਹੋ ਸਕੇ, ਜਿਵੇਂ ਕਿ ਮੌਜੂਦਾ ਸਾਹਿਤ ਵਿਚ ਵੀ ਸੁਝਾਇਆ ਗਿਆ ਹੈ। ਇਹ ਵੀ ਨੋਟ ਕੀਤਾ ਗਿਆ ਹੈ ਕਿ ਘਰੇਲੂ ਅਤੇ ਬਾਹਰੀ ਵਾਰਤਾਲਾਪ ਦਰਮਿਆਨ ਇਕ ਸਪੱਸ਼ਟ ਲਕੀਰ ਖਿੱਚਣਾ ਮੁਸ਼ਕਿਲ ਹੈ ਕਿਉਂਕਿ ਨੁਕਸਾਨ ਦੋਵੇਂ ਪਾਸੇ ਹੁੰਦਾ ਹੈ। ਅਜਿਹੀ ਇਕ ਪਹਿਲਕਦਮੀ ਜਿਸ ਨੂੰ ਘਰੇਲੂ ਸਮਝਿਆ ਜਾਂਦਾ ਹੈ ਪਰ ਯਕੀਨਨ ਤੌਰ ਤੇ ਜਿਸ ਦੇ ਬਾਹਰੀ ਆਯਾਮ ਵੀ ਹਨ, ਉਹ ਹੈ ਮੇਕ ਇਨ ਇੰਡੀਆ। ਇਹ ਪਹਿਲਕਦਮੀ, ਜਿਸ ਦਾ ਨਿਸ਼ਾਨਾ ਨਿਰਮਾਣ ਖੇਤਰ ਦੇ ਵਿਕਾਸ ਨੂੰ ਵਧਾਉਣਾ ਅਤੇ ਰੁਜ਼ਗਾਰ ਦੇ ਮੌਕੇ ਪੈਦਾ ਕਰਨਾ ਹੈ, ਨੇ ਵੱਡੇ ਪੱਧਰ 'ਤੇ ਅੰਤਰਰਾਸ਼ਟਰੀ ਦੇਸ਼ਾਂ ਦਾ ਧਿਆਨ ਖਿੱਚਿਆ ਹੈ। ਇਸ ਤੱਥ ਨੂੰ ਵੇਖਦਿਆਂ ਕਿ ਖੇਤਰ ਵਿਚ ਭਾਰਤ ਸਿੱਧੇ ਵਿਦੇਸ਼ੀ ਨਿਵੇਸ਼ ਲਈ ਜ਼ਿਆਦਾ ਆਕਰਸ਼ਕ ਦੇਸ਼ ਹੈ, ਮੇਕ ਇਨ ਇੰਡੀਆ ਵਰਗੀ ਪਹਿਲਕਦਮੀ ਆਰੰਭਿਕ ਤਰੱਕੀ ਦੇ ਉੱਚ ਪੱਧਰ ਨੂੰ ਹਾਸਲ ਕਰਨ ਦਾ ਇਕ ਜ਼ਰੀਆ ਬਣ ਸਕਦੀ ਹੈ। ਪਰ ਇਸ ਲਈ ਨਿਰਮਾਣ ਖੇਤਰ ਨੂੰ ਆਰਥਿਕਤਾ ਦੇ ਬਾਕੀ ਖੇਤਰਾਂ ਨਾਲ ਜੋੜ ਕੇ ਏਕੀਕ੍ਰਿਤ ਪਹੁੰਚ ਅਪਣਾਉਣੀ ਪਵੇਗੀ ਅਤੇ ਨਾਲ ਹੀ ਨਾਲ ਜੋੜ ਵਾਲੇ ਬਾਹਰੀ ਆਯਾਮਾਂ ਨੂੰ ਸਪੱਸ਼ਟ ਤੌਰ ਤੇ ਸਮਝਣਾ ਪਵੇਗਾ।

**ਇਸ ਤਰ੍ਹਾਂ, ਆਰਥਿਕ ਵਿਚਾਰਾਂ ਨੂੰ ਅੰਤਰਰਾਸ਼ਟਰੀ ਗੱਲਬਾਤ ਵਿਚ ਰੱਖਣਾ ਅਤੇ ਵਿਦੇਸ਼ ਨੀਤੀ ਦੇ ਉਦੇਸ਼ਾਂ ਨੂੰ ਆਰਥਿਕ ਕੂਟਨੀਤੀ ਦਾ ਭਾਗ ਬਣਾਉਣਾ ਅਹਿਮ ਹੈ। ਇਸ ਸੰਦਰਭ ਵਿਚ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਭਾਰਤ ਦੀ ਵਿਦੇਸ਼ ਨੀਤੀ ਨੂੰ ਘਰੇਲੂ ਆਰਥਿਕ ਪਹਿਲਾਂ ਨਾਲ ਜੋੜਨ ਲਈ ਆਰਥਿਕ ਕੂਟਨੀਤੀ ਨੂੰ ਇਕ ਜ਼ਰੀਏ ਦੇ ਤੌਰ ਤੇ ਇਸਤੇਮਾਲ ਕਰਨਾ ਅਤੇ ਆਰਥਿਕ ਵਿਕਾਸ ਦੀਆਂ ਛੁਪੀਆਂ ਸੰਭਾਵਨਾਵਾਂ ਨੂੰ ਉਜਾਗਰ ਕਰਨ ਅਤੇ ਦੁਨੀਆਂ ਦੀ ਪ੍ਰਮੁੱਖ ਆਰਥਿਕ ਸ਼ਕਤੀ ਬਣਨ ਲਈ ਆਰਥਿਕ ਕੂਟਨੀਤੀ ਦੀ ਵੱਧ ਤੋਂ ਵੱਧ ਵਰਤੋਂ ਕਰਨੀ ਚਾਹੀਦੀ ਹੈ।**

*(ਲੇਖਕ ਦਿੱਲੀ ਸਥਿਤ ਰੀਸਰਚ ਐਂਡ ਇਨਫਰਮੇਸ਼ਨ ਸਿਸਟਿਮ ਫਾਰ ਡਿਵੈਲਪਮੈਂਟ ਕੰਟਰੀਜ਼ (ਆਰ ਆਈ ਐੱਸ) ਵਿਖੇ ਪ੍ਰੋਫੈਸਰ ਹੈ।)*

*e-mail :upendra@ris.org.in*

# ਸੁਸ਼ਾਸਨ : ਸ਼ੈਲੀ ਤੇ ਮੂਲ ਮੁੱਦਾ

ਏ ਸੂਰੀਆ ਪ੍ਰਕਾਸ਼

1989 ਈਸਵੀ ਵਿਚ ਭਾਰਤੀ ਰਾਜਨੀਤੀ ਅੰਦਰ ਗੱਠਜੋੜ ਰਾਜਨੀਤੀ ਦਾ ਆਗਮਨ ਹੋਣ ਸਮੇਂ ਤੋਂ ਹੀ ਇਕ ਆਮ ਧਾਰਨਾ ਬਣ ਗਈ ਸੀ ਕਿ ਦੇਸ਼ ਉਦੇਸ਼ ਤੋਂ ਸੱਖਣਾ ਹੋ ਗਿਆ ਹੈ ਅਤੇ ਧਿਆਨ ਭਟਕ ਗਿਆ ਹੈ। ਇਹ ਅਹਿਸਾਸ ਜ਼ਿੰਦਗੀ ਦੇ ਸਾਰੇ ਪੱਖਾਂ ਵਿਚ ਰਮ ਗਿਆ ਅਤੇ ਇਸ ਦਾ ਬਰਾਬਰ ਦਾ ਅਸਰ ਸ਼ਾਸਨ 'ਤੇ ਵੀ ਪਿਆ, ਭਾਵੇਂ ਉਹ ਸਮਾਜਿਕ ਜਾਂ ਆਰਥਿਕ ਮੁੱਦੇ ਹੋਣ। ਰਾਜਨੀਤਕ ਅਸਥਿਰਤਾ ਨੇ ਨਿਕੰਮੇਪਨ ਅਤੇ ਪਾਰਦਰਸ਼ਤਾ ਦੀ ਘਾਟ ਨੂੰ ਜਨਮ ਦਿਤਾ। ਪਰ, ਇਸ ਰੁਖ ਅਤੇ ਦੁਵਿਧਾ ਦਾ ਸਭ ਤੋਂ ਜ਼ਿਆਦਾ ਪ੍ਰਭਾਵ ਭਾਰਤ ਦੇ ਬਾਕੀ ਦੁਨੀਆਂ ਨਾਲ ਸੰਬੰਧਾਂ 'ਤੇ ਪਿਆ। ਅੰਤਰਰਾਸ਼ਟਰੀ ਘਟਨਾਵਾਂ ਪ੍ਰਤਿ ਘਬਰਾਹਟ ਵਾਲੇ ਪ੍ਰਤਿਕਰਮ ਅਤੇ ਗੁਆਂਢੀ ਦੇਸ਼ਾਂ ਦੁਆਰਾ ਸ਼ਰੇਆਮ ਭੜਕਾਹਟ ਪ੍ਰਤਿ ਮੱਠੇ ਹੁੰਗਾਰੇ ਸਵੈਮਾਣ ਤੋਂ ਸੱਖਣੇ ਸਨ, ਜਿਸ ਨਾਲ ਵਿਸ਼ਵੀ ਭਾਈਚਾਰੇ ਵਿਚ ਸੰਦੇਸ਼ ਗਿਆ ਕਿ ਭਾਰਤ ਆਗੂ ਹੋਣ ਦੀ ਬਜਾਇ ਆਗੂਹੀਣ ਨਜ਼ਰ ਆ ਰਿਹਾ ਹੈ।

ਇਹ ਦਲੀਲ ਵੀ ਦਿਤੀ ਜਾ ਸਕਦੀ ਹੈ ਕਿ ਚੋਣ ਵਾਅਦਿਆਂ ਅਤੇ ਉਨ੍ਹਾਂ ਨੂੰ ਪੂਰਾ ਕਰਨ ਵਿਚਾਲੇ ਪਾੜਾ ਨਜ਼ਰ ਪ੍ਰਤੱਖ ਆ ਰਿਹਾ ਹੈ ਜਾਂ ਰਾਸ਼ਟਰੀ ਜਮਹੂਰੀ ਗੱਠਜੋੜ ਦੀ ਸਰਕਾਰ ਵਧੀਆਂ ਹੋਈਆਂ ਉਮੀਦਾਂ 'ਤੇ ਪੂਰੀ ਉਤਰਨ ਵਿਚ ਅਸਫਲ ਰਹੀ ਹੈ ਜੋ ਇਸ ਨੇ ਪਿਛਲੇ ਸਾਲ ਲੋਕ ਸਭਾ ਦੀਆਂ ਚੋਣਾਂ ਮੌਕੇ ਜਗਾਈਆਂ ਸਨ। ਪਰ ਇਸ ਤੋਂ ਵੀ ਕੋਈ ਮੁਨਕਰ ਨਹੀਂ ਹੋ ਸਕਦਾ ਕਿ ਨਿਰਾਸ਼ਾ ਦਾ ਆਲਮ ਬੀਤੇ ਦੀ ਗੱਲ ਬਣ ਗਿਆ ਹੈ ਅਤੇ ਵਰਤਮਾਨ ਸਰਕਾਰ ਤੇਜ਼ ਰਫ਼ਤਾਰ ਅਤੇ ਠੋਸ ਨਤੀਜਿਆਂ ਨਾਲ ਆਪਣੇ ਵਾਅਦਿਆਂ ਨੂੰ ਇਕ-ਇਕ ਕਰਕੇ ਪੂਰਾ ਕਰ ਰਹੀ ਹੈ। ਇਸ ਕੇਂਦਰੀ ਵਿਚਾਰ ਤੋਂ ਹੋਰ ਪ੍ਰਾਪਤੀਆਂ ਵੀ ਹੋ ਰਹੀਆਂ ਹਨ। ਜਿਥੋਂ ਤਕ ਵੱਖ-ਵੱਖ ਮੋਰਚਿਆਂ 'ਤੇ ਸਰਕਾਰ ਦੀਆਂ ਸਫਲਤਾਵਾਂ ਅਤੇ ਅਸਫਲਤਾਵਾਂ ਦਾ ਸਵਾਲ ਹੈ, ਸਾਨੂੰ ਐਨ ਡੀ ਏ ਸਰਕਾਰ ਦੇ ਵਹੀ-ਖਾਤੇ ਦੇ ਵੱਖ-ਵੱਖ ਭਾਗਾਂ ਨੂੰ ਵਾਚਣ ਦੀ ਲੋੜ ਪਵੇਗੀ ਅਤੇ ਫਿਰ ਹੀ ਸਾਰੇ ਦ੍ਰਿਸ਼ ਬਾਰੇ ਆਪਣਾ ਵਿਚਾਰ ਬਣਾਉਣਾ ਹੋਵੇਗਾ। ਸਰਕਾਰ ਦਾ ਪਹਿਲਾ ਸਾਲ ਉਥਲ-ਪੁਥਲ ਵਾਲਾ ਰਿਹਾ ਹੈ ਜਿਸ ਦੌਰਾਨ ਸਰਕਾਰ ਸ਼ਾਸਨ ਦੇ ਦਿਸਹੱਦਿਆਂ ਨੂੰ ਹੁਣ ਤਕ ਅਣਗੌਲੇ ਰਹੇ ਖੇਤਰਾਂ ਤਕ ਲੈ ਕੇ ਗਈ ਹੈ। ਇਸ ਸਾਲ ਦੌਰਾਨ ਦਹਾਕਿਆਂ ਤੋਂ ਚਲਦੀਆਂ ਆ ਰਹੀਆਂ ਸਮੱਸਿਆਵਾਂ ਜਿਵੇਂ ਲਿੰਗਕ ਅਬਰਾਬਰੀ, ਸਫ਼ਾਈ ਅਤੇ ਸਵੱਛਤਾ, ਬੈਂਕਿਗ ਖੇਤਰ ਤੋਂ ਲੱਖਾਂ ਲੋਕਾਂ ਦੀ ਦੂਰੀ, ਬਿਜਲੀ ਉਤਪਾਦਨ, ਰੇਲਵੇ, ਰਾਸ਼ਟਰੀ ਸ਼ਾਹਰਾਹਾਂ ਦਾ ਨਿਰਮਾਣ ਆਦਿ ਬੁਨਿਆਦੀ ਢਾਂਚੇ ਦੇ ਵਿਕਾਸ ਦੇ ਖੇਤਰ ਦੇ ਹੱਲ ਲਈ ਬਹੁਤ ਸਾਰੀਆਂ ਰਾਸ਼ਟਰੀ ਯੋਜਨਾਵਾਂ ਸ਼ੁਰੂ ਕੀਤੀਆਂ ਗਈਆਂ ਹਨ। ਵਿਦੇਸ਼ੀ ਮਾਮਲਿਆਂ ਸੰਬੰਧੀ ਇਕ ਤੀਬਰ ਮੁਹਿੰਮ ਸ਼ੁਰੂ ਕੀਤੀ ਗਈ ਹੈ ਅਤੇ ਸੰਕਟਾਂ ਤੇ ਆਫ਼ਤ ਪ੍ਰਬੰਧਨ ਲਈ ਬਿਲਕੁਲ ਨਵੀਂ ਨਕੋਰ ਤੇ ਪ੍ਰਭਾਵੀ ਪੰਹੁਚ ਅਖ਼ਤਿਆਰ ਕੀਤੀ ਗਈ ਹੈ। ਜਦੋਂ ਤੁਸੀਂ ਇਨ੍ਹਾਂ ਖੇਤਰਾਂ ਵਿਚ ਆਏ ਬਦਲਾਵਾਂ ਦਾ ਮੁੱਲੰਕਣ ਕਰੋਗੇ ਤਾਂ ਦੇਖੋਗੇ ਕਿ ਇਹ ਬਦਲਾਅ ਸਪੱਸ਼ਟ ਨਜ਼ਰ ਆ ਰਹੇ ਹਨ। ਗਰੀਬਾਂ, ਕਿਸਾਨਾਂ, ਨਿਵੇਸ਼ ਅਤੇ ਰੁਜ਼ਗਾਰ ਪੱਖੀ ਨਵੀਆਂ ਯੋਜਨਾਵਾਂ ਇਕ ਸਾਲ ਦੇ ਵਕਫ਼ੇ ਅੰਦਰ ਸ਼ੁਰੂ ਕਰਨੀਆਂ ਆਜ਼ਾਦ ਭਾਰਤ ਦੇ ਇਤਿਹਾਸ ਵਿਚ ਆਪਣੀ ਮਿਸਾਲ ਆਪ ਹੈ।

## ਵਿਦੇਸ਼ੀ ਨੀਤੀ ਬਾਰੇ ਤੂਫ਼ਾਨੀ ਮੁਹਿੰਮ

ਪ੍ਰਧਾਨ ਮੰਤਰੀ ਦਾ ਵਿਦੇਸ਼ ਨੀਤੀ ਦੇ ਖੇਤਰ ਵਿਚ ਦਖ਼ਲ ਪਹਿਲੇ ਦਿਨ ਤੋਂ ਹੀ ਸ਼ੁਰੂ ਹੋ ਗਿਆ ਸੀ, ਜਦੋਂ ਸਹੁੰ-ਚੁੱਕ ਸਮਾਰੋਹ ਵਿਚ ਸਾਰਕ ਦੇਸ਼ਾਂ ਦੇ ਸਾਰੇ ਮੁਖੀਆਂ ਨੂੰ ਸੱਦਾ ਪੱਤਰ ਦਿਤਾ ਗਿਆ ਸੀ। ਉਦੋਂ ਤੋਂ ਲੈ ਕੇ ਹੁਣ ਤਕ ਇਕ ਪ੍ਰਕਾਰ ਦੀ ਤੂਫ਼ਾਨੀ ਮੁਹਿੰਮ ਚੱਲ ਰਹੀ ਹੈ ਜਿਸ ਵਿਚ ਸਰਕਾਰੀ ਯਾਤਰਾਵਾਂ ਅਤੇ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ, ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ, ਚੀਨ ਦੇ ਰਾਸ਼ਟਰਪਤੀ ਜ਼ੀ ਜ਼ਿੰਨਪਿੰਗ, ਜਰਮਨ ਦੇ ਚਾਂਸਲਰ ਐਂਜਲਾ ਮਰਕਲ, ਫਰਾਂਸ ਦੇ ਰਾਸ਼ਟਰਪਤੀ ਫਰਾਂਸਿਸ ਹਾਲੈਂਡੇ, ਜਾਪਾਨੀ ਪ੍ਰਧਾਨ ਮੰਤਰੀ ਸ਼ਿੰਜੋ ਐਬੇ ਅਤੇ ਕੈਨੇਡਾ ਦੇ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਵਿਸ਼ਵ ਦੇ ਅਹਿਮ ਨੇਤਾਵਾਂ ਨਾਲ ਮੁਲਾਕਾਤਾਂ ਸ਼ਾਮਿਲ ਹਨ। ਦੇਸ਼ ਦੇ ਅੰਦਰ ਦੀ ਗੱਲ ਕਰੀਏ ਤਾਂ ਭੂਟਾਨ ਨੂੰ ਆਪਣੀ ਪਹਿਲੀ ਵਿਦੇਸ਼ ਯਾਤਰਾ ਲਈ ਚੁਣ ਕੇ ਸ੍ਰੀ ਨਰੇਂਦਰ ਮੋਦੀ ਨੇ ਗੁਆਂਢੀਆਂ ਨਾਲ ਰਿਸ਼ਤੇ ਸੁਧਾਰਨ ਦੀ ਉਤਸੁਕਤਾ ਦਾ ਇਜ਼ਹਾਰ ਕੀਤਾ। ਭਾਰਤ ਦੇ ਅੰਤਰਰਾਸ਼ਟਰੀ ਸੰਬੰਧਾਂ ਵਿਚ ਸੁਧਾਰ ਲਿਆਉਣ ਲਈ ਉਹ ਦੋ ਵਾਰ ਨੇਪਾਲ ਵੀ ਗਏ। ਇਕ ਸਾਲ ਦੇ ਛੋਟੇ ਜਿਹੇ ਵਕਫ਼ੇ ਵਿਚ ਪ੍ਰਧਾਨ ਮੰਤਰੀ ਨੇ 19 ਦੇਸ਼ਾਂ ਦੇ ਦੌਰੇ ਕੀਤੇ। ਦੁਨੀਆਂ ਦੇ ਨੇਤਾਵਾਂ ਨਾਲ ਨਿੱਜੀ ਸਾਂਝ ਪਾਉਣ ਸਮੇਤ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਮੈਡੀਸਨ ਸਕੁਏਰ, ਨਿਊਯਾਰਕ, ਫ਼ਰਾਂਸ, ਜਰਮਨ ਅਤੇ ਕੈਨੇਡਾ ਵਿਚ ਕੀਤੀਆਂ ਜਨਸਭਾਵਾਂ ਵਿਚ ਹਜ਼ਾਰਾਂ ਲੋਕਾਂ ਨੂੰ ਆਪਣੇ ਵੱਲ ਖਿੱਚਿਆ। ਕਿਸੇ ਵੀ ਭਾਰਤੀ ਪ੍ਰਧਾਨ ਮੰਤਰੀ ਦੀ ਯਾਤਰਾ ਦੌਰਾਨ ਇਨ੍ਹਾਂ ਦੇਸ਼ਾਂ ਨੇ ਪ੍ਰਵਾਸੀ ਭਾਰਤੀਆਂ ਦਾ ਇੰਨਾ ਆਪਮੁਹਾਰਾ ਹੁੰਗਾਰਾ ਪਹਿਲਾਂ ਕਦੇ ਨਹੀਂ ਸੀ ਤੱਕਿਆ।

## ਵਿਲੱਖਣ ਸ਼ਾਸਨ

ਗੌਰ ਕਰਨ ਵਾਲਾ ਇਕ ਹੋਰ ਖੇਤਰ

ਵਰਤਮਾਨ ਸਰਕਾਰ ਦੀ ਆਫ਼ਤ ਪ੍ਰਬੰਧਨ ਅਤੇ ਮਾਨਵੀ ਮੁੱਦਿਆਂ ਨਾਲ ਨਜਿੱਠਣ ਦੀ ਪਹੁੰਚ ਹੈ। ਇਸ ਦੀ ਸ਼ੁਰੂਆਤ ਇਰਾਕ ਵਿਚੋਂ ਨਰਸਾਂ ਨੂੰ ਸੁਰੱਖਿਅਤ ਕੱਢਣ ਨਾਲ ਹੋਈ। ਫਿਰ ਯਮਨ ਦਾ ਸੰਕਟ ਸਾਹਮਣੇ ਆਇਆ ਜਦੋਂ ਭਾਰਤ ਦੇ ਵਿਦੇਸ਼ ਮੰਤਰਾਲਾ, ਭਾਰਤੀ ਹਵਾਈ ਸੈਨਾ ਅਤੇ ਜਲ ਸੈਨਾ ਨੇ ਮਿਲ ਕੇ ਹਜ਼ਾਰਾਂ ਲੋਕਾਂ ਨੂੰ ਸੁਰੱਖਿਅਤ ਯਮਨ ਤੋਂ ਬਾਹਰ ਕੱਢਿਆ ਜਿਨ੍ਹਾਂ ਵਿਚ ਵੱਡੀ ਗਿਣਤੀ ਵਿਚ ਵਿਦੇਸ਼ੀ ਨਾਗਰਿਕ ਵੀ ਸਨ। ਇਹ ਸਾਰਾ ਕੁਝ ਬਹੁਤ ਮੁਸ਼ਕਿਲ ਹਾਲਾਤ ਵਿਚ ਨੇਪਰੇ ਚੜ੍ਹਾਇਆ ਗਿਆ। ਨਵੀਂ ਰਣਨੀਤੀ ਤਹਿਤ, ਪ੍ਰਧਾਨ ਮੰਤਰੀ ਵਲੋਂ ਵਿਦੇਸ਼ ਰਾਜ ਮੰਤਰੀ ਜਨਰਲ ਵੀ.ਕੇ. ਸਿੰਘ ਨੂੰ ਜਿਬੂਤੀ ਭੇਜਿਆ ਗਿਆ ਤਾਂ ਕਿ ਹਰੇਕ ਭਾਰਤੀ ਨੂੰ ਉਥੋਂ ਸੁਰੱਖਿਅਤ ਵਾਪਸ ਲਿਆਂਦਾ ਜਾ ਸਕੇ। ਝਗੜੇ ਵਾਲੇ ਖੇਤਰ ਵਿਚੋਂ ਲੋਕਾਂ ਨੂੰ ਸੁਰੱਖਿਅਤ ਬਾਹਰ ਕੱਢਣ ਦੀ ਇਸ ਸੰਗਠਿਤ ਕੋਸ਼ਿਸ਼ ਨੂੰ ਦੁਨੀਆਂ ਭਰ ਦੇ ਦੇਸ਼ਾਂ ਵਲੋਂ ਸਲਾਹਿਆ ਗਿਆ ਕਿਉਂਕਿ ਕੁੱਲ ਬਚਾਏ ਗਏ 5600 ਲੋਕਾਂ ਵਿਚ 41 ਦੇਸ਼ਾਂ ਦੇ 960 ਹੋਰ ਨਾਗਰਿਕ ਵੀ ਸ਼ਾਮਿਲ ਸਨ।

ਇਸੇ ਰਫ਼ਤਾਰ ਅਤੇ ਪ੍ਰਤਿਬਧਤਾ ਨਾਲ ਭਾਰਤ ਸਰਕਾਰ ਨੇ ਭਿਆਨਕ ਭੂਚਾਲ ਤ੍ਰਾਸਦੀ ਤੋਂ ਪੀੜਤ ਨੇਪਾਲ ਤਕ ਰਸਾਈ ਕੀਤੀ ਜੋ ਭਾਰਤੀਆਂ ਅਤੇ ਬਾਕੀ ਦੁਨੀਆਂ ਨੇ ਪਹਿਲਾਂ ਕਦੇ ਨਹੀਂ ਸੀ ਵੇਖਿਆ। ਪ੍ਰਧਾਨ ਮੰਤਰੀ ਦੀਆਂ ਵਿਸ਼ੇਸ਼ ਹਦਾਇਤਾਂ 'ਤੇ ਅਮਲ ਕਰਦਿਆਂ ਰਾਸ਼ਟਰੀ ਆਫ਼ਤ ਪ੍ਰਬੰਧਨ ਬਲ (ਐੱਨ ਡੀ ਆਰ ਐਫ) ਇਸ ਦੁਖਾਂਤ ਦੇ ਕੁਝ ਹੀ ਘੰਟਿਆਂ ਅੰਦਰ ਨੇਪਾਲ ਲਈ ਰਵਾਨਾ ਕਰ ਦਿਤਾ ਗਿਆ। ਜਿਸ ਨੇ ਚੌਵੀ ਘੰਟੇ ਰਾਹਤ ਅਤੇ ਬਚਾਅ ਕਾਰਜ ਆਰੰਭ ਕਰ ਦਿਤੇ।

ਘਰੇਲੂ ਮੋਰਚੇ 'ਤੇ ਕੁਦਰਤੀ ਆਫ਼ਤਾਂ ਨਾਲ ਸਿੱਝਣ ਲਈ ਅਜਿਹੀ ਹੀ ਰਣਨੀਤੀ ਅਮਲ ਵਿਚ ਲਿਆਂਦੀ ਗਈ, ਭਾਵੇਂ ਉਹ ਜੰਮੂ-ਕਸ਼ਮੀਰ ਵਿਚ ਆਏ ਹੜ੍ਹ ਹੋਣ ਜਾਂ ਬਿਹਾਰ ਵਿਚ ਆਇਆ ਭੂਚਾਲ। ਬਹੁਤ ਸਾਰੇ ਕੇਂਦਰੀ ਮੰਤਰੀਆਂ ਨੇ ਉੱਤਰ ਪ੍ਰਦੇਸ਼, ਰਾਜਸਥਾਨ, ਹਰਿਆਣਾ ਅਤੇ ਪੰਜਾਬ ਦਾ ਦੌਰਾ ਕਰਕੇ ਉਨ੍ਹਾਂ ਕਿਸਾਨਾਂ ਨਾਲ ਮੁਲਾਕਾਤ ਕੀਤੀ ਜਿਨ੍ਹਾਂ ਦੀਆਂ ਫ਼ਸਲਾਂ ਬੇਮੌਸਮੀ ਬਾਰਸ਼ ਨੇ ਤਬਾਹ ਕਰ ਦਿਤੀਆਂ ਸਨ।

ਪ੍ਰਧਾਨ ਮੰਤਰੀ ਦੀ ਲੀਕ ਤੋਂ ਹਟ ਕੇ ਇਕ ਹੋਰ ਪਹਿਲਕਦਮੀ ਰੇਡੀਓ ਪ੍ਰੋਗਰਾਮ 'ਮਨ ਕੀ ਬਾਤ' ਸ਼ੁਰੂ ਕਰਨਾ ਸੀ ਤਾਂ ਕਿ ਲੋਕਾਂ ਨਾਲ ਸਿੱਧਾ ਸੰਵਾਦ ਰਚਾਇਆ ਜਾ ਸਕੇ। ਆਲ ਇੰਡੀਆ ਰੇਡੀਓ 'ਤੇ ਮਹੀਨੇ ਵਿਚ ਇਕ ਵਾਰ ਪੇਸ਼ ਹੋਣ ਵਾਲੇ ਇਸ ਪ੍ਰੋਗਰਾਮ ਨੇ ਸਰੋਤਿਆਂ ਨੂੰ ਦੁਬਾਰਾ ਰੇਡੀਓ ਵੱਲ ਖਿੱਚਿਆ ਹੈ। ਇਹ ਪ੍ਰੋਗਰਾਮ ਟੈਲੀਵੀਜ਼ਨ 'ਤੇ ਵੀ ਸੁਪਰਹਿਟ ਹੈ ਕਿਉਂਕਿ ਬਹੁਤ ਸਾਰੇ ਖ਼ਬਰਾਂ ਦੇ ਚੈਨਲ ਵੀ ਇਸ ਪ੍ਰੋਗਰਾਮ ਨੂੰ ਸਿੱਧਾ ਪ੍ਰਸਾਰਿਤ ਕਰ ਰਹੇ ਹਨ।

ਨਵੀਂ ਸੁਸ਼ਾਸਨ ਪੱਧਤੀ ਦੀ ਸਭ ਤੋਂ ਵਧੀਆ ਉਦਾਹਰਣ ਵਿਦੇਸ਼ ਮੰਤਰੀ ਸ੍ਰੀਮਤੀ ਸੁਸ਼ਮਾ ਸਵਰਾਜ ਵਲੋਂ ਪੇਸ਼ ਕੀਤੀ ਜਾ ਰਹੀ ਹੈ। ਸਾਲਾਂਬਧੀ ਭਾਰਤੀ ਪ੍ਰਵਾਸੀ ਅਤੇ ਵਿਦੇਸ਼ ਜਾਣ ਵਾਲੇ ਨਾਗਰਿਕ ਲਗਾਤਾਰ ਇਹ ਉਲ੍ਹਾਮਾ ਦਿੰਦੇ ਰਹੇ ਕਿ ਭਾਰਤੀ ਸਫ਼ਾਰਤਖ਼ਾਨਿਆਂ ਅਤੇ ਵਿਦੇਸ਼ ਮੰਤਰਾਲਾ ਦਾ ਰਵੱਈਆ ਗ਼ੈਰ-ਸੰਵੇਦਨਸ਼ੀਲ ਹੈ। ਇਹ ਸਭ ਹੁਣ ਬੀਤੇ ਦੀ ਗੱਲ ਬਣ ਗਿਆ ਹੈ। ਅੱਜ ਹਾਲਾਤ ਇਹ ਹੈ ਕਿ ਭਾਰਤ ਦੇ ਵਿਦੇਸ਼ ਮੰਤਰੀ ਰਾਤ ਦੇ 2 ਵਜੇ ਵੀ ਸੰਕਟ ਸਮੇਂ ਦੇ ਟਵੀਟ ਦਾ ਹੁੰਗਾਰਾ ਭਰਦੇ ਹਨ, ਨੇੜਲੇ ਸਫਾਰਤਖ਼ਾਨੇ ਨੂੰ ਸਾਵਧਾਨ ਕਰਦੇ ਹਨ ਅਤੇ ਇਹ ਯਕੀਨੀ ਬਣਾਉਂਦੇ ਹਨ ਕਿ ਸਹਾਇਤਾ ਪੁੱਜਣ ਤਕ ਹਾਲਾਤ 'ਤੇ ਨਜ਼ਰ ਰੱਖੀ ਜਾਵੇ। ਇਹ ਗੜਬੜ ਵਾਲੀਆਂ ਥਾਵਾਂ ਤੋਂ ਸੁਰੱਖਿਅਤ ਕੱਢਣ ਵਾਲੇ ਭਾਰਤੀ ਕਾਮਿਆਂ ਦੇ ਸਮੂਹ ਵੀ ਹੋ ਸਕਦੇ ਹਨ ਜਾਂ ਵਿਅਕਤੀਗਤ ਮਾਮਲੇ ਵੀ, ਜਿਵੇਂ ਘਰੇਲੂ ਹਿੰਸਾ ਦੀ ਸ਼ਿਕਾਰ ਔਰਤ ਜਾਂ ਕਿਸੇ ਨਾਗਰਿਕ ਦਾ ਪਾਸਪੋਰਟ ਗੁਆਚ ਗਿਆ ਹੋਵੇ। ਉਨ੍ਹਾਂ ਨੇ ਸਿਰਫ਼ ਵਿਦੇਸ਼ ਮੰਤਰੀ ਨੂੰ ਸਹਾਇਤਾ ਲਈ ਇਕ ਟਵੀਟ ਕਰਨਾ ਹੈ ਅਤੇ ਉਹ ਟਵੀਟ ਭਾਰਤ ਸਰਕਾਰ ਦੀ ਸ਼ਕਤੀ ਨੂੰ ਜਾਗ੍ਰਿਤ ਕਰਕੇ ਮਦਦ ਪੁੱਜਦੀ ਕਰੇਗਾ। ਭਾਰਤ ਨੂੰ ਕਦੇ ਵੀ ਅਜਿਹਾ ਵਿਦੇਸ਼ ਮੰਤਰੀ ਜਾਂ ਵਿਦੇਸ਼ ਮੰਤਰਾਲਾ ਨਸੀਬ ਨਹੀਂ ਹੋਇਆ। ਸ੍ਰੀਮਤੀ ਸਵਰਾਜ ਦੀ ਇਹ ਪਹੁੰਚ ਦੂਜੇ ਲੋਕੰਤਤਰਾਂ ਦੇ ਵਿਦੇਸ਼ ਮੰਤਰਾਲਿਆਂ ਲਈ ਇਕ ਆਦਰਸ਼ ਸਾਬਤ ਹੋ ਸਕਦੀ ਹੈ।

## ਆਰਥਿਕਤਾ ਨੂੰ ਢੁਕਵਾਂ ਹੁਲਾਰਾ

ਸਰਕਾਰ ਨੂੰ ਦਰਪੇਸ਼ ਗੰਭੀਰ ਤੌਖਲੇ ਵਾਲਾ ਇਕ ਹੋਰ ਖੇਤਰ ਭਾਰਤ ਦੀ ਆਰਥਿਕਤਾ ਦੇ ਹਾਲਾਤ ਸਨ। ਇਕ ਤੋਂ ਵੱਧ ਇਕ ਘੁਟਾਲੇ ਅਤੇ ਸ਼ਾਸਨ ਦਾ ਭੱਠਾ ਬੈਠਣ ਕਰਕੇ ਵਿਦੇਸ਼ੀ ਨਿਵੇਸ਼ਕਾਰਾਂ ਦਾ ਭਾਰਤ ਤੋਂ ਯਕੀਨ ਉੱਠਣਾ ਸ਼ੁਰੂ ਹੋ ਗਿਆ ਸੀ। ਸਰਕਾਰ ਦੀ ਸਫਲਤਾ ਜਾਂ ਅਸਫਲਤਾ ਇਸ ਗੱਲ 'ਤੇ ਨਿਰਭਰ ਕਰੇਗੀ ਕਿ ਕੀ ਨਿਕਟ ਭਵਿੱਖ ਵਿਚ ਰਾਸ਼ਟਰ ਦੀ ਕੁੱਲ ਘਰੇਲੂ ਉਤਪਾਦ ਦਰ ਉਭਾਰ ਵੱਲ ਜਾਂਦੀ ਹੈ ਜਾਂ ਨਹੀਂ? ਇਸੇ ਕਰਕੇ ਦੁਨੀਆਂ ਭਰ ਦੇ ਵਪਾਰਕ ਅਤੇ ਉਦਯੋਗਿਕ ਨੇਤਾਵਾਂ ਨੂੰ ਫੌਰੀ ਮਿਲਣ ਦੀ ਲੋੜ ਅਤੇ ਚਿੰਤਾ ਮਹਿਸੂਸ ਕੀਤੀ ਗਈ ਤਾਂ ਕਿ ਉਨ੍ਹਾਂ ਨੂੰ ਤਸੱਲੀ ਦਿਤੀ ਜਾ ਸਕੇ ਕਿ ਭਾਰਤ ਨਿਵੇਸ਼ ਲਈ ਬਿਲਕੁਲ ਢੁਕਵਾਂ ਹੈ। ਸਿੱਟੇ ਵਜੋਂ, ਵਿੱਤ ਮੰਤਰੀ ਸ੍ਰੀ ਅਰੁਣ ਜੇਟਲੀ ਵਲੋਂ ਪੇਸ਼ ਕੀਤੇ ਪਹਿਲੇ ਬਜਟ ਬਾਰੇ ਕਾਫ਼ੀ ਯੋਜਨਾਬੰਦੀ ਕੀਤੀ ਗਈ। ਇਸ ਦੇ ਬਹੁਤ ਵਧੀਆ ਨਤੀਜੇ ਨਿਕਲੇ ਕਿਉਂਕਿ ਵਪਾਰਕ ਅਤੇ ਉਦਯੋਗਿਕ ਜਗਤ ਵਲੋਂ ਨਿਵੇਸ਼ ਆਕਰਸ਼ਿਤ ਕਰਨ ਲਈ ਇਸ ਵਿਚਲੇ ਬੁਨਿਆਦੀ ਸੁਨੇਹੇ ਲਈ, ਬਜਟ ਦਾ ਭਰਪੂਰ ਸਵਾਗਤ ਕੀਤਾ ਗਿਆ। ਆਰਥਿਕ ਮੋੜਾ ਹੁਣ ਸਪੱਸ਼ਟ ਨਜ਼ਰ ਆ ਰਿਹਾ ਹੈ। ਨਾਲ ਹੀ ਨਾਲ, ਮੰਤਰਾਲਾ ਵਲੋਂ ਉਨ੍ਹਾਂ ਗੰਢਾਂ ਨੂੰ ਖੋਲ੍ਹਣਾ ਸ਼ੁਰੂ ਕੀਤਾ ਗਿਆ ਹੈ ਜੋ ਨਿਵੇਸ਼ਕਾਂ ਨੂੰ ਡਰਾਉਂਦੀਆਂ ਹਨ। ਮੰਤਰਾਲਾ ਵਪਾਰ ਕਰਨ ਦੀ ਸੌਖ ਯਕੀਨੀ ਬਣਾਉਣ ਲਈ ਰੁਕਾਵਟਾਂ ਦੂਰ ਕਰਨ ਪ੍ਰਤਿ ਦ੍ਰਿੜ ਹੈ। ਮੰਤਰੀ ਨੇ ਵਿੱਤੀ ਘਾਟਾ ਕੁੱਲ ਘਰੇਲੂ ਉਤਪਾਦ ਦੇ 3 ਪਤਿਸ਼ਤ ਤੇ, ਤਿੰਨ ਸਾਲਾਂ ਅੰਦਰ ਲਿਆਉਣ ਲਈ ਵੀ ਇਕ ਖ਼ਾਕਾ ਤਿਆਰ ਕੀਤਾ ਹੈ।

ਇਨ੍ਹਾਂ ਸਾਰੀਆਂ ਪਹਿਲਕਦਮੀਆਂ ਨਾਲ ਨਿਵੇਸ਼ ਦਾ ਵਾਤਾਵਰਨ ਕਾਫ਼ੀ ਸੁਧਰਿਆ ਹੈ ਅਤੇ ਵਰਤਮਾਨ ਅੰਦਾਜ਼ੇ ਮੁਤਾਬਕ ਨੇੜ ਭਵਿੱਖ ਵਿਚ ਭਾਰਤ ਦੀ ਕੁੱਲ ਘਰੇਲੂ ਉਤਪਾਦ ਵਿਕਾਸ ਦਰ ਚੀਨ ਨੂੰ ਪਿੱਛੇ ਛੱਡ ਕੇ ਸਾਲਾਨਾ 9 ਪ੍ਰਤਿਸ਼ਤ ਨੂੰ ਛੂਹ ਸਕਦੀ ਹੈ। ਦੇਸ਼ ਦੇ ਵਿਦੇਸ਼ੀ ਸਿੱਕੇ ਦੇ ਭੰਡਾਰ ਵੀ 350 ਬਿਲੀਅਨ ਅਮਰੀਕੀ ਡਾਲਰ ਤਕ ਪਹੁੰਚ ਗਏ ਹਨ। ਬਰਾਬਰ ਦਾ ਮਹੱਤਵਪੂਰਨ ਤੱਥ ਇਹ ਹੈ ਕਿ ਭ੍ਰਿਸ਼ਟਾਚਾਰ ਮੁਕਤ ਸਰਕਾਰ ਰਮਾ ਗਈ ਹੈ, ਜੋ ਆਪਣੇ ਆਪ ਵਿਚ ਬੇਮਿਸਾਲ ਪ੍ਰਾਪਤੀ ਹੈ, ਇਹ ਵੇਖਦਿਆਂ ਕਿ ਪਿਛਲੇ ਸਮੇਂ ਵਿਚ ਅਸੀਂ ਘੁਟਾਲਿਆਂ ਵਿਚ ਗਲੇ ਤਕ ਡੁੱਬੇ ਪਏ ਸੀ। ਜਦ ਕਿ ਪਿਛਲੀ ਸਰਕਾਰ ਨੂੰ ਇਨ੍ਹਾਂ ਘੁਟਾਲਿਆਂ ਦੀ ਵੱਡੀ ਕੀਮਤ ਤਾਰਨੀ ਪਈ, ਵਰਤਮਾਨ ਸਰਕਾਰ ਨੇ ਕੋਲਾ ਖਾਣਾਂ ਅਤੇ ਸਪੈਕਟ੍ਰਮ ਦੀ ਵੰਡ ਲਈ ਪਾਰਦਰਸ਼ਤਾ ਤਰੀਕੇ ਅਪਣਾ ਕੇ

ਨਵੇਂ ਮਾਪਦੰਡ ਸਥਾਪਤ ਕੀਤੇ ਹਨ। ਸਿੱਟੇ ਵਜੋਂ, ਨਿਲਾਮੀ ਘੁਟਾਲੇ ਤੋਂ ਰਹਿਤ ਬਹੁਤ ਹੀ ਸਹਿਜ ਨਾਲ ਹੋ ਗਈ ਅਤੇ ਕੇਂਦਰੀ ਸਰਕਾਰ ਨੇ ਵੱਡਾ ਮਾਲੀਆ ਕਮਾਇਆ ਹੈ।

ਸੁਸ਼ਾਸਨ ਨਾਲ ਸੰਬੰਧਿਤ ਸਰਕਾਰ ਦਾ ਇਕ ਪ੍ਰਮੁੱਖ ਫ਼ੈਸਲਾ ਯੋਜਨਾ ਆਯੋਗ ਨੂੰ ਖਤਮ ਕਰਨਾ ਸੀ, ਜੋ ਬੌਧਿਕ ਤੌਰ ਤੇ ਇਕ ਮ੍ਰਿਤ ਸੰਸਥਾ ਬਣ ਚੁੱਕੀ ਸੀ ਜੋ ਭਾਰਤ ਦੇ ਵਿਕਾਸ ਲਈ ਕੋਈ ਨਵੀਂ ਮਿਸਾਲ ਪੇਸ਼ ਕਰਨ ਤੋਂ ਅਸਮਰਥ ਸੀ। ਇਹ ਸਮਾਜਵਾਦ ਦੇ ਯੁਗ ਦਾ ਇਕ ਸਮਾਰਕ ਸੀ ਜੋ ਅੱਜ ਤਕ ਚਲਿਆ ਆ ਰਿਹਾ ਸੀ। ਇਸੇ ਕਰਕੇ ਹੀ, ਜਦੋਂ ਪ੍ਰਧਾਨ ਮੰਤਰੀ ਨੇ ਇਸ ਨੂੰ ਖਤਮ ਕਰਨ ਦਾ ਐਲਾਨ ਕੀਤਾ ਤਾਂ ਕੋਈ ਅੱਥਰੂ ਨਹੀਂ ਵਹਾਏ ਗਏ। ਇਸ ਦੀ ਥਾਂ 'ਤੇ ਨੀਤੀ ਆਯੋਗ (ਐੱਨ ਆਈ ਟੀ ਆਈ) ਦੀ ਸਥਾਪਨਾ ਕੀਤੀ ਗਈ। ਨੀਤੀ ਆਯੋਗ, ਨੀਤੀਆਂ ਬਾਰੇ ਸੋਚ ਵਿਚਾਰ ਕਰਨ ਲਈ ਮਾਹਰਾਂ ਦਾ ਇਕ ਸਮੂਹ ਹੈ ਜੋ ਆਧੁਨਿਕ ਭਾਰਤ ਦੀਆਂ ਲੋੜਾਂ ਨੂੰ ਚੰਗੀ ਤਰ੍ਹਾਂ ਸਮਝਣ ਦੇ ਸਮਰਥ ਹੈ। ਸਰਕਾਰ ਨੂੰ ਸਮਾਜਿਕ ਅਤੇ ਆਰਥਿਕ ਮੁੱਦਿਆਂ 'ਤੇ ਸਲਾਹ ਦੇਣ ਤੋਂ ਇਲਾਵਾ ਇਹ ਰਾਜਾਂ ਨੂੰ ਆਰਥਿਕ ਨੀਤੀ ਨਿਰਮਾਣ ਵਿਚ ਵੀ ਸ਼ਾਮਿਲ ਕਰੇਗਾ। ਪਰ ਇਹ ਬਦਲਾਅ ਸੰਸਥਾਨ ਦੀ ਸ਼ਬਾਦਵਲੀ ਤੋਂ ਅਗਾਂਹ ਤਕ ਜਾਂਦਾ ਹੈ। ਸਰਕਾਰ ਵਲੋਂ ਕੋਲੰਬੀਆ ਵਿਸ਼ਵਵਿਦਿਆਲੇ ਵਿਚ ਅਰਥਸ਼ਾਸਤਰ ਦੇ ਪ੍ਰੋਫ਼ੈਸਰ ਡਾ. ਅਰਵਿੰਦ ਪਾਨਾਗਰੀਆ ਨੂੰ ਇਸ ਦਾ ਉਪ-ਚੇਅਰਮੈਨ ਥਾਪਿਆ ਗਿਆ ਹੈ। ਦੂਸਰੇ ਮੈਂਬਰ ਇਸ ਆਯੋਗ ਨੂੰ ਬੌਧਿਕ ਗਹਿਰਾਈ ਪ੍ਰਦਾਨ ਕਰਨਗੇ। ਇਸ ਸਾਰੇ ਕੁਝ ਤੋਂ ਇਲਾਵਾ, ਕੇਂਦਰ ਅਤੇ ਰਾਜਾਂ ਦਰਮਿਆਨ ਸੰਬੰਧ ਸੁਧਾਰਨ ਅਤੇ ਸੱਚੇ ਅਰਥਾਂ ਵਿਚ ਸੰਘਵਾਦ ਸਥਾਪਤ ਕਰਨ ਲਈ ਕਦਮ ਉਠਾਏ ਗਏ ਹਨ।

ਚੌਦ੍ਹਵੇਂ ਵਿੱਤ ਆਯੋਗ ਨੇ ਕ੍ਰਾਂਤੀਕਾਰੀ ਸਿਫ਼ਾਰਸ਼ ਕੀਤੀ ਕਿ ਕੇਂਦਰੀ ਕਰਾਂ ਵਿਚ ਰਾਜਾਂ ਦਾ ਹਿੱਸਾ 32 ਪ੍ਰਤਿਸ਼ਤ ਤੋਂ ਵਧਾ ਕੇ 42 ਪ੍ਰਤਿਸ਼ਤ ਕਰ ਦਿਤਾ ਜਾਵੇ। ਪ੍ਰਧਾਨ ਮੰਤਰੀ ਅਤੇ ਵਿੱਤ ਮੰਤਰੀ ਨੇ ਇਨ੍ਹਾਂ ਸਿਫ਼ਾਰਸ਼ਾਂ ਨੂੰ ਇਕਦਮ ਪ੍ਰਵਾਨ ਕਰ ਲਿਆ ਜਿਸ ਨਾਲ 2015-16 ਵਿਚ ਰਾਜਾਂ ਨੂੰ ਵਧੀਕ 1.78 ਲੱਖ ਕਰੋੜ ਰੁਪਏ ਪ੍ਰਾਪਤ ਹੋਣਗੇ। ਸ੍ਰੀ ਜੇਟਲੀ ਨੇ ਕਿਹਾ ਕਿ 42 ਪ੍ਰਤਿਸ਼ਤ ਤਕ ਰਾਜਾਂ ਦੀ ਹਿੱਸੇਦਾਰੀ ਵਿਚ ਵਾਧਾ ਸਪੁਰਦਗੀ ਦੀ ਪ੍ਰਤਿਸ਼ਤਤਾ ਵਿਚ ਸਭ ਤੋਂ ਵੱਡਾ ਵਾਧਾ ਹੈ। ਇਨ੍ਹਾਂ ਸ਼ਰਤਾਂ ਦੀ ਪ੍ਰਵਾਨਗੀ ਸਰਕਾਰ ਦੀ ਸਹਿਕਾਰੀ ਸੰਘਵਾਦ ਪ੍ਰਤਿ ਪ੍ਰਤਿਬਧਤਾ ਨੂੰ ਦਰਸਾਉਂਦੀ ਹੈ।

## ਬੁਨਿਆਦੀ ਢਾਂਚਾ ਵਿਕਾਸ ਨੂੰ ਹੁਲਾਰਾ

ਉੱਚ ਵਿਕਾਸ ਦਰ ਦੇ ਜਿਸ ਰਸਤੇ ਦੀ ਕਲਪਨਾ ਆਉਣ ਵਾਲੇ ਸਾਲਾਂ ਵਿਚ ਕੀਤੀ ਗਈ ਹੈ, ਦੀ ਪ੍ਰਾਪਤੀ ਨਹੀਂ ਹੋ ਸਕਦੀ ਜੇ ਇਸ ਕੋਸ਼ਿਸ਼ ਲਈ ਸਹਾਈ ਹੋਣ ਵਾਲਾ ਬੁਨਿਆਦੀ ਢਾਂਚਾ ਨਹੀਂ। ਇਹ ਵਿਦੇਸ਼ੀ ਨਿਵੇਸ਼ਕਾਂ ਦੇ ਤੌਖਲੇ ਦਾ ਇਕ ਵੱਡਾ ਕਾਰਨ ਹੈ ਅਤੇ ਪ੍ਰਧਾਨ ਮੰਤਰੀ ਵਿਸ਼ਵ ਦੇ ਵਪਾਰਕ ਅਤੇ ਉਦਯੋਗਿਕ ਆਗੂਆਂ ਨੂੰ ਇਹ ਯਕੀਨ ਦੁਆ ਰਹੇ ਹਨ ਕਿ ਉਨ੍ਹਾਂ ਦੀ ਸਰਕਾਰ ਵਲੋਂ ਬੁਨਿਆਦੀ ਢਾਂਚਾ ਵਿਕਾਸ ਨੂੰ ਉੱਚ ਪਹਿਲ ਦਿਤੀ ਜਾ ਰਹੀ ਹੈ। ਇਸੇ ਕਰਕੇ ਹੀ ਉਨ੍ਹਾਂ ਦਾ ਦਫ਼ਤਰ ਬੁਨਿਆਦੀ ਢਾਂਚਾ ਯੋਜਨਾਵਾਂ ਦੀ ਤਿੱਖੀ ਨਿਗਰਾਨੀ ਕਰ ਰਿਹਾ ਹੈ ਅਤੇ ਵੱਖ-ਵੱਖ ਮੰਤਰਾਲਿਆਂ, ਜਿਨ੍ਹਾਂ ਵਿਚ ਕੋਲਾ, ਊਰਜਾ, ਰਾਸ਼ਟਰੀ ਰਾਜਮਾਰਗ, ਰੇਲਵੇ ਅਤੇ ਬੰਦਰਗਾਹਾਂ ਸ਼ਾਮਿਲ ਹਨ, ਲਈ ਸਖਤ ਟੀਚੇ ਮਿੱਥ ਰਿਹਾ ਹੈ।

ਇਸੇ ਪ੍ਰਕਾਰ, ਪ੍ਰਧਾਨ ਮੰਤਰੀ ਦਫ਼ਤਰ ਵਲੋਂ ਬਿਜਲੀ ਉਤਪਾਦਨ ਦੇ ਮਿਥੇ ਔਖੇ ਟੀਚਿਆਂ ਨੂੰ ਬੂਰ ਪੈਣਾ ਆਰੰਭ ਹੋ ਗਿਆ ਹੈ। ਸਰਕਾਰ ਚੌਵੀ ਘੰਟੇ ਬਿਜਲੀ ਪੂਰਤੀ ਯਕੀਨੀ ਬਣਾਉਣ ਲਈ ਉਤਸੁਕ ਹੈ ਜਿਸ ਦੀ ਸ਼ੁਰੂਆਤ ਰਾਸ਼ਟਰੀ ਰਾਜਧਾਨੀ ਦਿੱਲੀ, ਰਾਜਸਥਾਨ ਅਤੇ ਆਂਧਰ ਪ੍ਰਦੇਸ਼ ਤੋਂ ਕੀਤੀ ਗਈ ਹੈ। ਊਰਜਾ ਮੰਤਰੀ ਦੀ ਇੱਛਾ ਹੈ ਕਿ ਉਨ੍ਹਾਂ ਦਾ ਮੰਤਰਾਲਾ ਬਿਜਲੀ ਉਤਪਾਦਨ ਲਈ 12ਵੀਂ ਯੋਜਨਾ ਵਿਚ ਮਿੱਥੇ ਟੀਚੇ ਤੋਂ ਵੱਧ ਉਤਪਾਦਨ ਕਰਕੇ ਦਿਖਾਏ। ਅਜਿਹਾ ਜ਼ੋਰ ਰਾਸ਼ਟਰੀ ਰਾਜਮਾਰਗਾਂ ਦੀ ਉਸਾਰੀ 'ਤੇ ਵੀ ਦਿਤਾ ਜਾ ਰਿਹਾ ਹੈ ਜਿਨ੍ਹਾਂ ਦੀ ਯੂ ਪੀ ਏ ਦੇ ਪਿਛਲੇ 10 ਸਾਲਾਂ ਦੇ ਰਾਜ ਦੌਰਾਨ ਮੰਦੀ ਹਾਲਤ ਰਹੀ ਹੈ। ਵਿਸ਼ੇਸ਼ ਤੌਰ ਤੇ ਸਾਰੇ ਮੰਤਰਾਲਿਆਂ ਅਤੇ ਮੰਤਰੀਆਂ ਨੂੰ ਤੈਸ਼ੁਦਾ ਸਮਾਂ ਸੀਮਾ ਟੀਚੇ ਦਿਤੇ ਗਏ ਹਨ, ਸਿੱਟੇ ਵਜੋਂ ਕੋਈ ਵੀ ਮੰਤਰੀ ਸੁਸਤ ਰਫ਼ਤਾਰ ਨਾਲ ਕੰਮ ਕਰਨ ਦਾ ਜ਼ੋਖਮ ਲੈਣਾ ਪਸੰਦ ਨਹੀਂ ਕਰੇਗਾ।

## ਹਾਲਾਤ ਨੂੰ ਬਦਲਣ ਲਈ ਪ੍ਰੇਰਨਾਦਾਇਕ ਮੁਹਿੰਮਾਂ

ਘਰੇਲੂ ਮੋਰਚੇ 'ਤੇ ਅਨੇਕ ਮੁਹਿੰਮਾਂ ਜਾਰੀ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿਚ ਸਵੱਛਤਾ ਮੁਹਿੰਮ ਅਤੇ ਸਾਫ਼-ਸਫ਼ਾਈ ਮੁਹਿੰਮ ਸ਼ਾਮਿਲ ਹੈ। ਸਵੱਛ ਭਾਰਤ ਮੁਹਿੰਮ ਮਹਾਤਮਾ ਗਾਂਧੀ ਦੇ ਜਨਮ ਦਿਵਸ 'ਤੇ ਸ਼ੁਰੂ ਕੀਤੀ ਗਈ ਸੀ। ਪ੍ਰਧਾਨ ਮੰਤਰੀ ਨੇ ਭਾਰਤ ਦੇ 70 ਪ੍ਰਤਿਸ਼ਤ ਘਰਾਂ ਵਿਚ ਪਖ਼ਾਨਿਆਂ ਦੀ ਅਣਹੋਂਦ ਅਤੇ ਇਸ ਦੇ ਔਰਤਾਂ ਦੇ ਸਨਮਾਨ ਅਤੇ ਸੁਰੱਖਿਆ 'ਤੇ ਪੈਣ ਵਾਲੇ ਪ੍ਰਭਾਵਾਂ ਵਰਗੇ ਮੁੱਦਿਆਂ ਨੂੰ ਜਨਤਾ ਵਿਚ ਵਿਚਾਰਨ ਦੀ ਜੁਅਰਤ ਵਿਖਾਈ ਹੈ। ਪਖ਼ਾਨਿਆਂ ਦੀ ਉਸਾਰੀ ਦਾ ਕੰਮ ਜੰਗੀ ਪੱਧਰ 'ਤੇ ਜਾਰੀ ਹੈ ਅਤੇ ਸਰਕਾਰ ਗਰੀਬ ਪਰਿਵਾਰਾਂ ਨੂੰ ਪਖ਼ਾਨੇ ਬਣਾਉਣ ਲਈ ਉਤਸਾਹਿਤ ਕਰਨ ਲਈ ਸਬਸਿਡੀ ਵੀ ਦੇ ਰਹੀ ਹੈ। ਸਰਕਾਰ ਦਾ ਨਿਸ਼ਾਨਾ 60 ਮਿਲੀਅਨ ਪਖ਼ਾਨੇ ਉਸਾਰਨ ਦਾ ਹੈ।

ਇਕ ਹੋਰ ਪ੍ਰੋਗਰਾਮ ਜਿਸ ਨੂੰ ਮਿਸਾਲੀ ਸਫਲਤਾ ਮਿਲੀ ਹੈ, ਉਹ ਹੈ ਪ੍ਰਧਾਨ ਮੰਤਰੀ ਜਨਧਨ ਯੋਜਨਾ - ਇਕ ਅਜਿਹਾ ਪ੍ਰੋਗਰਾਮ ਜਿਸ ਵਿਚ ਗਰੀਬਾਂ ਦਾ ਵਿੱਤੀ ਸੰਮਿਲਨ ਅਤੇ ਸ਼ਸ਼ਕਤੀਕਰਨ ਅਤੇ ਬੈਂਕ ਖਾਤੇ ਖੋਲ੍ਹ ਕੇ ਉਨ੍ਹਾਂ ਦੀ ਪਹੁੰਚ ਵਿੱਤੀ ਸੇਵਾਵਾਂ ਤਕ ਕਰਨਾ ਸ਼ਾਮਿਲ ਹੈ। ਇਸ ਨਾਲ ਗਰੀਬ ਲੋਕਾਂ ਨੂੰ ਬੈਂਕਿੰਗ ਪ੍ਰਣਾਲੀ ਦਾ ਹਿੱਸਾ ਬਣਨ ਦੀ ਖ਼ੁਸ਼ੀ ਮਿਲਦੀ ਹੈ ਜਿਸ ਨੂੰ ਅੱਜ ਤਕ ਗਰੀਬਾਂ ਦੀ ਪਹੁੰਚ ਤੋਂ ਬਾਹਰ ਸਮਝਿਆ ਜਾਂਦਾ ਸੀ। ਇਸ ਪ੍ਰੋਗਰਾਮ ਨੂੰ ਬੇਮਿਸਾਲ ਸਫਲਤਾ ਹੱਥ ਲੱਗੀ ਹੈ ਜਿਸ ਵਿਚ ਦਿਮਾਗ ਨੂੰ ਅਚੰਭੇ ਵਿਚ ਪਾਉਣ ਜੋਗੇ 150 ਮਿਲੀਅਨ ਬੈਂਕ ਖਾਤੇ, ਸਕੀਮ ਜਾਰੀ ਹੋਣ ਦੇ ਕੁਝ ਮਹੀਨਿਆਂ ਅੰਦਰ ਹੀ ਗਰੀਬ ਲੋਕਾਂ ਵਲੋਂ ਖੋਲ੍ਹੇ ਗਏ ਹਨ। ਬਹੁਤ ਗੌਰ ਕਰਨ ਵਾਲੀ ਗੱਲ ਹੈ ਕਿ ਭਾਰਤ ਦੇ ਗਰੀਬ ਤਬਕੇ ਵਲੋਂ 15,800 ਕਰੋੜ ਤੋਂ ਵੱਧ ਰਾਸ਼ੀ ਇਨ੍ਹਾਂ ਬੈਂਕ ਖਾਤਿਆਂ ਵਿਚ ਜਮ੍ਹਾਂ ਕਰਵਾਈ ਗਈ ਹੈ। ਹਰੇਕ ਖਾਤਾ ਧਾਰਕ ਨੂੰ ਰੁਪਏ ਡੈਬਿਟ ਕਾਰਡ ਦਿਤਾ ਜਾਵੇਗਾ ਜਿਸ ਵਿਚ 1 ਲੱਖ ਰੁਪਏ ਦਾ ਦੁਰਘਟਨਾ ਬੀਮਾ ਅਤੇ 6 ਮਹੀਨੇ ਸੰਤੋਖਜਨਕ ਢੰਗ ਨਾਲ ਖਾਤਾ ਚਲਾਉਣ ਤੋਂ ਬਾਅਦ 5000 ਰੁਪਏ ਦੀ ਓਵਰ ਡ੍ਰਾਫਟ ਸਹੂਲਤ ਵੀ ਸ਼ਾਮਿਲ ਹੈ। ਜਨ ਧਨ ਯੋਜਨਾ ਦੀ ਸਫਲਤਾ ਤੋਂ ਬਾਅਦ ਸਰਕਾਰ ਤਿੰਨ ਨਵੀਆਂ ਯੋਜਨਾਵਾਂ ਨੂੰ ਸ਼ੁਰੂ ਕਰ ਕੇ ਸਮਾਜਿਕ ਸੁਰੱਖਿਆ ਨੂੰ ਇਕ ਨਵੀਂ ਉੱਚਾਈ ਤਕ ਲੈ ਗਈ ਜਿਸ ਦਾ ਮੁੱਖ ਟੀਚਾ ਗਰੀਬਾਂ ਨੂੰ ਰਾਹਤ ਦੇਣਾ ਹੈ। ਇਹ

*ਬਾਕੀ ਸਫ਼ਾ 25 ਉੱਤੇ*

# ਵਾਪਸੀ ਵਿਚ ਬਹੁ-ਪੱਖਵਾਦ :
## ਕੀ ਖੇਤਰੀ ਸਹਿਯੋਗ ਅੱਗੇ ਵਧਣ ਦਾ ਤਰੀਕਾ ਹੈ?

ਦਿਲੀਪ ਸਿਨਹਾ

ਪੂਰਬ ਤੇ ਪੱਛਮ ਦੇ ਸੰਬੰਧਾਂ ਵਿਚ ਮੁੜ ਤੋਂ ਹੋਇਆ ਤਣਾਅ ਅਤੇ ਲਗਾਤਾਰ ਚਲਦੇ ਆ ਰਹੇ ਵਿੱਤੀ ਸੰਕਟ ਅੰਤਰਰਾਸ਼ਟਰੀ ਰਿਸ਼ਤਿਆਂ ਵਿਚ ਤਣਾਅ ਪੈਦਾ ਕਰ ਰਹੇ ਹਨ ਅਤੇ ਬਹੁਪੱਖੀ ਸੰਗਠਨਾਂ ਦਾ ਸਾਹ ਘੁੱਟ ਰਹੇ ਹਨ। 1990ਵਿਆਂ ਦੇ ਸ਼ੁਰੂ ਦਾ ਵਿਸ਼ਵੀਕਰਨ ਅਤੇ ਲੋਕਤੰਤਰ ਪ੍ਰਤਿ ਉਤਸ਼ਾਹ ਖਤਮ ਹੋ ਚੁੱਕਾ ਹੈ। ਉੱਚ ਬੇਰੁਜ਼ਗਾਰੀ, ਵਧਦੀ ਅਬਰਾਬਰੀ ਅਤੇ ਧਾਰਮਿਕ ਝਗੜਿਆਂ ਨੇ ਵਿਸ਼ਵੀਕਰਨ ਦੇ ਸਭ ਤੋਂ ਕੱਟੜ ਹਮਾਇਤੀਆਂ ਦੇ ਜੋਸ਼ ਨੂੰ ਵੀ ਠੰਢਾ ਕਰ ਦਿਤਾ ਹੈ। ਅਫ਼ਗਾਨਿਸਤਾਨ, ਇਰਾਕ, ਲਿਬੀਆ ਅਤੇ ਦੱਖਣੀ ਸੂਡਾਨ ਜਿਹੇ ਦੇਸ਼ਾਂ ਵਿਚ ਯੋਜਨਾਵਾਂ ਦੇ ਬਾਵਜੂਦ ਅੰਤਰਰਾਸ਼ਟਰੀ ਭਾਈਚਾਰੇ ਵਲੋਂ ਸਥਿਰਤਾ ਲਿਆਉਣ ਵਿਚ ਅਸਫਲਤਾ ਨੇ ਅਜਿਹੀਆਂ ਦਖ਼ਲਅੰਦਾਜ਼ੀਆਂ ਵਾਲੀਆਂ ਨੀਤੀਆਂ ਨੂੰ ਨਕਾਰ ਦਿਤਾ ਹੈ। ਵਿਕਾਸਸ਼ੀਲ ਦੇਸ਼ ਹੁਣ ਜੇ ਸਪੱਸ਼ਟ ਤੌਰ ਤੇ ਸ਼ੰਕਾਵਾਦੀ ਨਹੀਂ ਤਾਂ ਪੱਛਮੀ ਦੇਸ਼ਾਂ ਦੀਆਂ ਅਜਿਹੀਆਂ ਪਹਿਲਕਦਮੀਆਂ ਪਿੱਛੇ ਇਰਾਦਿਆਂ ਪ੍ਰਤਿ ਸਾਵਧਾਨ ਜ਼ਰੂਰ ਹੋ ਗਏ ਹਨ। ਇਨ੍ਹਾਂ ਦੇਸ਼ਾਂ ਅੰਦਰ ਫੈਲੀ ਅਰਾਜਕਤਾ ਨੇ ਮਨੁੱਖੀ ਤਬਾਹੀ ਪੈਦਾ ਕਰ ਦਿਤੀ ਹੈ ਅਤੇ ਸ਼ਰਨਾਰਥੀਆਂ ਦਾ ਹੜ੍ਹ ਆ ਗਿਆ ਹੈ।

ਸ਼ਕਤੀਸ਼ਾਲੀ ਅੰਤਰਰਾਸ਼ਟਰੀ ਅਤਿਵਾਦੀ ਸੰਗਠਨਾਂ ਦਾ ਉਭਾਰ, ਜੋ ਇਲਾਕਾ ਮੱਲਣ ਤੇ ਕਬਜ਼ਾ ਕਰੀ ਰੱਖਣ ਦੇ ਸਮਰੱਥ ਹਨ, ਭਾਰਤੀ ਅਤੇ ਵੱਖ-ਵੱਖ ਮਹਾਂਦੀਪਾਂ ਵਿਚ ਪੈਸਾ ਇਕੱਠਾ ਕਰਨਾ ਵਿਸ਼ਵ ਸ਼ਾਂਤੀ ਲਈ ਇਕ ਨਵਾਂ ਖ਼ਤਰਾ ਪੇਸ਼ ਕਰ ਰਿਹਾ ਹੈ। ਵਰਤਮਾਨ ਬਹੁ-ਪੱਖੀ ਸੰਗਠਨ ਵਿਸ਼ਵ ਸ਼ਾਂਤੀ ਦੇ ਇਕ ਭਾਗ ਵਜੋਂ ਦੂਜੀ ਸੰਸਾਰ ਜੰਗ ਤੋਂ ਬਾਅਦ ਸਥਾਪਿਤ ਕੀਤੇ ਗਏ ਸਨ। ਉਨ੍ਹਾਂ ਨੇ ਠੰਢੀ ਜੰਗ ਅਤੇ ਫੌਜੀ ਗੱਠਜੋੜਾਂ ਦੀ ਦੁਸ਼ਮਣੀ ਅਤੇ ਆਰਥਿਕ ਸੰਗਠਨਾਂ ਤੋਂ ਆਪਣੇ ਆਪ ਨੂੰ ਬਚਾਈ ਰੱਖਿਆ। ਪਰ ਕੀ ਵਰਤਮਾਨ ਸਮੇਂ ਪੂਰਬ-ਪੱਛਮ ਦਾ ਪਾੜਾ ਆਖਰ ਨੂੰ ਉਨ੍ਹਾਂ ਦੀ ਨੀਂਦ ਹਰਾਮ ਕਰ ਰਿਹਾ ਹੈ? ਅਤੇ ਕੀ ਵਰਤਮਾਨ ਬਹੁ-ਪੱਖੀ ਢਾਂਚਾ ਇਕ ਹੋਰ ਚੁਨੌਤੀ ਦਾ ਸਾਹਮਣਾ ਕਰ ਸਕੇਗਾ?

### ਪੂਰਬ-ਪੱਛਮ ਤਣਾਅ ਦਾ ਮੁੜ ਪਰਤਣਾ

ਪੂਰਬ-ਪੱਛਮ ਤਣਾਅ ਵਿਚ ਪੂਰਵ ਅਨੁਮਾਨ ਦਾ ਡਰ ਵਾਲਾ ਅਹਿਸਾਸ ਹੈ। ਠੰਢੀ ਜੰਗ ਦਾ ਖਾਤਮਾ ਸਿਰਫ਼ ਇਕ ਵਕਫ਼ਾ ਪ੍ਰਤੀਤ ਹੋ ਰਿਹਾ ਹੈ। 7-8 ਜੂਨ ਨੂੰ ਜਰਮਨੀ ਦੇ ਸਕੋਲਸ ਏਲਾਮੂ ਵਿਖੇ ਜੀ-7 ਦੇ ਸਿਖਰ ਸੰਮੇਲਨ ਵਿਚ ਸੱਤ ਪੱਛਮੀ ਦੇਸ਼ਾਂ ਦੇ ਨੇਤਾਵਾਂ ਨੇ ਰੂਸ ਨੂੰ ਯੂਕਰੇਨ ਸੰਬੰਧੀ ਸਖਤ ਸੰਦੇਸ਼ ਦਿਤਾ : ਉਨ੍ਹਾਂ ਨੂੰ ਰੂਸ ਵਲੋਂ ਕ੍ਰੀਮੀਆ ਹਥਿਆਉਣਾ ਪ੍ਰਵਾਨ ਨਹੀਂ ਅਤੇ 'ਰੂਸ ਨੂੰ ਸਿੱਧੇ ਰਾਹ ਪਾਉਣ ਲਈ ਉਹ ਹੋਰ ਪਾਬੰਦੀਆਂ ਲਾਉਣ ਵਾਸਤੇ ਤਿਆਰ ਹਨ।' ਪਰ ਰਾਸ਼ਟਰਪਤੀ ਪੂਤਿਨ ਕ੍ਰੀਮੀਆ ਛੱਡਣ ਲਈ ਤਿਆਰ ਨਹੀਂ। ਇਥੇ ਜ਼ਿਆਦਾ ਵਸੋਂ ਰੂਸੀ ਮੂਲ ਦੇ ਲੋਕਾਂ ਦੀ ਹੈ ਜਿਨ੍ਹਾਂ ਨੂੰ ਯੂਕਰੇਨ ਤੋਂ ਵੱਖ ਹੋਣਾ ਚੁਣ ਕੇ ਮਾਰਚ 2014 ਵਿਚ ਰੂਸੀ ਸੰਘ ਦੇ ਹੱਕ ਵਿੱਚ ਜ਼ਬਰਦਸਤ ਵੋਟਾਂ ਪਾਈਆਂ। ਪੂਤਿਨ ਕੋਲ ਕੋਈ ਕਾਰਨ ਨਹੀਂ ਕਿ ਉਹ ਰੂਸੀ ਮੂਲ ਦੇ ਲੋਕਾਂ ਲਈ ਪੂਰਬੀ ਯੂਕਰੇਨ ਵਿਚ ਮਦਦ ਭੇਜਣੀ ਬੰਦ ਕਰ ਦੇਣ। ਰੂਸ ਪੱਛਮੀ ਦੇਸ਼ਾਂ ਦੇ ਫੌਜੀ ਗੱਠਜੋੜ, ਨਾਟੋ ਵਲੋਂ ਇਸ ਦੀ ਨੱਕ ਥੱਲੇ ਫੌਜੀ ਤਾਕਤ ਵਧਾਉਣ 'ਤੇ ਖ਼ੁਸ਼ ਨਹੀਂ। ਪੂਰਬ ਦੇ ਵਾਰਸਾ ਸਮਝੌਤੇ ਦੇ ਘੱਟੋ-ਘੱਟ 10 ਮੈਂਬਰ ਹੁਣ ਨਾਟੋ ਦੇ ਖੇਮੇ ਵਿਚ ਹਨ। ਰੂਸ ਆਪਣੇ ਆਪ ਨੂੰ ਖ਼ਤਰੇ ਵਿਚ ਵੇਖ ਕੇ ਰਾਜਨੀਤਕ ਹਮਾਇਤ ਅਤੇ ਵਪਾਰਕ ਲਾਭ ਲਈ ਚੀਨ ਨਾਲ ਆਪਣੇ ਰਿਸ਼ਤੇ ਮਜ਼ਬੂਤ ਕਰ ਰਿਹਾ ਹੈ।

ਰੂਸ 'ਤੇ ਲਾਈਆਂ ਪਾਬੰਦੀਆਂ ਦਾ ਯੂਰਪੀ ਸੰਘ 'ਤੇ ਵੀ ਅਸਰ ਪਿਆ ਹੈ। ਰੂਸ ਯੂਰਪੀ ਸੰਘ ਦਾ ਤੀਜਾ ਸਭ ਤੋਂ ਵੱਡਾ ਵਪਾਰਕ ਭਾਈਵਾਲ ਅਤੇ ਇਸ ਦੇ ਊਰਜਾ ਆਯਾਤ ਦਾ ਤੀਜਾ ਸਭ ਤੋਂ ਵੱਡਾ ਸਰੋਤ ਹੈ। ਅਸਥਿਰ ਮੱਧ ਪੂਰਬ 'ਤੇ ਆਪਣੀ ਨਿਰਭਰਤਾ ਘੱਟ ਕਰਨ ਲਈ ਯੂਰਪੀ ਸੰਘ ਰੂਸ ਤੋਂ ਤੇਲ ਅਤੇ ਗੈਸ ਦਾ ਆਯਾਤ ਲਗਾਤਾਰ ਵਧਾਉਂਦਾ ਆ ਰਿਹਾ ਹੈ। ਰੂਸ ਦੀ ਵਧਦੀ ਖ਼ੁਸ਼ਹਾਲੀ ਵਿਚ ਇਸ ਨੂੰ ਉਤਪਾਦਾਂ ਲਈ ਲਾਭਕਾਰੀ ਬਾਜ਼ਾਰ ਵੀ ਮਿਲ ਗਿਆ। ਦੋਵਾਂ ਵਿਚਾਲੇ ਵਪਾਰ 2012 ਵਿਚ ਆਪਣੀ ਸਿਖਰ 'ਤੇ ਅੱਪੜ ਗਿਆ। ਭਾਵੇਂ ਕਿ ਯੂਰਪੀ ਸੰਘ ਆਪਣੀਆਂ ਊਰਜਾ ਲੋੜਾਂ ਲਈ ਰੂਸ 'ਤੇ ਨਿਰਭਰਤਾ ਘੱਟ ਕਰਨ ਦਾ ਚਾਰਾ ਕਰ ਰਿਹਾ ਹੈ, ਪਰ ਇਸ ਪਾਸੇ ਪਹਿਲਕਦਮੀ ਦੀ ਰਫ਼ਤਾਰ ਮੁਕਾਬਲੇ ਦੇ ਵਿਕਲਪਾਂ ਦੀ ਅਣਹੋਂਦ ਕਾਰਨ ਘੱਟ ਹੈ।

ਠੰਢੀ ਜੰਗ ਤੋਂ ਪਹਿਲਾਂ ਸਮੇਂ ਵੱਲ ਮੁੜਦਿਆਂ ਚੀਨ-ਸੋਵੀਅਤ ਵੰਡ ਤੋਂ ਪਹਿਲਾਂ, ਪੱਛਮੀ ਦੇਸ਼ ਚੀਨ ਨੂੰ ਵੀ ਨਿਸ਼ਾਨੇ 'ਤੇ ਲੈ ਰਹੇ ਹਨ। ਭਾਵੇਂ ਕਿ ਜੀ-7 ਨੇਤਾਵਾਂ ਨੇ ਸਿੱਧਾ ਨਾਮ ਨਹੀਂ ਲਿਆ, ਉਨ੍ਹਾਂ ਦੇ ਐਲਾਨਨਾਮੇ ਵਿਚ ਇਸ ਦਾ ਜ਼ਿਕਰ ਸਪੱਸ਼ਟ ਹੈ, ''ਅਸੀਂ ਪੂਰਬੀ ਅਤੇ ਦੱਖਣੀ ਚੀਨੀ ਸਾਗਰ ਵਿਚਲੇ ਤਣਾਅ ਤੋਂ ਚਿੰਤਤ ਹਾਂ। ਅਸੀਂ ਝਗੜੇ ਦੇ ਸ਼ਾਂਤੀਪੂਰਵਕ ਹੱਲ ਅਤੇ ਵਿਸ਼ਵ ਦੇ ਮਹਾਂਸਾਗਰਾਂ ਦੀ ਬੇਰੋਕਟੋਕ, ਕਾਨੂੰਨੀ ਵਰਤੋਂ

ਦੇ ਮਹੱਤਵ 'ਤੇ ਜ਼ੋਰ ਦਿੰਦੇ ਹਾਂ। ਅਸੀਂ ਡਰਾਉਣ ਧਮਕਾਉਣ, ਦਬਾਅ, ਜ਼ਬਰਦਸਤੀ ਜਾਂ ਇਕ ਪਾਸੜ ਕਾਰਵਾਈਆਂ ਦਾ ਕਰੜਾ ਵਿਰੋਧ ਕਰਦੇ ਹਾਂ ਜੋ ਯਥਾ ਸਥਿਤੀ ਨੂੰ ਬਦਲਣਾ ਚਾਹੁੰਦੇ ਹਨ, ਜਿਵੇਂ ਕਿ ਵੱਡੀ ਪੱਧਰ 'ਤੇ ਭੂਮੀ ਸੁਧਾਰ।"

**ਕੀ ਠੰਢੀ ਜੰਗ ਵਾਪਸ ਪਰਤ ਆਈ ਹੈ? ਮਾਹਰ ਅਜਿਹਾ ਕਹਿਣ ਤੋਂ ਝਿਜਕ ਰਹੇ ਹਨ ਜਿਸ ਦਾ ਠੋਸ ਕਾਰਨ ਵੀ ਹੈ। ਵਿਸ਼ਵ ਦੂਜੀ ਵਿਸ਼ਵ ਜੰਗ ਤੋਂ ਉਪਜੇ ਤਣਾਅ ਅਤੇ ਅਸਥਿਰਤਾ ਦੇ ਲਾਗੇ ਵੀ ਨਹੀਂ ਜਦੋਂ ਦੁਨੀਆਂ ਤੀਜੇ ਵਿਸ਼ਵ ਯੁੱਧ ਦੀ ਕਗਾਰ 'ਤੇ ਖੜ੍ਹੀ ਹੋਈ ਸੀ। ਅਸੀਂ ਮੌਜੂਦਾ ਸਮੇਂ ਕਿਤੇ ਜ਼ਿਆਦਾ ਸੰਗਠਿਤ ਹਾਂ। ਬਿਆਨਬਾਜ਼ੀ ਹਾਲੇ ਵੀ ਬੰਦ ਹੈ ਜਿਸ ਨੂੰ ਅਸੰਖ ਸਾਂਝੇ ਵਪਾਰਕ ਹਿਤਾਂ ਦੀ ਪਾਣ ਚੜ੍ਹੀ ਹੋਈ ਹੈ। ਦੇਸ਼ਾਂ ਵਲੋਂ ਆਪਣੀਆਂ ਸਮੱਸਿਆਵਾਂ ਬਾਰੇ ਚਰਚਾ ਕਰਨ ਲਈ ਅੰਤਰਰਾਸ਼ਟਰੀ ਸੰਗਠਨਾਂ ਦਾ ਇਸਤੇਮਾਲ ਨਿਰੰਤਰ ਕੀਤਾ ਜਾ ਰਿਹਾ ਹੈ। ਪਰ ਇਸ ਗੱਲ ਤੋਂ ਵੀ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਮਹਾਂਸ਼ਕਤੀਆਂ ਵਿਚਾਲੇ ਠੰਢੀ ਜੰਗ ਦਾ ਮੁਕਾਬਲਾ ਕਰਨ ਦੇ ਮੱਦੇਨਜ਼ਰ ਇਨ੍ਹਾਂ ਸੰਗਠਨਾਂ ਦੀ ਦ੍ਰਿੜ੍ਹਤਾ ਵਿਚ ਕਮੀ ਨਜ਼ਰ ਆ ਰਹੀ ਹੈ। ਉਨ੍ਹਾਂ ਨੂੰ ਫ਼ੈਸਲੇ ਲੈਣੇ ਮੁਸ਼ਕਿਲ ਹੋ ਰਹੇ ਹਨ ਅਤੇ ਦੇਸ਼ ਸਹਿਯੋਗ ਲਈ ਆਪਣੇ ਖੇਤਰੀ ਸਮੂਹਾਂ ਵੱਲ ਪਰਤ ਰਹੇ ਹਨ।**

## ਜੀ-20

ਵਿਸ਼ਵ ਦੇ ਵਿੱਤੀ ਮੁੱਦਿਆਂ ਬਾਰੇ ਚਰਚਾ ਕਰਨ ਲਈ 1999 ਵਿਚ ਦਰਜਨ ਭਰ ਉੱਭਰ ਰਹੀਆਂ ਆਰਥਿਕਤਾਵਾਂ ਨੂੰ ਸੱਦਾ ਦੇਣ ਨਾਲ ਜੀ-20 ਦਾ ਮੁੱਢ ਬੱਝਾ। ਇਹ ਸਮੂਹ 2008 ਦੇ ਵਿਸ਼ਵ ਵਿੱਤੀ ਸੰਕਟ ਨਾਲ ਨਜਿੱਠਣ ਵਿਚ ਕਾਰਗਰ ਸਾਬਤ ਹੋਇਆ। ਇਸ ਦੀਆਂ ਮੁਲਾਕਾਤਾਂ ਗਾਹੇ ਬਗਾਹੇ ਹੁੰਦੀਆਂ ਰਹਿੰਦੀਆਂ ਹਨ ਪਰ ਹੁਣ ਇਹ ਵਿਸ਼ਵ ਕਾਰਵਾਈਆਂ ਦਾ ਪ੍ਰਮੁੱਖ ਮੰਚ ਨਹੀਂ ਰਿਹਾ। ਪਿਛਲੇ ਸਾਲ ਨਵੰਬਰ ਵਿਚ ਬ੍ਰਿਸਬੇਨ ਵਿਚ ਹੋਏ ਜੀ-20 ਸੰਮੇਲਨ ਦੇ ਸੁਨੇਹੇ ਅਣਸੁਣੇ ਕਰ ਦਿਤੇ ਗਏ। ਇਸ ਦੀਆਂ ਪ੍ਰਮੁੱਖ ਅਪੀਲਾਂ ਵਿਚੋਂ ਇਕ ਸੀ ਅੰਤਰਰਾਸ਼ਟਰੀ ਵਿੱਤੀ ਫ਼ੰਡ (ਆਈ ਐੱਮ ਐੱਫ਼) ਦੇ ਕੋਟਾ ਅਤੇ ਸ਼ਾਸਨ ਸੁਧਾਰਾਂ ਨੂੰ ਲਾਗੂ ਕਰਨਾ ਜੋ 2010 ਵਿਚ 15ਵੀਂ ਕੋਟੇ ਦੀ ਆਮ ਸਮੀਖਿਆ ਵਿਚ ਪ੍ਰਵਾਨ ਕੀਤਾ ਗਿਆ ਸੀ। "ਜੇ ਸਾਲ ਦੇ ਅਖੀਰ ਤਕ ਅਜਿਹਾ ਨਹੀਂ ਹੁੰਦਾ, ਅਸੀਂ ਆਈ ਐੱਮ ਐੱਫ ਨੂੰ ਆਖਾਂਗੇ ਕਿ ਉਹ ਮੌਜੂਦਾ ਕੰਮ ਨੂੰ ਅੱਗੇ ਵਧਾਵੇ ਅਤੇ ਅਗਲੇ ਕਦਮਾਂ ਲਈ ਵਿਕਲਪ ਤਿਆਰ ਰੱਖੇ", ਸੁਨੇਹੇ ਵਿਚ ਆਖਿਆ ਗਿਆ। ਇਹ ਹਾਲੇ ਵੀ ਰੁਕ ਰਿਹਾ ਹੈ ਭਾਵੇਂ ਕਿ ਬਦਲਾਵਾਂ ਨੂੰ ਪ੍ਰਵਾਨਗੀ ਦੇਣ ਵਾਲੇ ਸਾਰੇ ਪ੍ਰਮੁੱਖ ਦੇਸ਼ ਜੀ-20 ਦੇ ਮੈਂਬਰ ਹਨ।

## ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ

ਸੰਯੁਕਤ ਰਾਸ਼ਟਰ ਵਿਚ ਸੁਰੱਖਿਆ ਪਰਿਸ਼ਦ ਦੀ ਜੰਗ ਤੋਂ ਬਾਅਦ ਦੀ ਸਰਗਰਮੀ ਖਤਮ ਹੋ ਚੁੱਕੀ ਹੈ ਅਤੇ ਇਹ ਮਾਨਵੀ ਅਪੀਲ ਵਾਲੇ ਭਾਸ਼ਣਬਾਜ਼ੀ ਵਾਲੇ ਹੱਲ ਅਪਣਾਉਣ ਵੱਲ ਪਰਤ ਗਈ ਹੈ, ਜਦ ਕਿ ਝਗੜੇ ਹਾਲੇ ਵੀ ਬੇਰੋਕ ਜਾਰੀ ਹਨ। ਇਸ ਦਾ ਆਖਰੀ ਸ਼ਾਂਤੀ ਸੈਨਾ ਮਿਸ਼ਨ ਦੱਖਣੀ ਸੂਡਾਨ ਵਿਚ 2011 ਅੰਦਰ ਭੇਜਿਆ ਗਿਆ ਸੀ। ਇਹ ਆਖਰੀ ਵਾਰ ਸੀ ਜਦੋਂ ਲਿਬੀਆ ਵਿਚ ਫੌਜੀ ਕਾਰਵਾਈ ਨੂੰ ਮਨਜ਼ੂਰੀ ਦਿਤੀ ਗਈ ਸੀ, ਭਾਵੇਂ ਕਿ ਇਸ 'ਤੇ ਸਵਾਲ ਖੜ੍ਹੇ ਕੀਤੇ ਗਏ ਸਨ। ਪੱਛਮੀ ਦੇਸ਼ਾਂ ਦੀ ਅਗਵਾਈ ਵਾਲੇ ਗੱਠਜੋੜ ਵਲੋਂ ਲਿਬੀਆ 'ਤੇ ਪਾਬੰਦੀ ਨਾਲ ਸੁਰੱਖਿਆ ਪਰਿਸ਼ਦ ਦੇ 5 ਸਥਾਈ ਮੈਂਬਰਾਂ ਵਿਚਾਲੇ ਦੋ ਦਹਾਕਿਆਂ ਤੋਂ ਚਲਿਆ ਆ ਰਿਹਾ ਸਹਿਯੋਗ ਖਤਮ ਹੋ ਗਿਆ। ਰੂਸ ਅਤੇ ਚੀਨ ਨੇ ਉਸ ਤੋਂ ਬਾਅਦ ਅਜਿਹਾ ਕੋਈ ਮਤਾ ਪਾਸ ਨਹੀਂ ਹੋਣ ਦਿਤਾ। ਉਨ੍ਹਾਂ ਵਲੋਂ ਪਿਛਲੇ ਸਾਲ ਮਾਰਚ ਵਿਚ ਸੀਰੀਆ ਖ਼ਿਲਾਫ਼ ਇਕ ਨਿੰਦਾ ਮਤੇ ਨੂੰ ਵੀਟੋ ਕਰ ਦਿਤਾ ਗਿਆ। ਇਸ ਖ਼ਿਲਾਫ਼ ਫੌਜੀ ਕਾਰਵਾਈ ਦੇ ਅਧਿਕਾਰ ਦੇਣ ਦੇ ਰਾਹ ਵਿਚ ਅੜਿੱਕਾ ਡਾਹ ਦਿਤਾ ਗਿਆ।

ਸੁਰੱਖਿਆ ਪਰਿਸ਼ਦ ਵਿਚ ਸੁਧਾਰਾਂ ਦੀ ਗੱਲਬਾਤ ਵੀ ਲੀਹੋਂ ਲੱਥ ਗਈ ਹੈ। ਸੰਯੁਕਤ ਰਾਸ਼ਟਰ ਦੇ ਜਨਰਲ ਸਕੱਤਰ ਬੁਤਰਸ ਘਾਲੀ ਦੀ ਰਿਪੋਰਟ, 'ਸ਼ਾਂਤੀ ਲਈ ਇਕ ਮਸੌਦਾ' ਜੋ ਜੂਨ 1992 ਵਿਚ ਸੁਰੱਖਿਆ ਪਰਿਸ਼ਦ ਨੂੰ ਸੌਂਪਿਆ ਗਿਆ ਸੀ, ਨੇ ਸੁਧਾਰਾਂ ਦੀ ਗੱਲ ਛੇੜ ਦਿਤੀ ਜੋ 2005 ਵਿਚ ਸਿਖਰ 'ਤੇ ਅੱਪੜ ਗਈ। ਜਦ ਕਿ ਸਥਾਈ ਮੈਂਬਰਾਂ ਸਮੇਤ ਜ਼ਿਆਦਾਤਰ ਮੈਂਬਰ ਸੁਧਾਰਾਂ ਦੀ ਲੋੜ 'ਤੇ ਸਹਿਮਤ ਹਨ, ਪਰ ਇਸ ਬਾਰੇ ਸਹਿਮਤੀ ਨਹੀਂ ਬਣੀ। ਇਸ ਪ੍ਰਕਾਰ ਸੁਰੱਖਿਆ ਪਰਿਸ਼ਦ ਵੰਡੀ ਹੋਈ ਅਤੇ ਇਸ ਦੇ ਅਧਿਕਾਰਾਂ ਪ੍ਰਤਿ ਵਿਸ਼ਵ ਆਦਰ ਸਨਮਾਨ ਤੋਂ ਸੱਖਣੀ ਅੱਗੇ ਤੁਰੀ ਜਾ ਰਹੀ ਹੈ।

## ਜੀ-7 ਦੀ ਵਾਪਸੀ

ਪੱਛਮੀ ਦੇਸ਼ਾਂ ਵਲੋਂ 1975 ਵਿਚ ਸਲਾਹਕਾਰ ਕਲੱਬ ਸਥਾਪਿਤ ਕੀਤਾ ਗਿਆ ਸੀ। ਰੂਸ ਨੂੰ ਨਾਲ ਲੈ ਕੇ ਜੀ-8 ਬਣਾਉਣ ਦਾ ਵਿਚਾਰ ਛੱਡ ਦਿਤਾ ਗਿਆ ਹੈ। ਇਸ ਨਾਲ ਐਲਾਨਨਾਮਿਆਂ ਦੀ ਸੁਰ ਅਤੇ ਸਮੱਗਰੀ 'ਤੇ ਅਸਰ ਪਿਆ ਹੈ। ਰੂਸ ਦੀ ਮੌਜੂਦਗੀ ਕਰਕੇ ਭਾਸ਼ਾ ਦਾ ਸੰਜਮ ਪਿਛਲੇ ਸਾਲ ਤੋਂ ਨਦਾਰਦ ਹੈ ਜਦੋਂ ਰੂਸ ਨੂੰ ਕੱਢ ਦਿਤਾ ਗਿਆ ਅਤੇ ਸਿਖਰ ਸੰਮੇਲਨ ਦਾ ਸਥਾਨ ਸੋਚੀ ਤੋਂ ਬ੍ਰਸਲਜ਼ ਕਰ ਦਿਤਾ ਗਿਆ। ਨਾ ਕੇਵਲ ਰੂਸ ਅਤੇ ਚੀਨ 'ਤੇ ਐਲਾਨਨਾਮਿਆਂ ਵਿਚ ਨਿਸ਼ਾਨਾ ਸਾਧਿਆ ਜਾਂਦਾ ਹੈ ਪਰ ਵਿਕਾਸਸ਼ੀਲ ਦੇਸ਼ਾਂ ਦੀਆਂ ਮੰਗਾਂ ਪ੍ਰਤਿ ਰਵੱਈਆ ਵੀ ਸਖਤ ਹੋ ਗਿਆ ਹੈ।

ਐਲਮਾਓ ਵਿਖੇ ਜੀ-7 ਦਾ ਐਲਾਨਨਾਮਾ ਦੁਨੀਆਂ ਲਈ ਪੱਛਮ ਦਾ ਏਜੰਡਾ ਸਾਹਮਣੇ ਰਖਦਾ ਹੈ ਭਾਵੇਂ ਕਿ ਪੱਛਮੀ ਦੇਸ਼ਾਂ ਵਲੋਂ ਬਹੁ-ਧਿਰੀ ਪੱਧਰ 'ਤੇ ਇਸ ਨੂੰ ਅੱਗੇ ਵਧਾਉਣ ਦੀ ਸਮਰੱਥਾ ਸਵਾਲਾਂ ਦੇ ਘੇਰੇ ਵਿਚ ਹੈ। ਵਪਾਰ ਵਾਰਤਾਵਾਂ ਇਕ ਲਾਭਕਾਰੀ ਵਿਆਖਿਆ ਹਨ। 15 ਸਾਲ ਪੁਰਾਣਾ ਵਪਾਰ ਵਾਰਤਾ ਦਾ ਦੋਹਾ ਗੇੜ, ਜਿਸ ਨੂੰ ਆਮ ਕਰਕੇ ਦੋਹਾ ਵਿਕਾਸ ਗੇੜ ਆਖਿਆ ਜਾਂਦਾ ਹੈ, ਦਾ ਮਹੱਤਵ ਗੁਆਚ ਜਾਵੇਗਾ ਕਿਉਂਕਿ ਪੱਛਮੀ ਦੇਸ਼ਾਂ ਵਲੋਂ ਵਪਾਰ ਸਹੂਲਤ ਸਮਝੌਤੇ ਨੂੰ ਇਸ ਵਿਚੋਂ ਕੱਢ ਦਿਤਾ ਗਿਆ ਹੈ। ਜੀ-7 ਨੇ ਸਮਝੌਤੇ ਦੇ ਜਲਦ ਪ੍ਰਮਾਣੀਕਰਨ ਦਾ ਸੱਦਾ ਦਿਤਾ ਹੈ ਤਾਂ ਕਿ ਦਸੰਬਰ ਵਿਚ ਨੈਰੋਬੀ ਵਿਖੇ ਹੋਣ ਵਾਲੀ ਵਿਸ਼ਵ ਵਪਾਰ ਸੰਗਠਨ ਦੀ ਮੰਤਰੀ ਪੱਧਰ ਦੀ ਕਾਨਫਰੰਸ ਵਿਚ ਇਸ ਨੂੰ ਲਾਗੂ ਕੀਤਾ ਜਾ ਸਕੇ। ਬਾਕੀ ਮਸਲਿਆਂ ਬਾਰੇ ਕੋਈ ਕਾਹਲ ਨਹੀਂ ਦਿਖਾਈ ਜਾ ਰਹੀ ਜੋ ਇਸ ਗੇੜ ਵਿਚ ਸ਼ਾਮਿਲ ਸਨ ਅਤੇ ਜਿਸ ਤੋਂ ਇਸ ਗੇੜ ਨੂੰ ਵਿਕਾਸ ਦਾ ਗੇੜ

ਆਖਿਆ ਜਾ ਸਕੇ।

ਐਲਮਾਓ ਐਲਾਨਨਾਮਾ ਬਹੁ-ਧਿਰੀ ਸਮਝੌਤਿਆਂ 'ਤੇ ਜ਼ੋਰ ਦਿੰਦਾ ਹੈ ਜੋ ਚੋਣਵੇਂ ਦੇਸ਼ ਆਪਸ ਵਿਚ ਦਸਤਖ਼ਤ ਕਰ ਸਕਦੇ ਹਨ। ਫਿਰ ਵੀ, ਵਿਸ਼ਵ ਵਪਾਰ ਪ੍ਰਣਾਲੀ ਨੂੰ ਛੁਟਿਆਉਣ ਦੀ ਇੱਛਾ ਦਾ ਇਹ ਆਮ ਇਨਕਾਰ ਹੈ। "ਜਦ ਕਿ ਬਹੁ-ਧਿਰੀ ਵਪਾਰ ਪ੍ਰਣਾਲੀ ਨੂੰ ਮਜ਼ਬੂਤ ਕਰਨਾ ਇਕ ਪਹਿਲ ਹੈ, ਅਸੀਂ ਉੱਚ ਪੱਧਰੀ ਨਵੇਂ, ਦੁਵੱਲੇ ਅਤੇ ਖੇਤਰੀ ਮੁਕਤ ਵਪਾਰ ਸਮਝੌਤਿਆਂ 'ਤੇ ਸਹੀ ਪਾਉਣ ਦੀਆਂ ਕੋਸ਼ਿਸ਼ਾਂ ਦਾ ਸਵਾਗਤ ਕਰਦੇ ਹਾਂ ਅਤੇ ਬਹੁ-ਧਿਰੀ ਵਾਰਤਾਲਾਪ ਵਿਚ ਤੇਜ਼ੀ ਨਾਲ ਅੱਗੇ ਵਧਣ ਦੀ ਆਸ ਕਰਦੇ ਹਾਂ, ਜਿਸ ਵਿਚ ਸੇਵਾਵਾਂ ਵਿਚ ਵਪਾਰ (ਟੀ ਆਈ ਐੱਸ ਏ), ਸੂਚਨਾ ਤਕਨਾਲੋਜੀ ਸਮਝੌਤੇ ਦਾ ਵਿਸਥਾਰ (ਆਈ ਟੀ ਏ), ਅਤੇ ਵਾਤਾਵਰਨਿਕ ਵਸਤਾਂ ਸਮਝੌਤਾ (ਈ ਜੀ ਏ) ਸ਼ਾਮਿਲ ਹਨ", ਇਸ ਐਲਾਨਨਾਮੇ ਵਿਚ ਆਖਿਆ ਗਿਆ ਹੈ। ਅੰਤਰ ਪ੍ਰਸ਼ਾਂਤ ਭਾਈਵਾਲੀ (ਟੀ ਪੀ ਪੀ) ਅਤੇ ਅੰਤਰ-ਐਟਲਾਂਟਿਕ ਵਪਾਰ ਅਤੇ ਨਿਵੇਸ਼ ਭਾਈਵਾਲੀ (ਟੀ ਟੀ ਆਈ ਪੀ) ਦਾ ਵੀ ਸਵਾਗਤ ਕੀਤਾ ਗਿਆ ਹੈ ਜਿਸ ਨੂੰ ਸਿਰੇ ਚੜ੍ਹਾਉਣ ਲਈ ਕੁੱਝ ਪੱਛਮੀ ਦੇਸ਼ ਉਤਾਵਲੇ ਹਨ। ਇਸ ਐਲਾਨਨਾਮੇ ਵਿਚ ਇਹ ਭਰੋਸਾ ਵੀ ਸ਼ਾਮਿਲ ਹੈ ਕਿ ਇਹ ਸਮਝੌਤੇ 'ਪਾਰਦਰਸ਼ੀ, ਉੱਚ ਪੱਧਰ ਦੇ ਅਤੇ ਵਿਆਪਕ' ਹੋਣਗੇ ਅਤੇ ਵਿਸ਼ਵ ਵਪਾਰ ਸੰਗਠਨ ਦੇ ਦਹਾਕੇ ਪਹਿਲਾਂ ਵਿਸ਼ਵ ਵਪਾਰ ਪ੍ਰਣਾਲੀ ਨੂੰ ਨੂਡਲਜ਼ ਦਾ ਕਟੋਰਾ ਬਣਨੋਂ ਡੱਕਣ ਲਈ ਸਥਾਪਤ ਨਹੀਂ ਕੀਤਾ ਗਿਆ ਸੀ।

## ਜਲਵਾਯੂ ਪਰਿਵਰਤਨ ਨੀਤੀ

ਪਾਰਟੀਆਂ ਦੀ 21ਵੀਂ ਕਾਨਫਰੰਸ, ਜੋ ਸੰਯੁਕਤ ਰਾਸ਼ਟਰ ਢਾਂਚੇ ਤਹਿਤ ਵਾਤਾਵਰਨ ਬਦਲਾਅ ਬਾਰੇ ਇਸ ਸਾਲ ਦੇ ਅਖ਼ੀਰ ਪੈਰਿਸ ਵਿਚ ਹੋਵੇਗੀ, ਨਾਲ ਵਾਤਾਵਰਨ ਬਦਲਾਅ ਬਾਰੇ ਵਾਰਤਾ ਇਕ ਨਵੇਂ ਦੌਰ ਵਿਚ ਦਾਖ਼ਲ ਹੋਣਗੀਆਂ। ਪੈਰਿਸ ਵਿਚ ਇਕ ਨਵਾਂ ਸਮਝੌਤਾ ਸਿਰੇ ਚੜ੍ਹਨ ਦੀ ਆਸ ਹੈ ਜਿਸ ਵਿਚ, "ਇਰਾਦਨ ਰਾਸ਼ਟਰੀ ਤੌਰ ਤੇ ਨਿਰਧਾਰਤ ਯੋਗਦਾਨ", ਜੋ ਹਰੇਕ ਦੇਸ਼ ਵਲੋਂ ਗ੍ਰੀਨ ਹਾਊਸ ਗੈਸਾਂ ਦੇ ਨਿਕਾਸ ਘੱਟ ਕਰਨ ਲਈ ਕੀਤਾ ਜਾਵੇਗਾ, ਦੀ ਬਣਤਰ ਬਣਾਈ ਜਾਵੇਗੀ। ਇਸ ਦਾ ਨਿਸ਼ਾਨਾ ਵਿਸ਼ਵ ਦੇ ਔਸਤ ਤਾਪਮਾਨ ਵਾਧੇ ਨੂੰ 2050 ਤਕ 2 ਡਿਗਰੀ ਸੈਲਸੀਅਸ ਤੋਂ ਥੱਲੇ ਰੱਖਣਾ ਹੈ, ਪਰ ਇਹ ਸਪੱਸ਼ਟ ਨਹੀ ਕਿ ਕਿਵੇਂ ਇਹ ਸਵੈਇੱਛਤ 'ਯੋਗਦਾਨ', ਜਿਵੇਂ ਕਿ ਇਨ੍ਹਾਂ ਪ੍ਰਤਿਗਿਆਵਾਂ ਨੂੰ ਆਖਿਆ ਜਾ ਰਿਹਾ ਹੈ, ਵਿਸ਼ਵ ਨਿਕਾਸੀ ਨੂੰ ਘੱਟ ਕਰਨ ਵਿਚ ਕਿਵੇਂ ਸਹਾਈ ਹੋਣਗੇ। ਆਈ ਪੀ ਸੀ ਸੀ ਦਾ ਅਨੁਮਾਨ ਹੈ ਕਿ 2050 ਤਕ 2010 ਦੇ ਮੁਕਾਬਲੇ 40 ਤੋਂ 70 ਪ੍ਰਤਿਸ਼ਤ ਦੇ ਵਿਚਕਾਰ ਨਿਕਾਸ ਘੱਟ ਕਰਨਾ ਪਵੇਗਾ ਤਾਂ ਕਿ 2 ਡਿਗਰੀ ਦੇ ਨਿਸ਼ਾਨੇ ਨੂੰ ਹਾਸਲ ਕੀਤਾ ਜਾ ਸਕੇ।

ਇਹ ਹੁਣ ਸਪੱਸ਼ਟ ਹੈ ਕਿ 'ਸਾਂਝੇ ਪਰ ਵੱਖ-ਵੱਖ ਜ਼ਿੰਮੇਵਾਰੀ' ਵਾਲਾ ਸਿਧਾਂਤ, ਜੋ ਯੂ ਐੱਨ ਐੱਫ ਸੀ ਸੀ ਸੀ, 1992 ਦੇ ਦਸਤਾਵੇਜ਼ ਵਿਚ ਸ਼ਾਮਿਲ ਹੈ, ਨੂੰ ਹੁਣ ਤਿਆਗ ਦਿਤਾ ਜਾਵੇਗਾ। ਇਹੀ ਹਾਲ 1997 ਦੇ ਕਿਓਟੋ ਪ੍ਰੋਟੋਕਾਲ ਵਿਚ ਉੱਤੋਂ ਹੇਠਾਂ ਤਕ ਨਿਕਾਸ ਘਟਾਉਣ ਦੇ ਟੀਚਿਆਂ ਦਾ ਹੋਵੇਗਾ। ਵਿਕਸਤ ਦੇਸ਼, ਜਿਨ੍ਹਾਂ ਦਾ ਕੁੱਲ ਕਾਰਬਨ ਨਿਕਾਸ ਵਿਸ਼ਵ ਤਪਸ਼ ਲਈ ਜ਼ਿੰਮੇਵਾਰ ਹੈ, ਨਵੀਆਂ ਆਮਦਾਂ ਨੂੰ ਥਾਂ ਦੇਣ ਲਈ ਤਿਆਰ ਨਹੀਂ। ਨਵੀਆਂ ਆਮਦਾਂ ਨੂੰ ਸੀਮਤ ਵਾਤਾਵਰਨਿਕ ਥਾਂ ਜੋ ਕਾਰਬਨ ਨਿਕਾਸ ਲਈ ਬਚਿਆ ਹੈ, ਨਾਲ ਗੁਜ਼ਾਰਾ ਕਰਨਾ ਪਵੇਗਾ। ਉਹ ਵਾਤਾਵਰਨ ਪੱਖੀ ਤਕਨਾਲੋਜੀ ਦੇ ਤਬਾਦਲੇ ਵਿਚ ਕਿਸੇ ਛੋਟ ਦੀ ਆਸ ਨਹੀਂ ਕਰ ਸਕਦੇ। ਉਨ੍ਹਾਂ ਨੂੰ ਇਹ ਵਪਾਰਕ ਪੱਧਰ 'ਤੇ ਖਰੀਦਣਾ ਪਵੇਗਾ। ਇਹ ਦੇਖਣਾ ਬਾਕੀ ਹੈ ਕਿ ਪੱਛਮੀ ਦੇਸ਼ਾਂ ਵਾਲੋਂ 2009 ਦੇ ਕੋਪਨਹੈਗਨ ਸਿਖਰ ਸੰਮੇਲਨ ਸਮੇਂ ਨਵੇਂ ਸਮਝੌਤੇ ਨੂੰ ਲਾਗੂ ਕਰਨ ਲਈ ਵਾਅਦਾ ਕੀਤੇ ਫ਼ੰਡ ਪ੍ਰਾਪਤ ਹੋਣਗੇ ਜਾਂ ਨਹੀਂ। ਜੋ ਗੱਲ ਸਪੱਸ਼ਟ ਹੈ, ਉਹ ਇਹ ਕਿ ਵਿਕਾਸਸ਼ੀਲ ਦੇਸ਼ਾਂ ਨੂੰ ਵਿਕਾਸ ਦੇ ਟੀਚੇ ਨਿਕਾਸ ਦੇ ਸਖ਼ਤ ਨਿਯਮਾਂ ਅਤੇ ਪਾਬੰਦੀਆਂ ਦੇ ਬੋਝ ਦੇ ਵਾਧੇ ਹੇਠ ਪੂਰੇ ਕਰਨੇ ਪੈਣਗੇ।

ਅਜਿਹਾ ਵਿਸ਼ਵ ਵਾਤਾਵਰਨ ਵਿਕਾਸ ਸਹਿਯੋਗ ਨੂੰ ਉਤਸਾਹਿਤ ਕਰਨ ਲਈ ਮੁਸ਼ਕਿਲ ਹੀ ਸਹਾਇਕ ਹੈ। ਭਾਰਤ ਵਰਗੇ ਦੇਸ਼, ਜੋ ਆਪਣੇ ਆਰਥਿਕ ਵਿਕਾਸ ਨੂੰ ਰਫ਼ਤਾਰ ਦੇਣ ਲਈ ਵਿਦੇਸ਼ੀ ਨਿਵੇਸ਼ ਅਤੇ ਨਿਰਯਾਤ ਮੰਡੀਆਂ ਦੀ ਮੰਗ ਕਰ ਰਹੇ ਹਨ, ਸਾਹਮਣੇ ਇਕ ਬਿਖੜਾ ਪੈਂਡਾ ਹੈ। ਉਨ੍ਹਾਂ ਦੇ ਰਸਤੇ ਵਿਚ ਵਿਕਸਤ ਦੇਸ਼ਾਂ ਵਲੋਂ ਰੋੜੇ ਅਟਕਾਏ ਜਾ ਰਹੇ ਹਨ ਜੋ ਆਪਣੇ ਘਾਟੇ ਵਾਲੇ ਵਿਕਾਸ ਅਤੇ ਗ਼ੈਰ ਮੁਕਾਬਲੇ ਵਾਲੀਆਂ ਆਰਥਿਕਤਾਵਾਂ ਵਿਚ ਫਸੇ ਪਏ ਹਨ। ਇਹ ਦੇਸ਼ ਨਾ ਸਿਰਫ਼ ਸਹਾਇਤਾ ਦੇਣ ਤੋਂ ਝਿਜਕ ਰਹੇ ਹਨ, ਸਗੋਂ ਆਪਣੀਆਂ ਮੰਡੀਆਂ ਖੋਲ੍ਹਣ ਤੋਂ ਵੀ ਇਨਕਾਰੀ ਹਨ, ਖ਼ਾਸ ਕਰਕੇ ਖੇਤੀ ਉਤਪਾਦਾਂ ਵਾਸਤੇ। ਉਹ ਆਪਣੀਆਂ ਕੰਪਨੀਆਂ ਨੂੰ ਵਿਦੇਸ਼ੀ ਮੁਕਾਬਲੇ ਤੋਂ ਬਚਾਉਣ ਲਈ ਕਈ ਪ੍ਰਕਾਰ ਦੇ ਆਧੁਨਿਕ ਤਰੀਕੇ ਵਰਤਦੇ ਹਨ ਅਤੇ ਆਪਣੇ ਹਿਤਾਂ ਦੀ ਰਾਖੀ ਲਈ ਵਾਤਾਵਰਨਿਕ ਅਤੇ ਮਜ਼ਦੂਰ ਮਾਪਦੰਡ ਅਤੇ ਬੌਧਿਕ ਸੰਪਤੀ ਕਾਨੂੰਨਾਂ ਬਾਰੇ ਮਾਮਲਾ ਵੀ ਤਿਆਰ ਕਰ ਰਹੇ ਹਨ।

## ਭਾਰਤ ਦੀ ਗੁਆਂਢ ਕੂਟਨੀਤੀ

ਬਹੁਪੱਖੀ ਸੰਗਠਨਾਂ ਵਿਚ ਸੁਧਾਰ ਦੀ ਮੰਗ ਕਰਨ ਦਾ ਇਹ ਢੁਕਵਾਂ ਸਮਾਂ ਨਹੀਂ। ਦੇਸ਼ ਆਪਣੇ ਰਾਜਨੀਤਕ ਅਤੇ ਆਰਥਿਕ ਹਿਤਾਂ ਦੀ ਰਾਖੀ ਲਈ ਖੇਤਰੀ ਸਮੂਹਾਂ ਵੱਲ ਮਜਬੂਰ ਹੋ ਕੇ ਪਰਤ ਰਹੇ ਹਨ। ਇਨ੍ਹਾਂ ਹਾਲਤਾਂ ਵਿਚ ਭਾਰਤ ਨੇ ਗੁਆਂਢੀ ਵੱਲ ਧਿਆਨ ਕਰਕੇ, ਮੱਤਭੇਦ ਭੁਲਾ ਕੇ ਅਤੇ ਉਨ੍ਹਾਂ ਨਾਲ ਆਰਥਿਕ ਸਹਿਯੋਗ ਵਧਾ ਕੇ ਇਕ ਵਧੀਆ ਉਪਰਾਲਾ ਕੀਤਾ ਹੈ। ਇਸ ਦੀ ਵਿਦੇਸ਼ੀ ਨੀਤੀ, ਅਜਿਹੇ ਔਖੇ ਵੇਲੇ ਵਿਚ ਦੋਸਤਾਂ ਅਤੇ ਗੁਆਂਢੀਆਂ ਨਾਲ ਰਿਸ਼ਤੇ ਮਜ਼ਬੂਤ ਕਰਨ ਦੇ ਨਾਲ ਕਦਮ ਮਿਲਾ ਕੇ ਚੱਲ ਰਹੀ ਹੈ। ਦੁਵੱਲੀਆਂ ਕੋਸ਼ਿਸ਼ਾਂ ਤੋਂ ਇਲਾਵਾ, ਜਿਵੇਂ ਬੰਗਲਾਦੇਸ਼ ਨਾਲ ਲੰਮੇ ਸਮੇਂ ਤੋਂ ਚਲਦੇ ਆ ਰਹੇ ਸਰਹੱਦੀ ਝਗੜੇ ਦਾ ਹੱਲ, ਭਾਰਤ ਵਲੋਂ ਚਾਰ ਦੇਸ਼ਾਂ ਦੇ ਮੋਟਰ ਗੱਡੀਆਂ ਦੇ ਸਮਝੌਤੇ ਬਾਰੇ ਸਫਲ ਬਹੁਪੱਖੀ ਪਹਿਲਕਦਮੀ ਕੀਤੀ ਗਈ ਹੈ ਜਿਸ ਵਿਚ ਬੰਗਲਾਦੇਸ਼, ਭੂਟਾਨ, ਭਾਰਤ ਅਤੇ ਨੇਪਾਲ ਸ਼ਾਮਿਲ ਹਨ।

**ਆਪਣੇ ਨਿਕਟ ਗੁਆਂਢੀਆਂ ਤੋਂ ਪਾਰ ਵੇਖਦਿਆਂ ਭਾਰਤ ਇਸ ਸਾਲ ਬਾਅਦ ਵਿਚ 54 ਅਫ਼ਰੀਕੀ ਦੇਸ਼ਾਂ ਦੇ ਸਿਖਰ ਸੰਮੇਲਨ ਦੀ ਮੇਜ਼ਬਾਨੀ ਕਰੇਗਾ। 1983 ਵਿਚਲੇ ਗੁੱਟ ਨਿਰਲੇਪ ਦੇ ਸਿਖਰ ਸੰਮੇਲਨ ਤੋਂ ਬਾਅਦ ਭਾਰਤ ਵਿਚ ਵਿਦੇਸ਼ੀ ਨੇਤਾਵਾਂ ਦਾ ਸਭ ਤੋਂ ਵੱਡਾ ਇਕੱਠ ਹੋਵੇਗਾ। ਇਹ ਇਸ ਤੱਥ ਦੇ ਬਾਵਜੂਦ ਹੈ ਕਿ ਭਾਰਤ ਇਨ੍ਹਾਂ ਦੇਸ਼ਾਂ ਨੂੰ ਚੀਨ ਵਾਂਗ ਵਿੱਤੀ ਮਦਦ ਦੇਣ ਤੋਂ ਅਸਮਰੱਥ ਹੈ ਅਤੇ ਬੁਨਿਆਦੀ ਢਾਂਚਾ ਪ੍ਰਜੈਕਟਾਂ ਵਿਚ ਚੀਨੀ ਕੰਪਨੀਆਂ ਦੀ**

**ਅਸਾਧਾਰਨ ਸਮਰੱਥਾ ਵੀ ਇਸ ਤੋਂ ਕਿਤੇ ਵੱਧ ਹੈ। ਭਾਰਤ ਦੀ ਤਾਕਤ ਮਨੁੱਖੀ ਸਰੋਤਾਂ ਦੇ ਵਿਕਾਸ ਅਤੇ ਸੂਚਨਾ ਗਿਆਨ ਵਿਚ ਹੈ ਅਤੇ ਇਸ ਨੂੰ ਇਹ ਪੂਰੀ ਸਮਰੱਥਾ ਨਾਲ ਇਨ੍ਹਾਂ ਦੇਸ਼ਾਂ ਨਾਲ ਸਾਂਝੀ ਕਰਨੀ ਹੋਵੇਗੀ।**

## ਬ੍ਰਿਕਸ

ਅੰਤਰਰਾਸ਼ਟਰੀ ਵਿੱਤ ਵਿਚ ਭਾਰਤ ਬ੍ਰਿਕਸ ਵਿਚ ਬਹੁਤ ਸਰਗਰਮ ਹੈ। ਇਸ ਵਲੋਂ ਪੇਸ਼ ਬ੍ਰਿਕਸ ਵਿਕਾਸ ਬੈਂਕ ਸਥਾਪਤ ਕਰਨ ਦੇ ਪ੍ਰਸਤਾਵ ਨੂੰ ਸੰਗਠਨ ਵਲੋਂ ਅਪਣਾ ਲਿਆ ਗਿਆ ਹੈ ਅਤੇ ਨਿਊ ਡਿਵੈਲਪਮੈਂਟ ਬੈਂਕ ਦੇ ਨਾਮ ਨਾਲ ਇਸ ਵਲੋਂ ਅਗਲੇ ਸਾਲ ਤੋਂ ਕੰਮ ਸ਼ੁਰੂ ਕਰਨ ਦੀ ਆਸ ਹੈ। ਜਿਵੇਂ ਕਿ ਸੰਮਤੀ ਬਣੀ ਹੈ। ਇਸ ਦਾ ਪਹਿਲਾ ਪ੍ਰਧਾਨ ਭਾਰਤ ਤੋਂ ਹੋਵੇਗਾ। ਬੈਂਕ 50 ਬਿਲੀਅਨ ਡਾਲਰ ਪੂੰਜੀ ਨਾਲ ਸ਼ੁਰੂਆਤ ਕਰੇਗਾ ਅਤੇ ਵਿਕਾਸ ਯੋਜਨਾਵਾਂ ਲਈ ਵਿੱਤ ਮੁਹੱਈਆ ਕਰਵਾਏਗਾ। ਦੇਸ਼ਾਂ ਲਈ ਭੁਗਤਾਨ ਸੰਤੁਲਨ ਦੀਆਂ ਲੋੜਾਂ ਨੂੰ ਪੂਰੇ ਕਰਨ ਲਈ ਕਰੰਸੀ ਰਿਜ਼ਰਵ ਪ੍ਰਬੰਧਨ ਵੀ ਸਥਾਪਤ ਕੀਤਾ ਜਾ ਰਿਹਾ ਹੈ। ਬ੍ਰਿਕਸ ਪਹਿਲਕਦਮੀਆਂ ਦੀ ਜ਼ਰੂਰਤ ਤਾਂ ਪਈ ਕਿਉਂਕਿ ਪੱਛਮ ਨੇ ਬਾਕੀ ਦੇਸ਼ਾਂ ਨੂੰ ਉਨ੍ਹਾਂ ਦੀ ਆਰਥਿਕਤਾ ਦੇ ਆਕਾਰ ਮੁਤਾਬਕ ਸੁਣਵਾਈ ਤੋਂ ਇਨਕਾਰ ਕਰ ਦਿਤਾ ਸੀ ਜੋ ਵਰਤਮਾਨ ਵਿਸ਼ਵ ਵਿੱਤੀ ਸੰਸਥਾਨਾਂ ਦਾ ਸੰਚਾਲਨ ਕਰਦੇ ਹਨ। ਪੀੜਾਦਾਇਕ ਤੇ ਮਨਮਾਨੀ ਵਾਲੀਆਂ ਵਾਤਾਵਰਣਕ ਅਤੇ ਮਨੁੱਖੀ ਹੱਕਾਂ ਦੀਆਂ ਇਨ੍ਹਾਂ ਸੰਸਥਾਵਾਂ ਵਲੋਂ ਲਗਾਈਆਂ ਸ਼ਰਤਾਂ ਨੇ ਵਿਕਾਸਸ਼ੀਲ ਦੇਸ਼ਾਂ ਨੂੰ ਨਾਰਾਜ਼ ਕਰ ਦਿਤਾ ਅਤੇ ਨਵੇਂ ਬ੍ਰਿਕਸ ਸੰਸਥਾਨ ਸਵਾਗਤਯੋਗ ਵਿਕਲਪ ਪੇਸ਼ ਕਰ ਰਹੇ ਹਨ।

ਖੇਤਰੀ ਭਾਈਵਾਲੀ ਨੂੰ ਉਤਸ਼ਾਹਿਤ ਕਰਨ ਵਾਲਾ ਭਾਰਤ ਇਕੱਲਾ ਦੇਸ਼ ਨਹੀਂ ਹੈ। ਚੀਨ ਆਪਣੀ ਨਵੀਂ ਆਰਥਿਕ ਤਾਕਤ ਨੂੰ ਆਪਣਾ ਵਿਕਾਸ ਬੈਂਕ ਸਥਾਪਤ ਕਰਨ ਲਈ ਵਰਤ ਰਿਹਾ ਹੈ, ਏਸ਼ੀਅਨ ਇਨਫਰਾਸਟਰਕਚਰ ਇਨਵੈਸਮੈਂਟ ਬੈਂਕ, ਜਿਸ ਦਾ ਪੂੰਜੀ ਆਧਾਰ 100 ਬਿਲੀਅਨ ਅਮਰੀਕੀ ਡਾਲਰ ਹੋਵੇਗਾ। 57 ਦੇਸ਼ ਭਾਰਤ ਸਮੇਤ, ਪਹਿਲਾਂ ਹੀ ਇਸ ਵਿਚ ਸ਼ਾਮਿਲ ਹੋ ਚੁੱਕੇ ਹਨ। ਵਿਸ਼ਵ ਵਪਾਰ ਸੰਸਥਾ ਦੀ ਕੀਮਤ 'ਤੇ, ਅਮਰੀਕਾ ਅੰਤਰ-ਪ੍ਰਸ਼ਾਂਤ ਭਾਈਵਾਲੀ ਲਈ ਕਠਿਨ ਮਿਹਨਤ ਕਰ ਰਿਹਾ ਹੈ ਜੋ ਅਮਰੀਕਾ, ਉਸ਼ਆਨੀਆ ਅਤੇ ਏਸ਼ੀਆ ਦੇ ਚੋਣਵੇਂ ਦੇਸ਼ਾਂ ਦਰਮਿਆਨ ਨੇੜਲੇ ਆਰਥਿਕ ਸੰਬੰਧ ਸਥਾਪਤ ਕਰਨ ਲਈ ਇਕ ਵਪਾਰ ਅਤੇ ਨਿਵੇਸ਼ ਸਮਝੌਤਾ ਹੈ।

## ਅੰਤਰਰਾਸ਼ਟਰੀ ਯੋਗਾ ਦਿਵਸ ਪਹਿਲਕਦਮੀ

ਬਹੁ-ਪੱਖਵਾਦ ਦੀ ਹਮਾਇਤ ਅਤੇ ਉਤਸ਼ਾਹ ਪ੍ਰਤਿ ਭਾਰਤ ਦੀ ਪੁਰਾਤਨ ਰਵਾਇਤ, ਖ਼ਾਸ ਕਰਕੇ ਸੰਯੁਕਤ ਰਾਸ਼ਟਰ ਸੰਘ ਲਈ, ਨੇ ਇਸ ਨੂੰ ਇਕ ਅਜਿਹੀ ਸਰਗਰਮੀ ਵਿਚ ਦੁਨੀਆਂ ਦੇ ਲੋਕਾਂ ਨੂੰ ਇਕੱਠੇ ਕਰਨ ਲਈ ਗ਼ੈਰ-ਰਵਾਇਤੀ ਕੋਸ਼ਿਸ਼ ਕਰਨ ਲਈ ਪ੍ਰੇਰਿਤ ਕੀਤਾ ਹੈ ਜੋ ਜਿੰਨੀ ਵਿਅਕਤੀਗਤ ਹੈ, ਉਨੀ ਸਮਾਜਿਕ ਵੀ। ਵਿਸ਼ਵ ਦੀਆਂ ਰਾਜਨੀਤਕ, ਆਰਥਿਕ ਅਤੇ ਵਾਤਾਵਰਨਿਕ ਸਮੱਸਿਆਵਾਂ ਦੇ ਜਵਾਬ ਲੱਭਣੇ ਇੰਨੇ ਸੌਖੇ ਨਹੀਂ। ਉਹ ਬਹੁਪੱਖੀ ਸੰਗਠਨਾਂ ਅਤੇ ਦੇਸ਼ਾਂ ਦੀ ਵੀ ਉਨੀ ਜ਼ਿੰਮੇਵਾਰੀ ਹਨ ਜਿੰਨੀ ਵਿਅਕਤੀਗਤ ਲੋਕਾਂ ਦੀ। ਹਰੇਕ ਵਿਅਕਤੀ ਕੀ ਕਰ ਸਕਦਾ ਹੈ, ਇਸ ਬਾਰੇ ਜਾਗਰੂਕਤਾ ਪੈਦਾ ਕਰਨਾ ਕਿਸੇ ਵੀ ਸ਼ੁਰੂਆਤ ਲਈ ਜ਼ਰੂਰੀ ਹੈ। ਭਾਰਤ ਦਾ ਅੰਤਰਰਾਸ਼ਟਰੀ ਯੋਗਾ ਦਿਵਸ ਇਕ ਛੋਟਾ ਜਿਹਾ ਕਦਮ ਹੈ ਅਤੇ ਅੰਤਰਰਾਸ਼ਟਰੀ ਸਹਿਮਤੀ ਬਣਾਉਣ ਅਤੇ ਰਾਸ਼ਟਰੀ ਆਦਰਸ਼ ਨੂੰ ਉਤਸ਼ਾਹਿਤ ਕਰਨ ਲਈ ਬਹੁਪੱਖਵਾਦ ਦੀ ਵਰਤੋਂ ਦੀ ਇਕ ਵਧੀਆ ਉਦਾਹਰਣ ਹੈ। ਇਹ ਬੇਮਿਸਾਲ ਸਫਲਤਾ ਹੈ। ਭਾਰਤ ਦੇ ਮਤੇ ਨੂੰ ਰਿਕਾਰਡ 175 ਦੇਸ਼ਾਂ ਵਿਚ ਸਹਿ-ਪ੍ਰਯੋਜਿਤ ਕੀਤਾ ਗਿਆ ਅਤੇ ਸੰਯੁਕਤ ਰਾਸ਼ਟਰ ਦੇ ਆਮ ਇਜਲਾਸ ਵਿਚ ਇਸ ਨੂੰ ਸਰਬਸੰਮਤੀ ਨਾਲ ਅਪਣਾ ਲਿਆ ਗਿਆ।

ਨਰਮ ਕੂਟਨੀਤੀ ਦਾ ਇਕ ਦੇਸ਼ ਵਲੋਂ ਇਹ ਕੁਸ਼ਲ ਪ੍ਰਦਰਸ਼ਨ ਸੀ ਜਿਸ ਨੇ ਦਹਾਕਿਆਂ ਬੱਧੀ ਸੰਯੁਕਤ ਰਾਸ਼ਟਰ ਦੀ ਬਣਤਰ ਨੂੰ ਆਕਾਰ ਦਿਤਾ, ਵਿਸ਼ਵ ਯੁੱਧ ਉਪਰੰਤ ਇਸ ਨੂੰ ਯਥਾ ਸਥਿਤੀ ਦੇ ਰੱਖਿਅਕ ਤੋਂ ਬਦਲਾਅ ਦਾ ਕਾਰਕ ਬਣਦਾ ਵੇਖਿਆ ਜੋ ਗ਼ੈਰ-ਬਸਤੀਵਾਦ ਨੂੰ ਉਤਸ਼ਾਹ ਦਿੰਦਾ ਹੈ, ਨਸਲਵਾਦ ਨਾਲ ਲੜਦਾ ਹੈ ਅਤੇ ਵਿਕਾਸ ਦਾ ਮੁੱਦਈ ਹੈ। ਕੁਦਰਤੀ ਸਰੋਤਾਂ ਦੀ ਕੁਵਰਤੋਂ ਨਾਲ ਝੰਬੀ ਦੁਨੀਆਂ ਵਿਚ, ਭਾਰਤ ਦੀ ਕੁਦਰਤ ਨਾਲ ਇਕਮਿਕ ਹੋ ਕੇ ਰਹਿਣ ਦੀ ਵਿਚਾਰਧਾਰਾ ਨੇ ਨੌਜਵਾਨਾਂ ਅਤੇ ਅੱਗੇ ਦੀ ਸੋਚ ਰੱਖਣ ਵਾਲੇ ਲੋਕਾਂ ਨੂੰ ਆਕਰਸ਼ਿਤ ਕੀਤਾ ਹੈ।

**ਭਾਵੇਂ ਕਿ ਇਹ ਕਹਿਣਾ ਸਮੇਂ ਤੋਂ ਪਹਿਲਾਂ ਦੀ ਗੱਲ ਹੋਵੇਗੀ ਕਿ ਇਨ੍ਹਾਂ ਖੇਤਰੀ ਪਹਿਲਕਦਮੀਆਂ ਵਿਚੋਂ ਕਿੰਨੀਆਂ ਕੁ ਸਫਲ ਹੋਣਗੀਆਂ, ਪਰ ਇਹ ਸਿੱਟਾ ਕੱਢਣਾ ਵਾਜਬ ਹੋਵੇਗਾ ਕਿ ਦੂਜੇ ਵਿਸ਼ਵ ਯੁੱਧ ਦੇ ਕਾਲ ਦੇ ਬਹੁ-ਪੱਖੀ ਸੰਸਥਾਨਾਂ ਦੇ ਜਨਾਦੇਸ਼ ਅਤੇ ਉਦੇਸ਼ ਨੂੰ ਘੱਟ ਕਰ ਰਹੀਆਂ ਹਨ। ਗੇਂਦ ਹੁਣ ਪੱਛਮ ਅਤੇ ਅਜਿਹੇ ਸੰਗਠਨਾਂ ਤੇ ਕਾਬਜ਼ ਸ਼ਕਤੀਸ਼ਾਲੀ ਲੋਕਾਂ ਦੇ ਪਾਲੇ ਵਿਚ ਹੈ ਕਿ ਉਹ ਬਹੁਪੱਖੀ ਢਾਂਚੇ ਵਿਚ ਸੁਧਾਰ ਕਰਨ ਤਾਂ ਕਿ ਉਨ੍ਹਾਂ ਦੀ ਸਚਾਈ ਅਤੇ ਅੰਤਰਰਾਸ਼ਟਰੀ ਖੇਤਰ ਦੀਆਂ ਲੋੜਾਂ ਉਸ ਵਿਚੋਂ ਨਜ਼ਰ ਆ ਸਕਣ। ਅਜਿਹਾ ਨਾ ਕਰਨ ਨਾਲ ਬਹੁ-ਪੱਖਵਾਦ ਅਤੇ ਇਸ ਨਾਲ ਸੰਬੰਧਿਤ ਸੰਸਥਾਨਾਂ ਦੇ ਗ਼ੈਰ-ਪ੍ਰਸੰਗਿਕ ਹੋਣ ਦਾ ਖ਼ਤਰਾ ਖੜ੍ਹਾ ਹੋ ਜਾਵੇਗਾ।**

*(ਲੇਖਕ ਜਨੇਵਾ ਵਿਚ ਸੰਯੁਕਤ ਰਾਸ਼ਟਰ ਅਤੇ ਗ੍ਰੀਸ ਦਾ ਰਾਜਦੂਤ ਰਹਿ ਚੁੱਕਾ ਹੈ।)*

*e-mail :dilipsinha@hotmail.com*

**ਜਰਨਲ ਯੂਨਿਟ ਦਾ ਨਵਾਂ ਪਤਾ**

*ਪ੍ਰਕਾਸ਼ਨ ਵਿਭਾਗ, ਸੂਚਨਾ ਤੇ ਪ੍ਰਸਾਰਨ ਮੰਤਰਾਲਾ,*
*ਕਮਰਾ ਨੰ. 48-53, ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ,*
*ਲੋਧੀ ਰੋਡ, ਨਵੀ ਦਿੱਲੀ-110003*
ਫ਼ੋਨ: 011-24367260 ਫੈਕਸ : 011-24365609
ਈਮੇਲ : *pdjucir@gmail.com*

# ਵਿਦੇਸ਼ਾਂ ਵਿਚ ਭਾਰਤੀ ਪਰਵਾਸੀ

ਸ਼ਸ਼ੀ ਯੂ. ਤ੍ਰਿਪਾਠੀ

ਭਾਰਤੀ ਪੁਰਾਣੇ ਸਮਿਆਂ ਤੋਂ ਦੁਨੀਆਂ ਦੇ ਵੱਖ-ਵੱਖ ਭਾਗਾਂ ਵਿਚ ਜਾਂਦੇ ਰਹੇ ਹਨ ਪਰ ਵਿਦੇਸ਼ੀ ਧਰਤੀਆਂ ਭਾਰਤੀਆਂ ਦਾ ਪ੍ਰਵਾਸ ਬਹੁਤੀ ਪੁਰਾਣੀ ਗੱਲ ਨਹੀਂ। ਡੇਢ ਸੌ ਸਾਲ ਪਹਿਲਾਂ ਉਨ੍ਹਾਂ ਨੂੰ ਅਮਰੀਕਾ, ਵੈਸਟ ਇੰਡੀਜ਼ ਅਤੇ ਹਿੰਦ ਮਹਾਂਸਾਗਰ ਦੇ ਟਾਪੂਆਂ ਵਿਚ ਬ੍ਰਤਾਨਵੀ ਬਸਤੀਵਾਦੀਆਂ ਵਲੋਂ ਲਿਜਾਇਆ ਗਿਆ ਜਿਨ੍ਹਾਂ ਨੇ ਉਨ੍ਹਾਂ ਦੀ ਸਖ਼ਤ ਕੰਮ ਕਰਨ ਦੀ ਸਮਰੱਥਾ ਅਤੇ ਬੌਧਿਕ ਉਦਯੋਗਾਂ ਨੂੰ ਪਛਾਣ ਲਿਆ ਸੀ। ਬਾਅਦ ਵਿਚ ਉਹ ਆਰਥਿਕ ਬੇਹਤਰੀ ਲਈ ਉੱਤਰੀ ਅਮਰੀਕਾ, ਯੂਰਪ, ਦੱਖਣ ਪੂਰਬ ਏਸ਼ੀਆ ਤੇ ਮੱਧ ਪੂਰਬ ਲਈ ਨਿਕਲ ਪਏ ਅਤੇ ਇਕ ਵਾਰ ਫਿਰ ਸਿੱਖਿਆ ਤੇ ਉੱਚ ਅਧਿਐਨ ਲਈ ਪੱਛਮੀ ਦੇਸ਼ਾਂ ਦਾ ਰੁਖ਼ ਕੀਤਾ। ਅੱਜ ਦੁਨੀਆਂ ਭਰ 'ਚ ਇਨ੍ਹਾਂ ਨੂੰ ਸੂਚਨਾ ਤਕਨਾਲੋਜੀ ਹੁਨਰ ਤੇ ਤੀਖਣ ਵਿੱਤੀ ਸੂਝਬੂਝ ਲਈ ਜਾਣਿਆ ਜਾਂਦਾ ਹੈ।

ਠੇਕੇ 'ਤੇ ਮਜ਼ਦੂਰੀ ਕਰਨ ਦੇ ਸ਼ੁਰੂਆਤੀ ਸਾਲ ਅਮੁੱਕ, ਸਖ਼ਤ ਮਿਹਨਤ, ਬੇਗਾਨਗੀ ਅਤੇ ਇਕੱਲਤਾ, ਘਰ ਤੋਂ ਬਹੁਤ ਦੂਰ ਰਹਿਣ ਦੀ ਦੁੱਖ ਭਰੀ ਦਾਸਤਾਂ ਬਿਆਨ ਕਰਦੇ ਹਨ। ਉਨ੍ਹਾਂ ਸਾਲਾਂ ਦੀਆਂ ਹਨ੍ਹੇਰੀਆਂ ਰਾਤਾਂ ਵਿਚ ਜਿਸ ਚੀਜ਼ ਨੇ ਆਸ ਦਾ ਦੀਵਾ ਬਾਲੀ ਰੱਖਿਆ, ਉਹ ਸੀ ਵਿਸ਼ਵਾਸ ਅਤੇ ਸਭਿਆਚਾਰਕ ਵਿਰਸਾ। ਉਸ ਅੱਧੋਗਤੀ ਤੋਂ ਇਹ ਲੋਕ ਰਹੱਸਮਈ ਮਨੁੱਖ ਵਾਂਗ ਉੱਠ ਖੜ੍ਹੇ ਹੋਏ ਤੇ ਪ੍ਰਸ਼ਾਸਨਿਕ, ਵਿੱਤੀ ਅਤੇ ਰਾਜਨੀਤਕ ਖੇਤਰ ਦੀਆਂ ਉੱਚ-ਪਦਵੀਆਂ 'ਤੇ ਬਿਰਾਜਮਾਨ ਹੋ ਗਏ ਆਪਣੇ ਨਿਵਾਸ ਵਾਲੇ ਦੇਸ਼ਾਂ ਵਿਚ। ਇਹ ਸਾਰਾ ਕੁਝ ਉਨ੍ਹਾਂ ਦੀ ਸਖ਼ਤ ਮਿਹਨਤ, ਪਹਿਲਕਦਮੀ ਅਤੇ ਉੱਦਮੀ ਸੁਭਾਅ ਕਰਕੇ ਸੰਭਵ ਹੋਇਆ। ਇਨ੍ਹਾਂ ਬਹੁਤ ਸਾਰੇ ਦੇਸ਼ਾਂ ਵਿਚ ਰਾਜ ਦੇ ਅਤੇ ਸਰਕਾਰ ਦੇ ਮੁਖੀ ਭਾਰਤੀ ਮੂਲ ਦੇ ਹੋਏ ਹਨ।

ਅੱਜ ਪਰਵਾਸੀ ਭਾਰਤੀਆਂ ਦੀ ਸੰਖਿਆ 20 ਮਿਲੀਅਨ ਤੋਂ ਵੱਧ ਹੈ ਜੋ ਸਾਰੀ ਦੁਨੀਆਂ ਵਿਚ ਫੈਲੇ ਹੋਏ ਹਨ। ਦੁਨੀਆਂ ਦੀ ਸ਼ਾਇਦ ਹੀ ਕੋਈ ਅਜਿਹੀ ਥਾਂ ਹੋਵੇ ਜਿਥੇ ਭਾਰਤੀ ਨਾ ਮਿਲਣ। ਇਥੋਂ ਤਕ ਕਿ ਆਰਕਟਿਕ ਕੈਨੇਡਾ ਦੇ ਬਰਫ਼ੀਲੇ ਪਾਣੀਆਂ ਵਿਚ ਵੀ ਇਕ ਵਿਅਕਤੀ ਦਾ ਸਵਾਗਤ ਸਤਿਕਾਰ ਕਰਨ ਵਾਲਾ ਸ਼ਖ਼ਸ ਭਾਰਤੀ ਮੂਲ ਦਾ ਸੀ, ਜੋ ਪੂਰਬੀ ਅਫ਼ਰੀਕਾ ਤੋਂ ਪਰਵਾਸ ਕਰਕੇ ਗਿਆ। ਇਥੋਂ ਦੀ ਮੂਲ ਔਰਤ ਨਾਲ ਵਿਆਹ ਰਚਾਇਆ ਅਤੇ ਯਾਤਰੀਆਂ ਵਾਸਤੇ ਇਕ ਖ਼ੁਸ਼ਹਾਲ ਗੈਸਟ ਹਾਊਸ ਚਲਾ ਰਿਹਾ ਸੀ।

ਭਾਰਤ ਪਰਵਾਸੀਆਂ ਦੀ ਸ਼ਕਤੀ ਅਤੇ ਪਹੁੰਚ ਬਾਰੇ ਇਕ ਦਹਾਕਾ ਪਹਿਲਾਂ ਸੁਚੇਤ ਹੋ ਗਿਆ ਸੀ ਅਤੇ ਮਹਿਸੂਸ ਕੀਤਾ ਕਿ ਉਨ੍ਹਾਂ ਦੀ ਸਾਂਝ ਜਾਤੀਗਤ ਸੱਭਿਆਚਾਰਕ ਜੜ੍ਹਾਂ ਨਾਲ ਕਿੰਨੀ ਪੱਕੀ-ਪੀਡੀ ਸੀ। ਭਾਰਤ ਅਤੇ ਭਾਰਤੀ ਸੱਭਿਆਚਾਰ ਵਿਚ ਇਕ ਮਿਕਨਾਤੀਸੀ ਕਸ਼ਿਸ਼ ਹੈ। ਇਕ ਵਾਰ ਦਾ ਭਾਰਤੀ ਹਮੇਸ਼ਾ ਵਾਸਤੇ ਭਾਰਤੀ। ਖਾਣਾ, ਸੰਗੀਤ, ਨਾਚ, ਭਾਸ਼ਾ, ਮੇਲੇ, ਦਰਸ਼ਨ ਸ਼ਾਸਤਰ, ਕਦਰਾਂ-ਕੀਮਤਾਂ ਇਨ੍ਹਾਂ ਸਭ 'ਤੇ ਵਿਦੇਸ਼ੀਂ ਵੱਸਦੇ ਭਾਰਤੀਆਂ ਵਲੋਂ ਜੋਸ਼ ਨਾਲ ਪਹਿਰਾ ਦਿਤਾ ਜਾਂਦਾ ਹੈ। ਵਧੇ ਹੋਏ ਪਰਿਵਾਰ ਦੀ ਭਾਵਨਾ ਇਨ੍ਹਾਂ ਜੜ੍ਹਾਂ ਨੂੰ ਹੋਰ ਮਜ਼ਬੂਤ ਕਰਦੀ ਹੈ। ਇਸੇ ਸਮੇਂ ਹੀ, ਇਹ ਵੇਖਦਿਆਂ ਕਿ ਉਹ ਬਹੁ-ਸੱਭਿਆਚਾਰਕ, ਬਹੁ-ਨਸਲੀ, ਬਹੁ-ਧਾਰਮਿਕ ਸਮਾਜ ਤੋਂ ਆਉਂਦੇ ਹਨ ਜਿਸ ਦਾ ਨਾਹਰਾ 'ਵਾਸੁਦੇਵਾ ਕੁਟੰਬਕਮ' (ਸਾਰਾ ਸੰਸਾਰ ਇਕ ਪਰਿਵਾਰ ਹੈ) ਰਿਹਾ ਹੈ - ਉਹ ਕਿਸੇ ਵੀ ਵਾਤਾਵਰਨ ਅਤੇ ਜਾਂ ਦੇਸ਼ ਦੇ ਹਾਲਾਤ ਮੁਤਾਬਕ ਆਪਣੇ ਆਪ ਨੂੰ ਢਾਲ ਲੈਂਦੇ ਹਨ। ਅੱਜ ਅਮਰੀਕਾ ਵਿਚਲੇ ਭਾਰਤੀ ਭਾਈਚਾਰੇ ਨੂੰ ਸਭ ਤੋਂ ਵੱਧ ਕਾਨੂੰਨ ਦੇ ਪਾਬੰਦ, ਸਿੱਖਿਅਤ ਅਤੇ ਧਨੀ ਸਮੂਹਾਂ ਵਜੋਂ ਜਾਣਿਆ ਜਾਂਦਾ ਹੈ। ਉਹ ਉੱਚ ਆਮਦਨ ਕਮਾਉਣ ਵਾਲੇ ਸਮੂਹਾਂ ਵਿਚ ਆਉਂਦੇ ਹਨ। ਉਹ ਸੰਕਟ ਅਤੇ ਕੁਦਰਤੀ ਆਫ਼ਤਾਂ ਸਮੇਂ ਭਾਰਤ ਦੀ ਸਹਾਇਤਾ ਕਰਨ ਲਈ ਅੱਪੜੇ ਹਨ। 2001 ਦੇ ਗੁਜਰਾਤ ਵਿਚ ਆਏ ਭੂਚਾਲ ਸਮੇਂ ਅਮਰੀਕਾ ਵਸਦੇ ਭਾਰਤੀ ਪਰਵਾਸੀ ਵਹੀਰਾਂ ਘੱਤ ਕੇ ਪੈਸੇ ਅਤੇ ਸਾਮਾਨ ਦੀ ਮਦਦ ਲੈ ਕੇ ਪੁੱਜੇ। ਉੱਚ ਵਰਗ ਦੇ ਹੋਰ ਪਰਵਾਸੀ ਮੌਰੀਸ਼ੀਅਸ 'ਚ ਵਸਦੇ ਹਨ ਜਿਥੇ ਪ੍ਰਧਾਨ ਮੰਤਰੀ ਸਮੇਤ ਲਗਭਗ 60 ਪ੍ਰਤਿਸ਼ਤ ਵਸੋਂ ਭਾਰਤੀ ਮੂਲ ਦੀ ਹੈ ਜੋ ਉਸ ਦੇਸ਼ ਦੀ ਰਾਜਨੀਤੀ ਅਤੇ ਪ੍ਰਸ਼ਾਸਨ ਨੂੰ ਬਹੁਤ ਹੀ ਸਫਲਤਾ ਨਾਲ ਚਲਾ ਰਹੀ ਹੈ। ਜਿਸ ਉਤਸ਼ਾਹ ਤੇ ਜੋਸ਼ ਨਾਲ ਧਾਰਮਿਕ ਉਤਸਵ, ਖ਼ਾਸ ਕਰਕੇ ਸ਼ਿਵਰਾਤਰੀ ਮਨਾਏ ਜਾਂਦੇ ਹਨ, ਉਹ ਵੇਖਿਆਂ ਹੀ ਬਣਦੇ ਹਨ।

ਲਗਭਗ ਇਕ ਦਹਾਕਾ ਪਹਿਲਾਂ ਪਰਵਾਸੀ ਭਾਰਤੀ ਦਿਵਸ ਦੀ ਰੂਪ-ਰੇਖਾ ਤਿਆਰ ਕੀਤੀ ਗਈ। ਇਸ ਪਿੱਛੇ ਮਕਸਦ ਇਕ ਅਜਿਹਾ ਮੰਚ ਤਿਆਰ ਕਰਨਾ ਸੀ ਜਿਥੇ ਪਰਵਾਸੀ ਭਾਰਤੀ ਅਤੇ ਭਾਰਤੀ ਮੂਲ ਦੇ ਵਿਅਕਤੀ ਇਕੱਠੇ ਬੈਠ ਕੇ ਆਪਸੀ ਲਾਭ ਲਈ ਆਪਣੇ ਤਜਰਬੇ ਸਾਂਝੇ ਕਰ ਸਕਣ। ਸਿੱਟੇ ਵਜੋਂ, ਵੱਖ-ਵੱਖ ਮਹਾਂਦੀਪਾਂ ਵਿਚ ਬਹੁਤ ਲਾਹੇਵੰਦ ਸੰਗਠਨ ਹੋਂਦ ਵਿਚ ਆਏ। ਇਸ ਨੇ ਭਾਰਤ ਨੂੰ ਮੌਕਾ ਪ੍ਰਦਾਨ ਕੀਤਾ ਜਿਥੇ ਉਹ ਆਪਣੀ ਤਰੱਕੀ ਨੂੰ ਪ੍ਰਦਰਸ਼ਿਤ ਕਰ ਸਕੇ ਅਤੇ ਵਤਨੋਂ ਦੂਰ ਬੈਠੇ ਪ੍ਰਦੇਸੀ ਬੈਠੇ ਧੀਆਂ-ਪੁੱਤਰਾਂ ਨੂੰ ਆਪਣੀ ਵਿਕਾਸ ਕਹਾਣੀ ਵਿਚ ਭਾਗ ਲੈਣ ਲਈ ਸੱਦਾ ਦੇ ਸਕੇ। ਇਹ ਸਭ ਲਈ ਫ਼ਾਇਦੇ ਵਾਲਾ ਸੌਦਾ ਸੀ।

ਭਾਰਤੀ ਬੱਚੇ ਵਿਦੇਸ਼ ਵਿਚ ਕਿੰਨੇ ਵੀ ਸਫਲ ਕਿਉਂ ਨਾ ਹੋਣ, ਪਰ ਘਰ ਵਾਲਿਆਂ ਦੀ ਪ੍ਰਸ਼ੰਸਾ ਦੀ ਤਾਂਘ ਹਮੇਸ਼ਾ ਰੱਖਦੇ ਹਨ, ਜਿਵੇਂ ਕੋਈ ਛੋਟਾ ਬੱਚਾ ਆਪਣੇ ਮਾਪਿਆਂ ਕੋਲੋਂ ਪ੍ਰਵਾਨਗੀ

ਮੰਗਦਾ ਹੈ। ਪਰਵਾਸੀ ਭਾਰਤੀਆਂ ਅਤੇ ਭਾਰਤੀ ਮੂਲ ਦੇ ਵਿਅਕਤੀਆਂ ਲਈ ਜਾਰੀ ਕੀਤੇ ਇਨਾਮ ਅਤੇ ਉਨ੍ਹਾਂ ਨੂੰ ਦਿਤੇ ਗਏ ਸਨਮਾਨ ਇਹ ਦਰਸਾਉਂਦੇ ਹਨ ਕਿ ਮਾਤ-ਭੂਮੀ ਉਨ੍ਹਾਂ ਦੀਆਂ ਪ੍ਰਾਪਤੀਆਂ 'ਤੇ ਕਿੰਨਾ ਮਾਣ ਮਹਿਸੂਸ ਕਰਦੀ ਹੈ। ਭਾਰਤੀ ਨੇਤਾ ਵਿਦੇਸ਼ ਦੌਰਿਆਂ ਦੌਰਾਨ ਅਕਸਰ ਪਰਵਾਸੀ ਭਾਰਤੀਆਂ ਨੂੰ ਵਿਸ਼ੇਸ਼ ਤੌਰ ਤੇ ਮਿਲਦੇ ਹਨ। ਪ੍ਰਧਾਨ ਮੰਤਰੀ ਸ੍ਰੀ ਮੋਦੀ ਨੇ ਪਿਛਲੇ ਇਕ ਸਾਲ ਦੌਰਾਨ ਇਸ ਰਵਾਇਤ ਨੂੰ ਬਰਕਰਾਰ ਰੱਖਿਆ ਹੈ ਅਤੇ ਉਨ੍ਹਾਂ ਵਲੋਂ ਵਿਦੇਸ਼ ਵਸਦੇ ਭਾਰਤੀਆਂ ਨਾਲ ਮਿਲਣੀਆਂ ਨੂੰ ਆਦਰ ਅਤੇ ਪ੍ਰਸ਼ੰਸਾ ਦੀ ਨਜ਼ਰ ਨਾਲ ਦੇਖਿਆ ਜਾਂਦਾ ਹੈ। ਹੁਣ ਤਕ ਇਸ ਭਾਈਚਾਰੇ ਨੂੰ ਮਾਣ ਦੇਣ ਦੀ ਮਹੱਤਤਾ ਨੂੰ ਵੱਡਾ ਹੁੰਗਾਰਾ ਮਿਲਿਆ ਹੈ। ਇਕ ਤੋਂ ਵੱਧ ਕਾਰਨਾਂ ਕਰਕੇ ਦੇਸ਼ ਦੀ ਕਿਸਮਤ ਵਿਚ ਉਹ ਅਹਿਮ ਧਿਰ ਹਨ। ਯੂ.ਕੇ., ਅਮਰੀਕਾ, ਕੈਨੇਡਾ ਅਤੇ ਪੱਛਮੀ ਏਸ਼ੀਆ ਵਿਚ ਵਸਦੇ ਭਾਰਤੀਆਂ ਦੀ ਵੱਡੀ ਗਿਣਤੀ ਵਿਚ ਟੱਬਰ ਭਾਰਤ ਵਿਚ ਰਹਿੰਦੇ ਹਨ ਜਿਨ੍ਹਾਂ ਵਿਚ ਉਨ੍ਹਾਂ ਦੀਆਂ ਪਤਨੀਆਂ, ਬੱਚੇ, ਬੁੱਢੇ ਮਾਂ-ਬਾਪ ਸ਼ਾਮਿਲ ਸਨ, ਜਿਨ੍ਹਾਂ ਨੂੰ ਉਹ ਪੈਸੇ ਭੇਜਦੇ ਹਨ। ਹਾਲੀਆ ਅੰਕੜੇ ਦਿਖਾਉਂਦੇ ਹਨ ਕਿ ਵਿਸ਼ਵ ਵਿਚ ਸਭ ਤੋਂ ਜ਼ਿਆਦਾ ਪੈਸਾ ਆਪਣੇ ਦੇਸ਼ ਭੇਜਣ ਵਾਲਿਆਂ ਵਿਚ ਭਾਰਤੀ ਪਹਿਲੇ ਨੰਬਰ 'ਤੇ ਹਨ। ਉਨ੍ਹਾਂ ਨੇ ਚੀਨੀਆਂ ਨੂੰ ਪਿੱਛੇ ਛੱਡ ਦਿਤਾ ਹੈ ਜੋ ਪਿਛਲੇ ਕਈ ਸਾਲਾਂ ਤਕ ਇਸ ਕੰਮ ਵਿਚ ਮੋਹਰੀ ਸਨ।

ਇਸੇ ਤਰ੍ਹਾਂ, ਪ੍ਰਵਾਸੀ ਭਾਰਤੀ ਸਿੱਧੇ ਵਿਦੇਸ਼ੀ ਨਿਵੇਸ਼ ਦਾ ਵੀ ਸਰੋਤ ਹੋ ਸਕਦੇ ਹਨ। ਵਰਤਮਾਨ ਸਮੇਂ ਉਨ੍ਹਾਂ ਵਿਚੋਂ ਬਹੁਤ ਸਾਰੇ ਕਾਰਪੋਰੇਟ ਅਤੇ ਬਹੁ-ਰਾਸ਼ਟਰੀ ਕੰਪਨੀਆਂ ਦੇ ਮੁਖੀ ਹੋਣ ਨਾਤੇ ਇਸ ਹਾਲਤ 'ਚ ਹਨ ਕਿ ਭਾਰਤ ਵਿਚ ਨਿਰਮਾਣ ਕਰਨ ਦੇ ਹੱਕ ਵਿਚ ਜਾਂ ਭਾਰਤ ਤੋਂ ਬਾਹਰ ਕੰਮ ਕਰਨ ਅਤੇ ਅਨਿਸਚਿਤਤਾ ਦੇ ਉਨ੍ਹਾਂ ਖੇਤਰਾਂ ਵਿਚ ਫ਼ੈਸਲਿਆਂ ਨੂੰ ਪ੍ਰਭਾਵਿਤ ਕਰ ਸਕਦੇ ਹਨ ਜਿਥੇ ਪੂੰਜੀ ਦੀ ਬਹੁਤ ਜ਼ਿਆਦਾ ਜ਼ਰੂਰਤ ਹੈ।

ਸਭ ਤੋਂ ਅਹਿਮ, ਉਹ ਸਦਭਾਵਨਾ ਦਾ ਇਕ ਪੁਲ ਬਣਾਉਂਦੇ ਹਨ ਜੋ ਭਾਰਤ ਅਤੇ ਉਨ੍ਹਾਂ ਦੇ ਨਿਵਾਸ ਵਾਲੇ ਦੇਸ਼ਾਂ ਵਿਚਕਾਰ ਸੰਬੰਧਾਂ ਨੂੰ ਹੋਰ ਮਜ਼ਬੂਤ ਕਰ ਸਕਦਾ ਹੈ। ਕਿਉਂਕਿ ਉਹ ਸ਼ਕਤੀਸ਼ਾਲੀ ਭਾਈਚਾਰੇ ਦੀ ਪ੍ਰਤਿਨਿਧਤਾ ਕਰਦੇ ਹਨ, ਉਹ ਦਬਾਅ ਸਮੂਹਾਂ ਨੂੰ ਸੰਬੰਧਿਤ ਦੇਸ਼ਾਂ ਦੀਆਂ ਸਰਕਾਰਾਂ ਨੂੰ ਭਾਰਤ ਦੇ ਹਿਤਾਂ ਵਿਚ ਭੁਗਤਣ ਲਈ ਆਖ ਸਕਣ ਦੀ ਸਥਿਤੀ ਵਿਚ ਹਨ। ਸਾਲ ਦਰ ਸਾਲ ਉਹ ਆਪਣੇ ਪ੍ਰਭਾਵ ਬਾਰੇ ਸੁਚੇਤ ਹੋਏ ਹਨ। ਪ੍ਰਮਾਣੂ ਸਮਝੌਤੇ ਬਾਰੇ ਵਾਰਤਾਲਾਪ ਦੌਰਾਨ, ਅਮਰੀਕਾ ਵਿਚਲੇ ਭਾਰਤੀ ਭਾਈਚਾਰੇ ਨੇ ਭਾਰਤ ਵਿਰੋਧੀ ਪ੍ਰਚਾਰ ਦੀ ਹਵਾ ਕੱਢਣ ਲਈ ਇਕ ਮੁਹਿੰਮ ਚਲਾਈ ਜੋ ਸਵਾਰਥੀ ਹਿਤਾਂ ਵਲੋਂ ਭਾਰਤ ਵਿਰੋਧੀ ਪ੍ਰਸਾਰ ਦਾ ਖੰਡਨ ਕਰਦੀ ਸੀ। ਇਹ ਸੰਕੇਤ ਮਿਲ ਰਹੇ ਹਨ ਕਿ ਉਹ ਰਾਜਨੀਤਕ ਤੌਰ ਤੇ ਜ਼ਿਆਦਾ ਪ੍ਰੌੜ੍ਹ ਹੋ ਗਏ ਹਨ ਅਤੇ ਆਪਣੇ ਹੱਕਾਂ ਨੂੰ ਸੁਰੱਖਿਅਤ ਕਰਨਾ ਵੀ ਸਿੱਖ ਰਹੇ ਹਨ। ਇਸ ਵਿਚ ਉਹ ਸ਼ਕਤੀਸ਼ਾਲੀ ਯਹੂਦੀ ਭਾਈਚਾਰੇ ਤੋਂ ਸੇਧ ਲੈਂਦੇ ਪ੍ਰਤੀਤ ਹੁੰਦੇ ਹਨ ਜੋ ਅਮਰੀਕੀ ਸੱਤਾ ਦੇ ਗਲਿਆਰਿਆਂ ਵਿਚ ਇਸਰਾਈਲ ਦੇ ਹਿੱਤ ਸੁਰੱਖਿਅਤ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਾ ਦਿੰਦੇ ਹਨ।

ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਇਨ੍ਹਾਂ ਤੱਥਾਂ ਤੋਂ ਭਲੀਭਾਂਤ ਜਾਣੂ ਹਨ। ਪਿਛਲੇ ਸਤੰਬਰ ਅਮਰੀਕਾ ਦੌਰੇ ਦੌਰਾਨ ਨਿਊਯਾਰਕ ਦੇ ਮੈਡੀਸਨ ਸਕੁਐਰ ਗਾਰਡਨਜ਼ ਵਿਚ ਭਾਰਤੀ ਭਾਈਚਾਰੇ ਨੂੰ ਉਨ੍ਹਾਂ ਦਾ ਸੰਬੋਧਨ ਪਰਵਾਸੀ ਭਾਰਤੀਆਂ ਲਈ ਉਨ੍ਹਾਂ ਦੇ ਪਿਆਰ ਅਤੇ ਸਤਿਕਾਰ ਨੂੰ ਦਰਸਾਉਂਦਾ ਹੈ, ਜਿਨ੍ਹਾਂ ਨੂੰ ਪ੍ਰਧਾਨ ਮੰਤਰੀ ਨੇ ਦੇਸ਼ ਵਿਚਲੇ ਤਾਜ਼ਾ ਘਟਨਾਕ੍ਰਮ ਬਾਰੇ ਜਾਣੂ ਕਰਵਾਇਆ। ਨਾਲ ਹੀ ਉਨ੍ਹਾਂ ਨੇ ਕੱਲ੍ਹ ਦੇ ਭਾਰਤ ਬਾਰੇ ਆਪਣੇ ਵਿਚਾਰ ਅਤੇ ਦ੍ਰਿਸ਼ਟੀ ਵੀ ਪੇਸ਼ ਕੀਤੇ। ਜਵਾਬ ਵਿਚ ਭਾਰਤੀ ਭਾਈਚਾਰੇ ਨੇ ਉਨ੍ਹਾਂ ਦਾ ਜ਼ਬਰਦਸਤ ਸਵਾਗਤ ਕੀਤਾ ਜੋ ਹੁਣ ਤਕ ਸਿਰਫ਼ ਰਾਕ ਸਟਾਰਾਂ ਵਾਸਤੇ ਹੀ ਰਾਖਵਾਂ ਸੀ। ਲਗਭਗ ਵੀਹ ਹਜ਼ਾਰ ਵਿਅਕਤੀਆਂ ਨੇ ਵਕਾਰੀ ਥੀਏਟਰ ਨੂੰ ਨੱਕੋ-ਨੱਕ ਭਰ ਦਿਤਾ ਅਤੇ ਲੋਕ ਬਾਹਰ ਗਲੀਆਂ ਤਕ ਖੜ੍ਹੇ ਹੋਏ ਸਨ। 'ਮੋਦੀ-ਮੋਦੀ' ਦੇ ਨਾਅਰਿਆਂ ਨੇ ਆਕਾਸ਼ ਗੁੰਜਾ ਦਿਤਾ। ਇਹ ਬੇਮਿਸਾਲ ਸੀ। ਆਮ ਅਮਰੀਕਨ, ਵਿਚਾਰਵਾਨ ਤੇ ਮੀਡੀਆ ਹੈਰਾਨ ਸੀ ਅਤੇ ਉਨ੍ਹਾਂ ਨੂੰ ਯਕੀਨ ਨਹੀਂ ਸੀ ਹੋ ਰਿਹਾ।

ਪਰ ਇਕ ਸਾਦੀ ਵਿਆਖਿਆ ਵੀ ਸੀ। ਪਰਵਾਸੀਆਂ ਨੇ ਭਾਰਤ ਵਿਚ ਪਿਛਲੇ ਸਾਲ ਹੋਈਆਂ ਆਮ ਚੋਣਾਂ ਦੀ ਉਤਸੁਕਤਾ ਨਾਲ ਪੈੜ ਦੱਬੀ ਸੀ। ਵਰਤਮਾਨ ਸਰਕਾਰ ਨੂੰ ਪ੍ਰਾਪਤ ਹੋਇਆ ਜ਼ਬਰਦਸਤ ਜਨਾਦੇਸ਼ ਲੋਕਾਂ ਵਲੋਂ ਵਿਕਾਸ ਅਤੇ ਸੁਸ਼ਾਸਨ ਦੇ ਮੁੱਦਿਆਂ 'ਤੇ ਮੋਹਰ ਲਾਉਣਾ ਸੀ ਜੋ ਸ੍ਰੀ ਮੋਦੀ ਦੀ ਪ੍ਰਚਾਰ ਅਤੇ ਲਹਿਰ ਦਾ ਤੱਤ ਸਾਰ ਸੀ। ਵਿਦੇਸ਼ ਵਸਦੇ ਭਾਰਤੀ ਵੀ ਇਨ੍ਹਾਂ ਮੁੱਦਿਆਂ ਨਾਲ ਵਾਸਤਾ ਰੱਖਦੇ ਹਨ ਜੋ ਉਨ੍ਹਾਂ ਨੂੰ ਸਿੱਧੇ ਜਾਂ ਅਸਿੱਧੇ ਤੌਰ ਤੇ ਪ੍ਰਭਾਵਿਤ ਕਰਦੇ ਹਨ। ਇਹ ਉਨ੍ਹਾਂ ਦਾ ਭਾਰਤ ਵਿਚ ਨਵੀਂ ਰਾਜਨੀਤਕ ਵਿਵਸਥਾ ਵਿਚ ਵਿਸ਼ਵਾਸ ਅਤੇ ਆਸ ਦਾ ਲਖਾਇਕ ਹੈ ਕਿ ਭਾਰਤ ਦੇ ਵਿਕਾਸ ਦੀ ਗੱਡੀ ਮੁੜ ਤੋਂ ਰਫ਼ਤਾਰ ਫੜੇਗੀ ਅਤੇ ਪਿੱਛੇ ਦੇਸ਼ ਵਿਚ ਰਹਿ ਰਹੇ ਉਨ੍ਹਾਂ ਦੇ ਪਿਆਰਿਆਂ ਦੇ ਜੀਵਨ ਪੱਧਰ ਵਿਚ ਸੁਧਾਰ ਆਵੇਗਾ। ਭਾਵੇਂ ਕਿ ਉਹ ਵਿਦੇਸ਼ ਵਿਚ ਰਹਿ ਕੇ ਕੰਮ ਕਰ ਰਹੇ ਹਨ ਅਤੇ ਉਨ੍ਹਾਂ ਕੋਲ ਦੂਸਰੇ ਦੇਸ਼ ਦਾ ਪਾਸਪੋਰਟ ਵੀ ਹੈ, ਤਾਂ ਵੀ ਇਸ ਦੇਸ਼ ਦੇ ਨਾਗਰਿਕਾਂ ਵਾਂਗ ਉਨ੍ਹਾਂ ਦਾ ਦਿਲ ਵੀ ਹਮੇਸ਼ਾ ਭਾਰਤ ਲਈ ਤਾਂਘਦਾ ਤੇ ਤੜਫ਼ਦਾ ਹੈ।

ਸ੍ਰੀ ਮੋਦੀ ਨੂੰ ਇਕ ਰੱਖਿਅਕ ਵਜੋਂ ਵੇਖਿਆ ਗਿਆ। ਉਨ੍ਹਾਂ ਨੂੰ ਆਸ ਹੈ ਕਿ ਪ੍ਰਧਾਨ ਮੰਤਰੀ ਦੇ ਗਤੀਸ਼ੀਲ ਸ਼ਬਦ ਅਤੇ ਵਿਵਹਾਰਕ ਵਿਚਾਰ ਕੰਮਾਂ ਵਿਚ ਬਦਲਣਗੇ ਜਿਸ ਵਿਚ ਸਾਰੇ ਭਾਰਤੀਆਂ ਦੀ ਖ਼ੁਸ਼ਹਾਲੀ ਸ਼ਾਮਿਲ ਹੋਵੇਗੀ ਜੋ ਦੁਨੀਆਂ ਵਿਚ ਭਾਰਤ ਨੂੰ ਢੁਕਵਾਂ ਸਥਾਨ ਅਤੇ ਵਿਸ਼ਵ ਦੇ ਉੱਚ ਦੇਸ਼ਾਂ ਵਿਚ ਭਾਰਤ ਦਾ ਸ਼ੁਮਾਰ ਹੋਵੇਗਾ।

ਕੈਨੇਡਾ ਵਿਚ ਵੀ ਅਮਰੀਕਾ ਵਾਂਗ ਪਰਵਾਸੀ ਭਾਰਤੀਆਂ ਵਲੋਂ ਪ੍ਰਧਾਨ ਮੰਤਰੀ ਦਾ ਜ਼ੋਰਦਾਰ ਸਵਾਗਤ ਕੀਤਾ ਗਿਆ। ਕੈਨੇਡਾ ਵਸਦੇ ਭਾਰਤੀ ਇਕ ਮਹੱਤਵਪੂਰਨ ਭਾਈਚਾਰਾ ਹਨ ਜੋ ਉੱਤਰੀ ਅਮਰੀਕੀ ਦੇਸ਼ ਵਿਚ ਪਿਛਲੇ ਲਗਭਗ ਡੇਢ ਸੌ ਸਾਲ ਤੋਂ ਰਹਿ ਰਹੇ ਹਨ। ਕਾਮਾਗਾਟਾਮਾਰੂ ਦੇ ਔਖੇ ਦਿਨਾਂ ਵਿਚ ਜਦੋਂ ਉਹ ਕੈਨੇਡਾ ਦੇ ਪੱਛਮੀ ਤੱਟ 'ਤੇ ਉੱਤਰੇ ਤਾਂ ਉਨ੍ਹਾਂ ਕੋਲ ਹੌਸਲੇ ਅਤੇ ਅਰਦਾਸ ਤੋਂ ਇਲਾਵਾ ਕੁੱਝ ਵੀ ਨਹੀਂ ਸੀ। ਅੱਜ ਉਨ੍ਹਾਂ ਨੂੰ ਗੁਣਾਂ ਕਰਕੇ ਜਾਣਿਆ ਜਾਂਦਾ ਹੈ ਜੋ ਉਨ੍ਹਾਂ ਨੂੰ ਇਕ ਬਹੁਤ ਹੀ ਸਤਿਕਾਰਤ ਸਮੂਹ ਬਣਾ ਦਿੰਦਾ ਹੈ। ਲਗਭਗ ਇਕ ਮਿਲੀਅਨ ਦੀ ਵੱਡੀ ਗਿਣਤੀ ਉਹ ਕੁੱਲ ਜਨਸੰਖਿਆ ਦਾ ਲਗਭਗ 3 ਪ੍ਰਤਿਸ਼ਤ ਬਣਦੇ ਹਨ। ਉਨ੍ਹਾਂ ਦੀ ਦੇਸ਼ ਦੀ ਰਾਜਨੀਤੀ ਵਿਚ ਵੀ ਅਹਿਮ ਭੂਮਿਕਾ ਹੈ। ਉਨ੍ਹਾਂ ਨੇ ਮੰਤਰੀ ਅਤੇ ਕਾਰਜਪਾਲਿਕਾ ਦੇ ਦੂਜੇ ਅਹਿਮ ਅਹੁਦਿਆਂ 'ਤੇ ਕੰਮ ਕੀਤਾ ਹੈ। ਇਸ ਸਾਲ ਟੋਰਾਂਟੋ ਵਿਚ ਉਨ੍ਹਾਂ ਦੀ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਅਤੇ ਕੀਤਾ ਗਿਆ ਬੇਮਿਸਾਲ ਸਵਾਗਤ,

ਉਨ੍ਹਾਂ ਵਲੋਂ ਆਪਣੇ ਜਨਮ ਵਾਲੇ ਦੇਸ਼ ਨੂੰ ਹਮਾਇਤ ਦੀ ਸਹੁੰ ਚੁੱਕਣ ਵਾਂਗ ਸੀ। ਭਾਰਤ ਦੇ ਕੈਨੇਡਾ ਨਾਲ ਪਿਛਲੇ ਸਮੇਂ ਵਿਚ ਉਪਰ-ਥੱਲੇ ਹੁੰਦੇ ਰਿਸ਼ਤਿਆਂ ਦੀ ਪਿੱਠਭੂਮੀ ਵਿਚ ਇਸ ਦੇ ਮਹੱਤਵ ਨੂੰ ਗੁਆਇਆ ਨਹੀਂ ਜਾ ਸਕਦਾ। ਰਿਸ਼ਤਿਆਂ ਵਿਚ ਗਿਰਾਵਟ 23 ਜੂਨ 1985 ਨੂੰ ਆਈ ਜਦੋਂ ਏਅਰ ਇੰਡੀਆ ਦੇ ਕਨਿਸ਼ਕ ਜਹਾਜ਼ ਨੂੰ ਟੋਰੰਟੋ ਤੋਂ ਦਿੱਲੀ ਉਡਾਣ ਸਮੇਂ ਆਇਰਲੈਂਡ ਦੇ ਤੱਟ 'ਤੇ ਉਡਾ ਦਿਤਾ ਗਿਆ ਅਤੇ ਇਸ ਵਿਚ ਸਵਾਰ ਸਾਰੇ 329 ਯਾਤਰੀ ਮੌਤ ਦੇ ਮੂੰਹ ਜਾ ਪਏ। ਇਸ ਦਹਿਸ਼ਤੀ ਹਮਲੇ ਨੇ ਭਾਰਤ-ਕੈਨੇਡਾ ਰਿਸ਼ਤਿਆਂ ਨੂੰ ਢਾਹ ਲਾਈ ਜੋ ਉਦੋਂ ਹੀ ਸੁਧਰਨੇ ਸ਼ੁਰੂ ਹੋਏ ਜਦੋਂ ਕੈਨੇਡਾ ਦੀ ਸਰਕਾਰ ਨੇ ਮੁਢਲੀ ਝਿਜਕ ਦਾ ਤਿਆਗ ਕਰਕੇ ਭਾਰਤ ਦੇ ਦੁਸ਼ਮਣ ਤੱਤਾਂ ਖ਼ਿਲਾਫ਼ ਦੰਡਾਤਮਕ ਕਾਰਵਾਈ ਸ਼ੁਰੂ ਕੀਤੀ। ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਮੌਜੂਦਾ ਸਫਲ ਯਾਤਰਾ ਨੇ ਇਕ ਅਜਿਹੇ ਦੇਸ਼ ਨਾਲ ਕੂਟਨੀਤਕ ਰਿਸ਼ਤੇ ਮਜ਼ਬੂਤ ਕੀਤੇ ਜਿਸ ਨਾਲ ਸਾਡੀ ਕਈ ਗੱਲਾਂ ਦੀ ਸਾਂਝ ਹੈ – ਬਸਤੀਵਾਦੀ ਭੂਤਕਾਲ, ਪਾਰਲੀਮਾਨੀ ਲੋਕਤੰਤਰ, ਬਹੁ-ਸੱਭਿਅਚਾਰ ਅਤੇ ਅੰਗਰੇਜ਼ੀ ਭਾਸ਼ਾ। ਇਸ ਦੌਰੇ ਸਮੇਂ ਬਹੁਤ ਸਾਰੇ ਅਹਿਮ ਸਮਝੌਤਿਆਂ 'ਤੇ ਦਸਤਖ਼ਤ ਕੀਤੇ ਗਏ, ਜਿਨ੍ਹਾਂ ਵਿਚ ਸਭ ਤੋਂ ਮਹੱਤਵਪੂਰਨ ਕੈਨੇਡਾ ਵਲੋਂ ਪੰਜ ਸਾਲਾਂ ਵਿਚ ਪ੍ਰਮਾਣੂ ਊਰਜਾ ਪਲਾਂਟ ਲਈ 3000 ਮੀਟਰਿਕ ਟਨ ਯੂਰੇਨੀਅਮ ਦੇਣ ਦਾ ਵਾਅਦਾ ਹੈ। ਇਹ ਇਕ ਵਾਸਤਵਿਕ ਸਫਲਤਾ ਹੈ, ਇਹ ਵੇਖਦਿਆਂ ਕਿ ਕੈਨੇਡਾ ਸਾਡੇ ਪ੍ਰਮਾਣੂ ਪ੍ਰੋਗਰਾਮ ਦਾ ਸਭ ਤੋਂ ਕਠੋਰ ਆਲੋਚਕ ਰਿਹਾ ਹੈ।

ਅਖੀਰ ਵਿਚ, ਇਹ ਕਹਿਣਾ ਅਤਿਕਥਨੀ ਨਹੀਂ ਹੋਵੇਗਾ ਕਿ ਤੁਸੀਂ ਇਕ ਭਾਰਤੀ ਨੂੰ ਤਾਂ ਭਾਰਤ ਤੋਂ ਬਾਹਰ ਲਿਜਾ ਸਕਦੇ ਹੋ ਪਰ ਇਕ ਭਾਰਤੀ ਵਿਚੋਂ ਭਾਰਤ ਨੂੰ ਬਾਹਰ ਨਹੀਂ ਕਰ ਸਕੋਗੇ। ਪਰਦੇਸ ਵਸਦੇ ਭਾਰਤੀਆਂ ਦੇ ਦਿਲ ਵਿਚ ਆਪਣੀ ਮਾਤਭੂਮੀ ਲਈ ਗਹਿਰਾ ਅਤੇ ਸਦੀਵੀ ਪਿਆਰ ਹੈ। ਆਪਣੀਆਂ ਜੜ੍ਹਾਂ ਨਾਲ ਉਨ੍ਹਾਂ ਦੀ ਭਾਵਨਾਤਮਕ ਸਾਂਝ ਸਪੱਸ਼ਟ ਅਤੇ ਅਸਲੀ ਹੈ। ਪਿਛਲੇ ਇਕ ਸਾਲ ਦੀਆਂ ਘਟਨਾਵਾਂ ਨੇ ਉਨ੍ਹਾਂ ਦੀ ਕਲਪਨਾ ਨੂੰ ਉਡਾਣ ਦਿਤੀ ਹੈ ਅਤੇ ਇਕ ਨਵੇਂ ਉਤਸ਼ਾਹ ਅਤੇ ਉਮੰਗ ਨਾਲ ਸਰਾਬੋਰ ਕੀਤਾ ਹੈ। ਇਸ ਊਰਜਾ ਦੀ ਆਪਸੀ ਭਲਾਈ ਅਤੇ ਭਾਰਤ ਦੇ ਵਿਕਾਸ, ਖ਼ਾਸ ਕਰਕੇ ਆਰਥਿਕ ਅਤੇ ਸਮਾਜਿਕ ਖੇਤਰਾਂ ਵਿਚ ਵਰਤੋਂ ਕਰਨ ਲਈ ਇਸ ਨੂੰ ਹਾਂ-ਪੱਖੀ ਰਸਤੇ 'ਤੇ ਚਲਾਉਣਾ ਪਵੇਗਾ ਤਾਂ ਕਿ ਜੋ ਆਸਾਂ ਅਤੇ ਉਮੀਦਾਂ ਜਾਗੀਆਂ ਹਨ, ਉਹ ਗਲਤ ਸਾਬਤ ਨਾ ਹੋ ਜਾਣ।

*(ਲੇਖਿਕਾ ਸਾਬਕਾ ਡਿਪਲੋਮੈਟ ਤੇ ਕਈ ਦੇਸ਼ਾਂ ਵਿਚ ਸੇਵਾ ਕਰ ਚੁੱਕੀ ਹੈ।)*

*ਸਫ਼ਾ 18 ਦੀ ਬਾਕੀ*

ਹਨ – ਪ੍ਰਧਾਨ ਮੰਤਰੀ ਸੁਰੱਖਿਆ ਬੀਮਾ ਯੋਜਨਾ, ਜੋ ਹਰੇਕ ਨੂੰ 12 ਰੁਪਏ ਸਾਲਾਨਾ ਪ੍ਰੀਮੀਅਮ ਦੇ ਭੁਗਤਾਨ ਨਾਲ ਦੋ ਲੱਖ ਰੁਪਏ ਦਾ ਦੁਰਘਟਨਾ ਬੀਮਾ ਯੋਜਨਾ ਦਿੰਦੀ ਹੈ ਅਤੇ ਪ੍ਰਧਾਨ ਮੰਤਰੀ ਜੀਵਨ ਜੋਤੀ ਬੀਮਾ ਯੋਜਨਾ ਜੋ 330 ਰੁਪਏ ਸਾਲਾਨਾ ਪ੍ਰੀਮੀਅਮ ਅਦਾ ਕਰਨ ਵਾਲਿਆਂ ਨੂੰ ਜੀਵਨ ਬੀਮਾ ਸੁਰੱਖਿਆ ਦਿੰਦੀ ਹੈ, ਅਤੇ ਅਟਲ ਪੈਨਸ਼ਨ ਯੋਜਨਾ ਜੋ ਬਹੁਤ ਹੀ ਘੱਟ ਪ੍ਰੀਮੀਅਮ ਵਾਲੀ ਯੋਜਨਾ ਹੈ ਜੋ ਬਜ਼ੁਰਗ ਨਾਗਰਿਕਾਂ ਨੂੰ ਉਨ੍ਹਾਂ ਵਲੋਂ ਕੰਮ ਕਰਨ ਵਾਲੇ ਸਾਲਾਂ ਦੌਰਾਨ ਪਾਏ ਯੋਗਦਾਨ ਬਦਲੇ 1000 ਤੋਂ 5000 ਰੁਪਏ ਪ੍ਰਤਿ ਮਹੀਨਾ ਪੈਨਸ਼ਨ ਦਿੰਦੀ ਹੈ। ਹੁਨਰਮੰਦ ਭਾਰਤ ਅਤੇ ਮੇਕ ਇਨ ਇੰਡੀਆ ਸਰਕਾਰ ਵਲੋਂ ਸੰਕਲਪਿਤ ਦੋ ਹੋਰ ਨਵੀਨਤਮ ਵਿਚਾਰ ਹਨ ਤਾਂ ਕਿ ਨੌਜਵਾਨਾਂ ਦੀ ਰੁਜ਼ਗਾਰ ਯੋਗਤਾ ਵਧਾ ਕੇ ਉਨ੍ਹਾਂ ਨੂੰ ਰੁਜ਼ਗਾਰ ਦਿਤਾ ਜਾ ਸਕੇ। ਇਕ ਹੋਰ ਵਿਚਾਰ ਜਿਸ ਨੂੰ ਸ੍ਰੀ ਮੋਦੀ ਲਾਗੂ ਕਰਨ ਦੀ ਕੋਸ਼ਿਸ਼ ਕਰ ਰਹੇ ਹਨ, ਉਹ ਹੈ "ਘੱਟੋ-ਘੱਟ ਸਰਕਾਰ ਵੱਧ ਤੋਂ ਵੱਧ ਸੁਸ਼ਾਸਨ"। ਇਸ ਦਾ ਅਸਲ ਮਤਲਬ ਸਰਕਾਰੀ ਪ੍ਰਕਿਰਿਆਵਾਂ ਦਾ ਸਰਲੀਕਰਨ, ਯੋਜਨਾਵਾਂ ਤੇ ਅਮਲ ਵਿਚ ਪੂਰੀ ਪਾਰਦਰਸ਼ਤਾ ਅਤੇ ਨੌਕਰਸ਼ਾਹੀ ਵਿਚ ਜਵਾਬਦੇਹੀ ਪੈਦਾ ਕਰਨਾ ਹੈ।

## ਕੇਂਦਰੀ ਮੰਤਰੀ ਮੰਡਲ : ਕੁਝ ਅਦਲਾ ਬਦਲੀਆਂ

ਵਜ਼ਾਰਤ ਦੇ ਪੱਧਰ 'ਤੇ ਅਸੀਂ ਕੁਝ ਮਹੀਨੇ ਪਹਿਲਾਂ ਕੁਝ ਅਦਲਾ ਬਦਲੀਆਂ ਵੇਖੀਆਂ ਜਦੋਂ ਪ੍ਰਧਾਨ ਮੰਤਰੀ ਵਲੋਂ ਸ੍ਰੀ ਸੁਰੇਸ਼ ਪ੍ਰਭੂ ਨੂੰ ਰੇਲ ਮੰਤਰੀ ਅਤੇ ਸ੍ਰੀ ਮਨੋਹਰ ਪਰੀਕਰ ਨੂੰ ਰੱਖਿਆ ਮੰਤਰੀ ਵਜੋਂ ਵਜ਼ਾਰਤ ਵਿਚ ਸ਼ਾਮਿਲ ਕੀਤਾ ਗਿਆ। ਆਪਣੇ ਪਹਿਲੇ ਰੇਲ ਬਜਟ ਵਿਚ ਸ੍ਰੀ ਪ੍ਰਭੂ ਨੇ ਵੀ ਦੁਨੀਆਂਦਾਰੀ ਤੋਂ ਪਰ੍ਹਾਂ ਹਟ ਕੇ ਰੇਲਵੇ ਦੇ ਵਿੱਤ ਦਾ ਵਿਆਪਕ ਮੁਤਾਲਿਆ ਕਰਨ ਦੀ ਇੱਛਾ ਪ੍ਰਗਟ ਕੀਤੀ ਬਜਾਇ ਕਿ ਸੰਸਦ ਮੈਂਬਰਾਂ ਦੀ ਵਾਹ-ਵਾਹ ਖੱਟਣ ਲਈ ਸਸਤੀ ਸ਼ੋਹਰਤ ਵਾਲਾ ਰਸਤਾ ਅਪਣਾਉਣ ਦੇ। ਇਸ ਲੰਮੇ ਸਮੇਂ ਦੀ ਦ੍ਰਿਸ਼ਟੀ ਨੂੰ ਸਲਾਹਿਆ ਗਿਆ ਹੈ।

## ਸਿੱਟਾ

ਇਸ ਪੜਾਅ 'ਤੇ ਕੁਝ ਵਿਆਪਕ ਸਿੱਟੇ ਕੱਢੇ ਜਾ ਸਕਦੇ ਹਨ। ਪਹਿਲਾ, ਜਿਸ ਤਰ੍ਹਾਂ ਸ੍ਰੀ ਨਰੇਂਦਰ ਮੋਦੀ ਕੇਂਦਰੀ ਸਰਕਾਰ ਚਲਾ ਰਹੇ ਹਨ, ਇਸ ਨੇ ਉਨ੍ਹਾਂ ਦੇ ਹਮਾਇਤੀਆਂ ਅਤੇ ਆਲੋਚਕਾਂ, ਦੋਵਾਂ ਨੂੰ ਹੈਰਾਨ ਕੀਤਾ ਹੈ। ਉਨ੍ਹਾਂ ਦੇ ਆਲੋਚਕ ਦੁਵਿਧਾ ਵਿਚ ਹਨ ਕਿਉਂਕਿ ਉਨ੍ਹਾਂ ਨੇ ਪਿਛਲੀ ਸਰਕਾਰ ਵਲੋਂ ਕੀਤੇ ਕੰਮਾਂ ਨੂੰ ਰੱਦ ਕਰਨ ਦਾ ਰਸਤਾ ਅਖਤਿਆਰ ਨਹੀਂ ਕੀਤਾ। ਜਿਸ ਨਾਲ ਸ਼ਾਸਨ ਪ੍ਰਤਿ ਇਕ ਸਥਿਰ ਤੇ ਜ਼ਿੰਮੇਵਾਰੀ ਵਾਲੀ ਪਹੁੰਚ ਸਾਹਮਣੇ ਆਈ ਹੈ। ਸੰਪੂਰਨ ਪੁਨਰਗਠਿਤ ਰੁਖ ਸ਼ਾਸਨ, ਰਾਸ਼ਟਰੀ ਸਲਾਮਤੀ ਤੇ ਵਿਦੇਸ਼ ਨੀਤੀ ਦੇ ਮਾਮਲੇ 'ਚ ਸਾਰਥਕ ਸਾਬਤ ਹੋ ਰਿਹਾ ਹੈ।

ਪਰ ਆਲੋਚਕਾਂ ਲਈ ਇੰਨਾ ਕਾਫ਼ੀ ਨਹੀਂ। ਉਹ ਮਹਿਸੂਸ ਕਰਦੇ ਹਨ ਕਿ ਪਹਿਲੇ ਸਾਲ ਦੇ ਅੰਤ ਵਿਚ ਸਰਕਾਰ ਦਾ ਵਹੀ-ਖਾਤਾ ਖਾਲੀ ਵਰਗਾ ਹੀ ਹੈ। ਉਹ ਇਹ ਭੁੱਲ ਗਏ ਲਗਦੇ ਹਨ ਕਿ ਇਹ ਟੀ-20 ਕ੍ਰਿਕਟ ਮੈਚ ਨਹੀਂ। ਪ੍ਰਧਾਨ ਮੰਤਰੀ, ਜਿਨ੍ਹਾਂ ਨੂੰ ਲੋਕ ਸਭਾ ਚੋਣਾਂ ਵਿਚ ਪੂਰਨ ਬਹੁ-ਮਤ ਮਿਲਿਆ ਹੈ, ਪੰਜਾ ਰੋਜ਼ਾ ਟੈਸਟ ਮੈਚ ਟੀਮ ਦੇ ਕਪਤਾਨ ਵਾਂਗ ਹੁੰਦਾ ਹੈ। ਪਹਿਲਾ ਸਾਲ ਪਹਿਲੇ ਦਿਨ ਦੀ ਖੇਡ ਵਰਗਾ ਹੁੰਦਾ ਹੈ ਜਦੋਂ ਆਉਣ ਵਾਲੇ ਚੌਥੇ ਜਾਂ ਪੰਜਵੇਂ ਦਿਨ ਦੀ ਖੇਡ ਲਈ ਘਾੜਤਾਂ ਘੜੀਆਂ ਜਾਂਦੀਆਂ ਹਨ। ਇਸੇ ਤਰ੍ਹਾਂ ਹੀ, ਵਾਅਦੇ ਪੁਗਾਉਣ ਲਈ ਸ੍ਰੀ ਮੋਦੀ ਨੂੰ ਪੰਜ ਸਾਲ ਦਾ ਸਮਾਂ ਮਿਲਿਆ ਹੈ। ਹੋਰ ਮਹੱਤਵਪੂਰਨ, ਦੇਸ਼ ਕੋਲ ਇਕ ਅਜਿਹਾ ਨੇਤਾ ਹੈ ਜਿਸ ਨੇ ਦੁਬਾਰਾ ਆਸ ਜਗਾਈ ਹੈ ਅਤੇ ਉਹ ਨੌਜਵਾਨਾਂ ਨੂੰ ਪ੍ਰੇਰਿਤ ਕਰਦਾ ਅਤੇ ਦੇਸ਼ ਨੂੰ ਬਦਲਣ ਵਾਲੀਆਂ ਮੁਹਿੰਮਾਂ ਵਿਚ ਸ਼ਾਮਿਲ ਹੋਣ ਦੀ ਚੁਨੌਤੀ ਦਿੰਦਾ ਹੈ। ਜਦੋਂ ਤੁਹਾਡੇ ਵਹੀ ਖਾਤੇ ਵਿਚ ਅਜਿਹੀਆਂ ਵੱਡੀਆਂ ਗੱਲਾਂ ਦਰਜ ਹੋਣ, ਪਹਿਲਾ ਸਾਲ ਖਤਮ ਹੋਣ ਸਮੇਂ, ਤਾਂ ਛੋਟੇ ਮੋਟੇ ਘਾਟੇ ਕੋਈ ਅਹਿਮੀਅਤ ਨਹੀਂ ਰੱਖਦੇ।

*(ਲੇਖਕ ਇਸ ਵੇਲੇ ਚੇਅਰਮੈਨ, ਪ੍ਰਸਾਰ ਭਾਰਤੀ ਅਤੇ ਪ੍ਰਸਿੱਧ ਕਾਲਮਨਵੀਸ ਹੈ।)*

*e-mail :chairman@prasarbharati.gov.in*

# ਭਾਰਤ-ਚੀਨ ਸੰਬੰਧ : ਬਦਲਦੇ ਰਿਸ਼ਤੇ

ਮਨੀਸ਼ ਚਾਂਦ

ਭਾਰਤ ਚੀਨ ਰਿਸ਼ਤਿਆਂ ਦੇ ਇਤਿਹਾਸ ਵਿਚ ਇਹ ਬਦਲਾਅ ਦੇ ਪਲ ਹਨ। ਜਿਸ ਤਰ੍ਹਾਂ ਦੋ ਗੁਆਂਢੀ ਇਕ ਦੂਸਰੇ ਨਾਲ ਬਗਲਗੀਰ ਹੋ ਰਹੇ ਹਨ, ਇਸ ਵਿਚ ਨਵ-ਊਰਜਾ, ਗਤੀਸ਼ੀਲ ਅਤੇ ਰਚਨਾਤਮਕਤਾ ਦਾ ਸੰਚਾਰ ਸਪੱਸ਼ਟ ਨਜ਼ਰ ਆ ਰਿਹਾ ਹੈ। ਇਹ ਪਹਿਲੀ ਵਾਰ ਹੈ ਕਿ ਦੋ ਏਸ਼ਿਆਈ ਮਹਾਂਸ਼ਕਤੀਆਂ ਦੇ ਨੇਤਾਵਾਂ ਨੇ ਨੌਂ ਮਹੀਨੇ ਇਕ ਦੂਜੇ ਦੇਸ਼ ਦੀ ਯਾਤਰਾ ਕੀਤੀ ਹੈ, ਜਿਸ ਤੋਂ ਉਨ੍ਹਾਂ ਵਲੋਂ ਦ੍ਰਿੜ੍ਹਤਾ ਨਾਲ ਪਹਿਲਕਦਮੀ ਕਰਦਿਆਂ, ਸਹਿਯੋਗ ਕਰਕੇ ਉੱਭਰਦੀ ਹੋਈ ਏਸ਼ੀਆ ਦੀ ਸਦੀ ਸਿਰਜਣ ਦੇ ਸੁਪਨੇ ਦਾ ਪਤਾ ਲਗਦਾ ਹੈ। ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ 14-16 ਮਈ ਦੌਰਾਨ ਚੀਨ ਦੇ ਤਿੰਨ ਸ਼ਹਿਰਾਂ ਦੀ ਯਾਤਰਾ ਕੀਤੀ – ਜ਼ਿਆਨ, ਬੀਜਿੰਗ ਅਤੇ ਸ਼ੰਘਾਈ – ਜੋ ਆਪਣੇ ਆਪ ਵਿਚ ਵਿਲੱਖਣ ਸੀ ਅਤੇ ਜਿਸ ਨੇ ਏਸ਼ੀਆ ਦੇ ਦੋ ਮਹਾਂਰਥੀਆਂ ਵਿਚਾਲੇ ਆਪਸੀ ਸੰਬੰਧਾਂ ਦੀਆਂ ਰੰਗ ਬਿਰੰਗੀਆਂ ਤੰਦਾਂ ਨੂੰ ਹੋਰ ਮਜ਼ਬੂਤੀ ਦਿਤੀ। ਗੌਰਤਲਬ ਹੈ ਕਿ ਇਨ੍ਹਾਂ ਦੋਹਾਂ ਦੇਸ਼ਾਂ ਵਿਚ ਦੁਨੀਆਂ ਦੀ ਇਕ ਤਿਹਾਈ ਜਨਸੰਖਿਆ ਵਸਦੀ ਹੈ ਅਤੇ ਜਿਨ੍ਹਾਂ ਦਾ ਸਾਂਝਾ ਕੁੱਲ ਘਰੇਲੂ ਉਤਪਾਦ 12 ਟ੍ਰਿਲੀਅਨ ਡਾਲਰ ਤੋਂ ਵੀ ਵੱਧ ਹੈ। ਪ੍ਰਧਾਨ ਮੰਤਰੀ ਮੋਦੀ ਦੇ ਚੀਨ ਦੌਰੇ ਨਾਲ ਰਾਸ਼ਟਰਪਤੀ ਜ਼ੀ ਜਿਨਪਿੰਗ ਵਲੋਂ ਸਤੰਬਰ 2014 ਵਿਚ ਭਾਰਤ ਦੀ ਪਲੇਠੀ ਯਾਤਰਾ ਦੀ ਗਤੀ ਨੂੰ ਹੋਰ ਰਫ਼ਤਾਰ ਮਿਲੀ ਹੈ। ਕੁੱਲ ਮਿਲਾ ਕੇ, ਇਹ ਦੋਹਰੀ ਯਾਤਰਾ ਅਤੇ ਦਿੱਲੀ ਵਿਚ ਪਿਛਲੀਆਂ ਸਰਕਾਰਾਂ ਵਲੋਂ ਕੀਤੀਆਂ ਗਈਆਂ ਪਹਿਲਕਦਮੀਆਂ ਸਦਕਾ ਭਾਰਤ ਚੀਨ ਸੰਬੰਧਾਂ ਦੇ ਉਭਾਰ ਆਖਰ ਸਪੱਸ਼ਟ ਹੋ ਗਏ ਹਨ : ਏ ਫਾਰ ਏਸ਼ੀਆ, ਬੀ ਫਾਰ ਬਿਜ਼ਨਸ, ਸੀ ਫਾਰ ਕਲਚਰ ਅਤੇ ਡੀ ਫਾਰ ਡਿਪਲੋਮੈਸੀ ਅਤੇ ਡਿਵੈਲਪਮੈਂਟ। ਨਵੀਂ ਸ਼ਬਦਾਵਲੀ ਅਤੇ ਅੱਖਰ ਵਿਗਿਆਨ ਦੋਹਾਂ ਗੁਆਂਢੀ ਦੇਸ਼ਾਂ ਵਿਚਾਲੇ ਸਹਿਯੋਗ ਦੇ ਨਵੇਂ ਰਸਤੇ ਖੋਲ੍ਹੇਗਾ, ਜਿਨ੍ਹਾਂ ਨੂੰ ਅਕਸਰ ਏਸ਼ਿਆਈ ਖਿੱਤੇ ਵਿਚ ਵਿਰੋਧੀ ਤੇ ਮੁਕਾਬਲੇਬਾਜ਼ੀ ਵੀ ਗਰਦਾਨਿਆ ਜਾਂਦਾ ਹੈ, ਪਰ ਜੋ ਲਗਾਤਾਰ ਉਤਸ਼ਾਹ ਭਰਪੂਰ ਅਤੇ ਸ਼ਮੂਲੀਅਤ ਤੇ ਸਹਿਯੋਗ ਵਾਲੀ ਭਾਈਵਾਲੀ ਗੰਢਣ ਦੀ ਕੋਸ਼ਿਸ਼ ਵਿਚ ਹਨ ਜੋ ਵਿਭਿੰਨ ਖੇਤਰਾਂ ਵਿਚ ਫ਼ੈਲੀ ਹੋਈ ਹੈ।

## ਘਰੇਲੂ ਕੂਟਨੀਤੀ

ਇਕ ਹੋ ਕੇ ਚੱਲਣ ਦੀ ਕੂਟਨੀਤੀ, ਸੱਭਿਆਚਾਰ, ਵਪਾਰ ਅਤੇ ਭੂ-ਰਾਜਨੀਤੀ – ਪ੍ਰਧਾਨ ਮੰਤਰੀ ਮੋਦੀ ਦੀ ਯਾਤਰਾ ਨੂੰ ਚਿੰਨ੍ਹਾਤਮਕ ਅਤੇ ਮੌਲਿਕ ਨਤੀਜਿਆਂ ਪੱਖੋਂ ਉੱਚ ਅੰਕ ਪ੍ਰਾਪਤ ਹੋਏ ਜਿਸ ਨਾਲ ਇਸ ਬਦਲ ਰਹੇ ਅਹਿਮ ਸੰਬੰਧਾਂ ਵਿਚ ਨਵੇਂ ਰੁਝਾਨਾਂ ਅਤੇ ਟਿੱਪਣੀਕਾਰ ਦਾ ਸੰਕੇਤ ਮਿਲਿਆ ਹੈ। ਆਪਣੀ ਕਿਸਮ ਦੀ ਅਨੋਖੀ ਪਹਿਲਕਦਮੀ ਦੇ ਤੌਰ ਤੇ, ਚੀਨੀ ਰਾਸ਼ਟਰਪਤੀ ਜ਼ੀ ਜਿਨਪਿੰਗ ਨੇ ਪ੍ਰਧਾਨ ਮੰਤਰੀ ਸ੍ਰੀ ਮੋਦੀ ਦਾ ਸਵਾਗਤ ਇਕ ਸ਼ਾਹੀ ਸਰਕਾਰੀ ਗੈਸਟ ਹਾਊਸ ਵਿਚ ਕੀਤਾ ਜੋ ਸ਼ਾਂਕਸੀ ਰਾਜ ਦੀ ਰਾਜਧਾਨੀ ਜ਼ਿਆਨ ਵਿਚ ਸਥਿਤ ਹੈ ਅਤੇ ਰਾਸ਼ਟਰਪਤੀ ਦਾ ਪਰਿਵਾਰ ਉਥੇ ਨਿਵਾਸ ਕਰਦਾ ਹੈ। ਸ਼ੁਰੂਆਤੀ ਮੁਲਾਕਾਤ ਵਿਚ ਰਾਸ਼ਟਰਪਤੀ ਜ਼ੀ ਨੇ ਭਾਰਤ-ਚੀਨ ਸੰਬੰਧਾਂ ਦੀ ਦ੍ਰਿੜ੍ਹ ਤੇ ਉਤਸ਼ਾਹਜਨਕ ਤਸਵੀਰ ਪੇਸ਼ ਕੀਤੀ। ਰਾਸ਼ਟਰਪਤੀ ਨੇ ਭਾਰਤੀ ਪ੍ਰਧਾਨ ਮੰਤਰੀ ਨੂੰ ਦੱਸਿਆ ਕਿ ਭਾਰਤ-ਚੀਨ ਸੰਬੰਧ ਸਥਿਰ ਵਿਕਾਸ ਦਾ ਅਨੁਭਵ ਕਰ ਰਹੇ ਹਨ ਅਤੇ ਵਿਸ਼ਾਲ ਸੰਭਾਵਨਾਵਾਂ ਦਾ ਸਾਹਮਣਾ ਕਰ ਰਹੇ ਹਨ। ਪ੍ਰਧਾਨ ਮੰਤਰੀ ਸ੍ਰੀ ਮੋਦੀ ਦੀ ਟੈਰਾ ਕੋਟਾ ਜੰਗੀ ਅਜਾਇਬਘਰ ਅਤੇ ਬੋਧ ਮੰਦਰ ਦੀ ਯਾਤਰਾ, ਜਿਥੇ ਸੰਸਕ੍ਰਿਤ ਦੇ ਸ਼ਲੋਕਾਂ ਦਾ ਅਨੁਵਾਦ ਕੀਤਾ ਮਿਲਦਾ ਹੈ। ਏਸ਼ੀਆ ਦੀਆਂ ਦੋ ਮਹਾਂਸ਼ਕਤੀਆਂ ਅਤੇ ਗੁਆਂਢੀਆਂ ਦਰਮਿਆਨ ਸਦੀਆਂ ਪੁਰਾਣੇ ਸੱਭਿਆਚਾਰਕ ਸੰਬੰਧਾਂ ਦੀ ਜ਼ਾਮਨੀ ਭਰਦੇ ਹਨ। ਇਹ ਪਹਿਲੀ ਵਾਰ ਸੀ ਕਿ ਕਿਸੇ ਵਿਦੇਸ਼ੀ ਨੇਤਾ ਦੀ ਮਹਿਮਾਨ ਨਵਾਜ਼ੀ ਰਾਸ਼ਟਰਪਤੀ ਵਲੋਂ ਆਪਣੇ ਪੁਸ਼ਤੈਨੀ ਘਰ ਵਿਚ ਕੀਤੀ ਗਈ ਹੋਵੇ ਜਿਸ ਤੋਂ ਉਨ੍ਹਾਂ ਦੀ ਭਾਰਤ ਚੀਨ ਰਿਸ਼ਤਿਆਂ ਨੂੰ ਨਵੀਆਂ ਬੁਲੰਦੀਆਂ ਤਕ ਲੈ ਕੇ ਜਾਣ ਦੀ ਵਚਨਬਧਤਾ ਦਾ ਪਤਾ ਲਗਦਾ ਹੈ। ਭਾਰਤੀ ਨੇਤਾ ਲਈ ਚੀਨੀ ਰਾਸ਼ਟਰਪਤੀ ਵਲੋਂ ਦਿਖਾਈ ਗਰਮਜੋਸ਼ੀ ਅਤੇ ਨਿੱਜੀ ਆਓ-ਭਗਤ ਪ੍ਰਧਾਨ ਮੰਤਰੀ ਸ੍ਰੀ ਮੋਦੀ ਵਲੋਂ ਅਹਿਮਦਾਬਾਦ ਵਿਚ ਰਾਸ਼ਟਰਪਤੀ ਦੇ ਮਾਣ ਸਨਮਾਨ ਦਾ ਹਾਂ-ਪੱਖੀ ਹੁੰਗਾਰਾ ਸੀ। ਇਹ ਪਹਿਲੀ ਵਾਰ ਸੀ ਕਿ ਭਾਰਤੀ ਅਤੇ ਚੀਨੀ ਨੇਤਾਵਾਂ ਨੇ ਇਕ-ਦੂਜੇ ਦੇਸ਼ ਦੀ ਯਾਤਰਾ ਕੌਮੀ ਰਾਜਧਾਨੀ ਤੋਂ ਨਾ ਸ਼ੁਰੂ ਕਰਕੇ ਰਾਜ ਦੀ ਰਾਜਧਾਨੀ ਤੋਂ ਕੀਤੀ। ਇਸ ਨਾਲ ਹਿੰਦ ਚੀਨ ਸੰਬੰਧਾਂ ਦੀ ਕਿਤਾਬ ਵਿਚ ਘਰੇਲੂ ਕੂਟਨੀਤੀ ਦਾ ਇਕ ਨਵਾਂ ਅਧਿਆਇ ਲਿਖ ਦਿਤਾ ਗਿਆ। ਇਸ ਵਿਚ ਦੁਵੱਲੇ ਸੰਬੰਧਾਂ ਨੂੰ ਰਸਮੀ ਕੂਟਨੀਤੀ ਦੀਆਂ ਸੀਮਾਵਾਂ ਤੋਂ ਅੱਗੇ ਲੈ ਕੇ ਜਾਣ 'ਤੇ ਵੀ ਜ਼ੋਰ ਦਿਤਾ ਗਿਆ ਤਾਂ ਕਿ ਚਿਰ ਸਥਾਈ ਅਤੇ ਵਿਅਕਤੀਗਤ ਰਿਸ਼ਤੇ ਦਿਲ ਤੋਂ ਸਥਾਪਤ ਕੀਤੇ ਜਾ ਸਕਣ। "ਮੈਂ ਚੀਨ ਦੇ ਲੋਕਾਂ ਦਾ ਉਤਸ਼ਾਹ ਵੇਖ ਕੇ ਗਦਗਦ ਹੋ ਗਿਆ ਹਾਂ। ਲੋਕਾਂ ਤੋਂ ਲੋਕਾਂ ਤਕ ਸੰਬੰਧ ਹਮੇਸ਼ਾ ਵਿਸ਼ੇਸ਼ ਅਹਿਮੀਅਤ ਰਖਦੇ ਹਨ", ਜ਼ਿਆਨ ਵਿਚ ਲੋਕਾਂ ਦੀ ਜੋਸ਼ੀਲੀ ਭੀੜ ਵਲੋਂ ਉਨ੍ਹਾਂ ਦਾ ਸਵਾਗਤ ਕੀਤੇ ਜਾਣ ਉਪਰੰਤ ਸ੍ਰੀ ਮੋਦੀ ਨੇ ਟਵੀਟ ਕੀਤਾ।

## ਵੱਡੀਆਂ ਸ਼ਕਤੀਆਂ ਦੀ ਨਵੀਂ ਵਾਰਤਾ : ਏਸ਼ਿਆਈ ਸ਼ਤਾਬਦੀ

ਕੂਟਨੀਤੀ ਵਿਚ ਸੰਕੇਤ ਅਹਿਮ ਹੁੰਦੇ ਹਨ ਪਰ ਇਹ ਸਚਾਈ ਦੀ ਥਾਂ ਨਹੀਂ ਲੈ ਸਕਦੇ। ਇਸ ਕਰਕੇ ਭਾਰਤ-ਚੀਨ ਸੰਬੰਧਾਂ ਦੀ ਉੱਭਰ ਰਹੀ

ਵਾਰਤਾ ਵਿਚ ਚਿੰਨ੍ਹਾਤਮਕ ਸੰਕੇਤਾਂ ਅਤੇ ਸਚਾਈ ਦਾ ਮਿਸ਼ਰਣ ਚਤੁਰਾਈ ਨਾਲ ਕੀਤਾ ਗਿਆ ਹੈ, ਜਿਸ ਪਿੱਛੇ ਇਸ ਅਹਿਮ ਸੰਬੰਧ ਦੀ ਦੀਰਘਕਾਲੀ ਵਿਆਪਕ ਦ੍ਰਿਸ਼ਟੀ ਹੈ ਜੋ ਇਨ੍ਹਾਂ ਦੋਵਾਂ ਦੇਸ਼ਾਂ ਦੀ 2.6 ਬਿਲੀਅਨ ਜਨਸੰਖਿਆ ਨੂੰ ਸਿੱਧੇ ਤੌਰ ਤੇ ਪ੍ਰਭਾਵਤ ਕਰ ਸਕਦੀ ਹੈ। ਇਕ ਮਹੱਤਵਪੂਰਨ ਸਿਧਾਂਤਕ ਬਣਤਰ ਵਿਚ 15 ਮਈ ਦੇ ਸਾਂਝੇ ਬਿਆਨ ਵਿਚ ਭਾਰਤ ਅਤੇ ਚੀਨ ਨੂੰ ਖਿੱਤੇ ਦੀਆਂ ਦੋ ਮੁੱਖ ਸ਼ਕਤੀਆਂ ਵਜੋਂ ਵੇਖਿਆ ਗਿਆ ਹੈ ਜੋ ਏਸ਼ੀਆ ਦੀ ਸਦੀ ਅਤੇ 21ਵੀਂ ਸਦੀ ਦੇ ਭੂ-ਰਾਜਨੀਤਕ-ਆਰਥਿਕ ਧਰਾਤਲ ਨੂੰ ਆਕਾਰ ਦੇਣਗੇ। "ਨੇਤਾਵਾਂ ਨੇ ਇਸ ਗੱਲ 'ਤੇ ਸਹਿਮਤੀ ਪ੍ਰਗਟਾਈ ਕਿ ਖਿੱਤੇ ਅਤੇ ਪੂਰੇ ਵਿਸ਼ਵ ਵਿਚ ਪ੍ਰਮੁੱਖ ਸ਼ਕਤੀਆਂ ਵਜੋਂ ਭਾਰਤ ਅਤੇ ਚੀਨ ਦਾ ਪੁਨਰ-ਉਭਾਰ ਏਸ਼ੀਅਨ ਸਦੀ ਨੂੰ ਹਾਸਲ ਕਰਨ ਦਾ ਇਕ ਅਹਿਮ ਮੌਕਾ ਪ੍ਰਦਾਨ ਕਰਦਾ ਹੈ।" ਉਨ੍ਹਾਂ ਨੋਟ ਕੀਤਾ ਕਿ ਏਸ਼ੀਆ ਅਤੇ ਪੂਰੇ ਵਿਸ਼ਵ ਵਿਚ ਭਾਰਤ-ਚੀਨ ਦੇ ਦੁਵੱਲੇ ਸੰਬੰਧ 21ਵੀਂ ਸਦੀ ਵਿਚ ਵੱਡੀ ਭੂਮਿਕਾ ਨਿਭਾਉਣ ਲਈ ਤਿਆਰ ਹਨ।" ਇਨ੍ਹਾਂ ਸੰਬੰਧਾਂ ਨੂੰ ਵਿਆਪਕ ਵਿਸ਼ਵੀ ਸੰਦਰਭ ਵਿਚ ਰੱਖ ਕੇ ਵੇਖਦਿਆਂ ਸਾਂਝੇ ਬਿਆਨ ਵਿਚ ਆਖਿਆ ਗਿਆ : "ਦੋ ਵੱਡੇ ਵਿਕਾਸਸ਼ੀਲ ਦੇਸ਼ਾਂ ਦਰਮਿਆਨ ਸੰਬੰਧਾਂ ਦਾ ਉਸਾਰੂ ਨਮੂਨਾ, ਜੋ ਸਭ ਤੋਂ ਵੱਡੀਆਂ ਉੱਭਰ ਰਹੀਆਂ ਆਰਥਿਕਤਾਵਾਂ ਅਤੇ ਵਿਸ਼ਵ ਢਾਂਚੇ ਦੇ ਦੋ ਪ੍ਰਮੁੱਖ ਸਤੰਭ ਹਨ, ਅੰਤਰਰਾਸ਼ਟਰੀ ਪ੍ਰਣਾਲੀ ਨੂੰ ਮਜ਼ਬੂਤ ਕਰਨ ਲਈ ਦੇਸ਼ ਤੋਂ ਦੇਸ਼ ਦੇ ਸੰਬੰਧਾਂ ਲਈ ਇਕ ਆਧਾਰ ਪ੍ਰਦਾਨ ਕਰਦਾ ਹੈ।"

## ਲਾਲ ਲਕੀਰਾਂ

ਪਰ ਇਸ ਵੱਡੇ ਨਿਰਮਾਣ ਵਿਚ ਕੁਝ ਚਿਤਾਵਨੀਆਂ ਵੀ ਲੁਕੀਆਂ ਹੋਈਆਂ ਹਨ – ਭਾਰਤ-ਚੀਨ ਸੰਬੰਧਾਂ ਦੀਆਂ ਸੰਭਾਵਨਾਵਾਂ ਨੂੰ ਬੂਰ ਪੈਣ ਅਤੇ ਇਕਸੁਰਤਾ ਵਾਲੀ ਏਸ਼ੀਅਨ ਸਦੀ ਦਾ ਵਾਅਦਾ ਤਾਂ ਹੀ ਸੰਭਵ ਹੈ ਜੇ ਦੋਵੇਂ ਧਿਰਾਂ ਇਕ ਦੂਜੇ ਦੇ ਤੌਖਲਿਆਂ, ਹਿਤਾਂ ਅਤੇ ਇਛਾਵਾਂ ਪ੍ਰਤਿ ਆਪਸੀ ਆਦਰ ਅਤੇ ਸੰਵੇਦਨਸ਼ੀਲਤਾ ਵਿਖਾਉਣ।" ਇਹ ਗੰਭੀਰ ਲਾਲ ਲਕੀਰਾਂ ਹਨ ਜਿਨ੍ਹਾਂ ਦੀ ਦੋਵਾਂ ਦੇਸ਼ਾਂ ਨੂੰ ਸਾਵਧਾਨੀ ਨਾਲ ਪਾਲਣਾ ਕਰਨੀ ਪਵੇਗੀ, ਜੇ ਉਹ ਵਿਸ਼ਵ ਪੱਧਰ 'ਤੇ ਬਿਨਾਂ ਕਿਸੇ ਰਣਨੀਤਕ ਬੇਭਰੋਸਗੀ ਅਤੇ ਦੁਸ਼ਮਣੀ ਦੀਆਂ ਧਾਰਨਾਵਾਂ ਤੋਂ ਬਿਨਾਂ ਇਕ ਦੂਜੇ ਦੇ ਉੱਭਾਰ ਵਿਚ ਸਹਿਯੋਗ ਕਰਨਾ ਚਾਹੁੰਦੇ ਹਨ। ਆਪਣੇ ਚੀਨ ਦੌਰੇ ਦੌਰਾਨ ਪ੍ਰਧਾਨ ਮੰਤਰੀ ਸ੍ਰੀ ਮੋਦੀ ਨੇ ਆਪਣੇ ਮੇਜ਼ਬਾਨਾਂ ਨੂੰ ਇਨ੍ਹਾਂ ਲਾਲ ਲਕੀਰਾਂ ਬਾਰੇ ਯਾਦ ਕਰਵਾਉਂਦਿਆਂ ਕਿ ਜਿਹੜੇ ਮੁੱਦੇ ਦੋਵਾਂ ਦੇਸ਼ਾਂ ਦੇ ਸੰਬੰਧਾਂ ਦੇ ਰਾਹ ਦਾ ਅੜਿੱਕਾ ਹਨ, ਉਨ੍ਹਾਂ 'ਤੇ ਮੁੜ ਵਿਚਾਰ ਕਰਨ ਦੀ ਲੋੜ ਹੈ। "ਮੈਂ ਕੁਝ ਮੁੱਦਿਆਂ 'ਤੇ ਚੀਨ ਦੁਆਰਾ ਉਸ ਦੀ ਪਹੁੰਚ 'ਤੇ ਮੁੜ ਵਿਚਾਰ ਕਰਨ ਲਈ ਜ਼ੋਰ ਦਿਤਾ ਜਿਨ੍ਹਾਂ ਕਰਕੇ ਅਸੀਂ ਆਪਣੀ ਸੰਭਾਵਤ ਭਿਆਲੀ 'ਤੇ ਲਾਹਾ ਲੈਣ ਤੋਂ ਅਸਮਰੱਥ ਹਾਂ", ਸ੍ਰੀ ਮੋਦੀ ਨੇ ਪ੍ਰਧਾਨ ਮੰਤਰੀ ਲੀ ਨਾਲ ਇਕ ਸਾਂਝਾ ਮੀਡੀਆ ਬਿਆਨ ਵਿਚ ਆਖਿਆ। ਇਹ ਸਚਾਈ ਕਿ ਉਨ੍ਹਾਂ ਨੇ ਇਹ ਸਾਰਾ ਕੁਝ ਚੀਨੀ ਪ੍ਰਧਾਨ ਮੰਤਰੀ ਦੀ ਮੌਜੂਦਗੀ ਵਿਚ ਬੀਜਿੰਗ ਵਿਚ ਆਖਿਆ, ਬੀਜਿੰਗ ਦੇ ਕੁਝ ਕਾਰਜਾਂ ਬਾਰੇ ਭਾਰਤੀ ਇਤਰਾਜ਼ਾਂ ਦੀ ਤੀਬਰਤਾ ਨੂੰ ਦਰਸਾਉਂਦਾ ਹੈ, ਜਿਹੜੇ ਕਾਰਜ ਨਵੀਂ ਦਿੱਲੀ ਨੂੰ ਪ੍ਰਵਾਨ ਨਹੀਂ ਹਨ। ਇਨ੍ਹਾਂ ਮੁੱਦਿਆਂ ਵਿਚ ਜੰਮੂ-ਕਸ਼ਮੀਰ ਅਤੇ ਅਰੁਣਾਚਲ ਪ੍ਰਦੇਸ਼ ਦੇ ਵਸਨੀਕਾਂ ਨੂੰ ਜ਼ਮੀਮਾ ਵੀਜ਼ਾ ਜਾਰੀ ਕਰਨਾ, ਚੀਨੀ ਫੌਜਾਂ ਦੁਆਰਾ ਵਾਰ-ਵਾਰ ਭਾਰਤੀ ਖੇਤਰ ਅੰਦਰ ਘੁਸਪੈਠ ਕਰਨਾ ਅਤੇ ਕਸ਼ਮੀਰ ਦੇ ਵਿਵਾਦਤ ਹਿੱਸੇ ਵਿਚੋਂ ਚੀਨ-ਪਾਕਿਸਤਾਨ ਪ੍ਰਸਤਾਵਿਤ ਲਾਂਘੇ ਦੀ ਉਸਾਰੀ ਸ਼ਾਮਿਲ ਹੈ। ਇਹ ਮੁੱਦੇ ਲੰਮੇ ਸਮੇਂ ਤੋਂ ਭਾਰਤ-ਚੀਨ ਸੰਬੰਧਾਂ ਵਿਚ ਪਰੇਸ਼ਾਨੀ ਦਾ ਸਬੱਬ ਬਣੇ ਹੋਏ ਹਨ ਅਤੇ ਇਨ੍ਹਾਂ ਨੇ ਭਾਰਤੀ ਲੋਕ ਮਨਾਂ ਵਿਚ ਚੀਨ ਦੇ ਅਕਸ ਨੂੰ ਪ੍ਰਭਾਵਿਤ ਕੀਤਾ ਹੈ ਅਤੇ ਨਵੀਂ ਦਿੱਲੀ ਵਿਚ ਬੀਜਿੰਗ ਦੇ ਇਰਾਦਿਆਂ ਅਤੇ ਉਦੇਸ਼ਾਂ ਬਾਰੇ ਰਣਨੀਤਕ ਬੇਰੋਸਗੀ ਪੈਦਾ ਕੀਤੀ ਹੈ।

## ਆਰਥਿਕਤਾ-ਪਲੇਠੀ ਪਹਿਲ

ਇਨ੍ਹਾਂ ਮੁੱਦਿਆਂ ਬਾਰੇ ਖੁੱਲ੍ਹੇਆਮ ਚਰਚਾ ਕਰਨ ਨਾਲ ਆਪਸੀ ਸੰਬੰਧ ਖਰਾਬ ਹੋ ਸਕਦੇ ਸਨ, ਪਰ ਇਹ ਭਾਰਤ-ਚੀਨ ਵਿਚ ਪ੍ਰੌੜ੍ਹਤਾ ਅਤੇ ਸਾਫ਼ਗੋਈ ਦਾ ਚਿੰਨ੍ਹ ਸੀ ਕਿ ਝਗੜੇ ਦੀ ਵਜ੍ਹਾ ਬਣੇ ਇਨ੍ਹਾਂ ਮਤਭੇਦਾਂ ਦੇ ਚਲਦਿਆਂ ਵੀ, ਦੋਵਾਂ ਦੇਸ਼ਾਂ ਨੇ ਹਾਂ-ਪੱਖੀ ਅਤੇ ਆਰਥਿਕ ਮੌਕਿਆਂ ਵੱਲ ਧਿਆਨ ਕੇਂਦਰਿਤ ਕਰਨ ਦੀ ਚੋਣ ਕੀਤੀ ਤਾਂ ਕਿ ਬਰਾਬਰ ਦੀ ਲਾਹੇਵੰਦ ਸਹਿਕਾਰੀ ਸਾਂਝ ਦਾ ਦਾਇਰਾ ਵਧਾਇਆ ਜਾ ਸਕੇ। ਇਹ ਵੱਖ-ਵੱਖ ਖੇਤਰਾਂ ਵਿਚ 24 ਸਮਝੌਤੇ ਕਲਮਬੰਦ ਹੋਣ ਤੋਂ ਸਪੱਸ਼ਟ ਹੈ ਜਿਸ ਵਿਚ ਬੁਨਿਆਦੀ ਢਾਂਚਾ, ਸਮਾਰਟ ਸ਼ਹਿਰ ਅਤੇ ਰੇਲਵੇ, ਸਭਿਆਚਾਰ, ਹੁਨਰ ਦਾ ਵਿਕਾਸ, ਪੁਲਾੜ ਅਤੇ ਜਲਵਾਯੂ ਪਰਿਵਰਤਨ ਸ਼ਾਮਿਲ ਹਨ। ਦੋਨਾਂ ਧਿਰਾਂ ਨੇ ਹਰੇਕ ਖਿੱਤੇ ਵਿਚ ਆਪਣੀ ਕੂਟਨੀਤਕ ਵਾਰਤਾਲਾਪ ਨੂੰ ਤੇਜ਼ ਕਰਨ ਦਾ ਫ਼ੈਸਲਾ ਕੀਤਾ ਹੈ। ਇਸ ਤਹਿਤ ਨਿਯਮਤ ਤੌਰ ਤੇ ਸਿਖਰ ਮੁਲਾਕਾਤਾਂ ਕੀਤੀਆਂ ਜਾਣਗੀਆਂ ਅਤੇ ਚੇਂਗਡੂ ਅਤੇ ਚੇਨੱਈ ਵਿਚ ਨਵੇਂ ਕੌਂਸਲਖ਼ਾਨੇ ਖੋਲ੍ਹੇ ਜਾਣਗੇ। ਇਕ ਵਿਆਪਕ ਕਦਮ ਤਹਿਤ ਦੋਵਾਂ ਦੇਸ਼ਾਂ ਨੇ ਆਪਣੀ ਕਿਸਮ ਦਾ ਪਹਿਲਾ, ਰਾਜ ਦੇ ਨੇਤਾਵਾਂ ਦਾ ਮੰਚ ਜਾਰੀ ਕੀਤਾ ਜੋ ਉਨ੍ਹਾਂ ਦੇ ਰਾਜਾਂ ਅਤੇ ਰਾਜਾਂ ਦਰਮਿਆਨ ਵਧੇਰੇ ਸੰਵਾਦ 'ਤੇ ਜ਼ੋਰ ਦੇਵੇਗਾ। ਇਸ ਮੰਚ ਦੀ ਪਹਿਲੀ ਮੁਲਾਕਾਤ 15 ਮਈ, 2015 ਨੂੰ ਪ੍ਰਧਾਨ ਮੰਤਰੀ ਮੋਦੀ ਦੀ ਮੌਜੂਦਗੀ ਵਿਚ ਹੋਈ। ਮਹਾਂਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਅਤੇ ਗੁਜਰਾਤ ਦੀ ਮੁੱਖ ਮੰਤਰੀ ਅਨੰਦੀਬੇਨ ਪਟੇਲ ਭਾਰਤ ਵਾਲੇ ਪਾਸਿਉਂ ਇਸ ਵਿਚ ਸ਼ਿਰਕਤ ਕਰਨ ਵਾਲਿਆਂ ਵਿਚ ਸ਼ਾਮਿਲ ਸਨ।

ਸਭ ਤੋਂ ਉੱਤੇ, ਭਾਰਤ ਅਤੇ ਚੀਨ ਦੇ ਨੇਤਾਵਾਂ ਦੀ ਮਈ 2015 ਦੀ ਸਿਖਰ ਵਾਰਤਾ ਵਿਚ ਸੰਬੰਧਾਂ ਲਈ 'ਪਹਿਲਾਂ ਆਰਥਿਕਤਾ' ਦੀ ਪਹੁੰਚ 'ਤੇ ਜ਼ੋਰ ਦਿਤਾ ਗਿਆ ਜੋ ਨਵੀਂ ਦਿੱਲੀ ਅਤੇ ਬੀਜਿੰਗ ਦੀਆਂ ਸਮੇਂ-ਸਮੇਂ ਦੀਆਂ ਸਰਕਾਰਾਂ ਦੀ ਤਿਆਰੀ ਤਹਿਤ ਰਿਹਾ ਹੈ। ਵਾਜਬ ਤੌਰ ਤੇ, ਭੂ-ਰਾਜਨੀਤਕ ਅਤੇ ਭੂ-ਆਰਥਿਕ ਦੋਨੋਂ ਭਾਰਤ- ਚੀਨ ਰਿਸ਼ਤਿਆਂ ਦੇ ਆਯਾਮ ਆਉਣ ਵਾਲੇ ਮਹੀਨਿਆਂ ਅਤੇ ਦਹਾਕਿਆਂ ਵਿਚ ਤੈਅ ਕਰਨਗੇ, ਪਰ ਵਰਤਮਾਨ ਸਮੇਂ ਆਰਥਿਕ ਲੋੜ ਏਸ਼ੀਆ ਦੀਆਂ ਮੋਹਰੀ ਆਰਥਿਕਤਾਵਾਂ ਨੂੰ ਵਧਦੇ ਹੋਏ ਵਪਾਰ ਅਤੇ ਨਿਵੇਸ਼ ਰਾਹੀਂ ਸਹਿ ਖ਼ੁਸ਼ਹਾਲੀ ਦੇ ਮੰਡਲ ਵਿਚ ਨਜ਼ਦੀਕ ਆਉਣ ਲਈ ਮਜਬੂਰ ਕਰ ਰਹੀ ਹੈ। ਇਥੇ ਸੰਭਾਵਨਾਵਾਂ ਅਸੀਮ ਹਨ, ਜਿਸ ਦੀ ਸੀਮਾ ਸਿਰਫ਼ ਆਕਾਸ਼ ਹੈ। ਪਰ ਇਹ ਤਾਂ ਹੀ ਸੰਭਵ ਹੈ ਜੇ ਇਕ ਦੂਸਰੇ ਦੇ ਮੁੱਖ ਹਿਤਾਂ ਪ੍ਰਤਿ ਆਪਸੀ ਸਨਮਾਨ ਅਤੇ ਸੰਵੇਦਨਸ਼ੀਲਤਾ ਵਿਖਾਈ ਜਾਵੇ।

## ਮੇਕ ਇਨ ਇੰਡੀਆ

ਇਸੇ ਭਾਵਨਾ ਤਹਿਤ ਪ੍ਰਧਾਨ ਮੰਤਰੀ ਸ੍ਰੀ ਮੋਦੀ ਨੇ ਬੀਜਿੰਗ ਵਿਚ ਆਖਿਆ, " ਅਸੀਂ ਆਰਥਿਕ ਭਾਈਵਾਲੀ ਲਈ ਇੱਛਾਵਾਂ ਦੇ ਵੱਡੇ ਮਾਪਦੰਡ ਨਿਸ਼ਚਿਤ ਕੀਤੇ ਹਨ। ਅਸੀਂ ਵਿਸ਼ਾਲ

ਦੁਵੱਲੇ ਮੌਕੇ ਦੇਖਦੇ ਹਾਂ ਅਤੇ ਬਹੁਤ ਸਾਰੀਆਂ ਅਜਿਹੀਆਂ ਚੁਨੌਤੀਆਂ, ਜਿਵੇਂ ਕਿ ਸ਼ਹਿਰੀਕਰਨ।" ਰਾਸ਼ਟਰਪਤੀ ਜ਼ੀ ਅਤੇ ਪ੍ਰਧਾਨ ਮੰਤਰੀ ਲੀ ਨਾਲ ਆਪਣੀ ਗੱਲਬਾਤ ਵੱਲ ਸੰਕੇਤ ਕਰਦਿਆਂ ਸ੍ਰੀ ਮੋਦੀ ਨੇ ਕਿਹਾ, ''ਦੋਵੇਂ ਨੇਤਾ ਸਾਡੇ ਮੇਕ ਇਨ ਇੰਡੀਆ ਮਿਸ਼ਨ ਅਤੇ ਬੁਨਿਆਦੀ ਢਾਂਚਾ ਖੇਤਰ ਵਿਚ ਚੀਨ ਦੀ ਵਧੀ ਹੋਈ ਭਾਗੀਦਾਰੀ ਲਈ ਬਹੁਤ ਸਹਾਇਕ ਸਨ।"

ਆਰਥਿਕ ਖੇਤਰ ਵਿਚ ਨਤੀਜੇ ਕਾਫ਼ੀ ਹਨ ਜਿਨ੍ਹਾਂ 'ਤੇ ਕੰਮ ਚੱਲ ਰਿਹਾ ਹੈ। ਅਗਲੇ ਪੰਜ ਸਾਲਾਂ ਵਿਚ ਭਾਰਤ ਅੰਦਰ 20 ਬਿਲੀਅਨ ਡਾਲਰ ਦੇ ਚੀਨੀ ਨਿਵੇਸ਼ ਦੇ ਸਿਰ 'ਤੇ, ਜਿਸ ਦਾ ਐਲਾਨ ਸਤੰਬਰ 2014 ਵਿਚ ਚੀਨ ਦੇ ਰਾਸ਼ਟਰਪਤੀ ਦੀ ਭਾਰਤ ਯਾਤਰਾ ਸਮੇਂ ਕੀਤਾ ਗਿਆ ਸੀ, ਦੋਵਾਂ ਧਿਰਾਂ ਦੀਆਂ ਵਪਾਰਕ ਹਸਤੀਆਂ ਨੇ 22 ਬਿਲੀਅਨ ਡਾਲਰ ਦੀਆਂ ਵਪਾਰਕ ਸੌਦੇਬਾਜ਼ੀਆਂ ਤੇ 16 ਮਈ, 2015 ਨੂੰ ਬੀਜਿੰਗ ਵਿਚ ਦਸਤਖ਼ਤ ਕੀਤੇ ਗਏ। ਭਾਰਤ-ਚੀਨ ਮੰਚ ਦੇ ਮੁੱਖ ਕਾਰਜਕਾਰੀ ਅਧਿਕਾਰੀਆਂ ਨੂੰ ਆਪਣੇ ਸੰਬੋਧਨ ਵਿਚ ਸ੍ਰੀ ਮੋਦੀ ਨੇ ਦੋਵਾਂ ਦੇਸ਼ਾਂ ਵਿਚਾਲੇ ਵਪਾਰ ਅਤੇ ਨਿਵੇਸ਼ ਵਿਚ ਵਾਧਾ ਕਰਨ ਦੀ ਜ਼ੋਰਦਾਰ ਵਕਾਲਤ ਕੀਤੀ ਅਤੇ ਚੀਨੀ ਵਪਾਰਕ ਭਾਈਚਾਰੇ ਦਾ ਹੁੰਗਾਰਾ ਬਹੁਤ ਹਾਂ-ਪੱਖੀ ਸੀ ਜੋ ਚੀਨ ਵਿਚ ਭਾਰਤੀ ਕਥਾਨਕ ਦੇ ਬਦਲੇ ਦ੍ਰਿਸ਼ ਨੂੰ ਪੇਸ਼ ਕਰ ਰਿਹਾ ਸੀ। ਸ੍ਰੀ ਮੋਦੀ ਦੇ ਦੌਰੇ ਦੇ ਕਈ ਹਫ਼ਤੇ ਬਾਅਦ ਭਾਰਤ ਵਿਚ ਚੀਨ ਦੇ ਸਫੀਰ ਲੀ ਯੂਚੇਂਗ ਨੇ 'ਮੇਕ ਇਨ ਇੰਡੀਆ ਅਤੇ 'ਮੇਡ ਇਨ ਚਾਈਨਾ ਦੀ ਉੱਭਰਦੀ ਹੋਈ ਭਾਈਵਾਲੀ ਦਾ ਜ਼ਿਕਰ ਕਰਦਿਆਂ ਇਕ ਨਵੀਂ ਸ਼ਬਦਾਵਲੀ ''ਮੇਕ ਇਨ ਇੰਡੀਆ" ਦੀ ਕਲਪਨਾ ਕੀਤੀ, ਜਿਸ ਦਾ ਮਕਸਦ ਦੋਵੇਂ ਏਸ਼ਿਆਈ ਮਹਾਂਰਥੀਆਂ ਦਰਮਿਆਨ ਨਿਰਮਾਣ ਅਤੇ ਵਪਾਰ ਦੇ ਖੇਤਰ ਵਿਚ ਨੇੜਲੀ ਭਾਈਵਾਲੀ ਦਾ ਸੁਪਨਾ ਵੇਖਣਾ ਹੈ।

ਭਾਰਤ-ਚੀਨ ਉਦਯੋਗਿਕ ਸਹਿਯੋਗ ਬਾਰੇ ਸੈਮੀਨਾਰ ਵਿਚ ਬੋਲਦਿਆਂ, ਜੋ ਫੈਡਰੇਸ਼ਨ ਆਫ਼ ਚੈਂਬਰਜ਼ ਆਫ਼ ਕਾਮਰਸ ਐਂਡ ਇੰਡਸਟਰੀ ਆਫ਼ ਇੰਡੀਆ (ਐੱਫ ਆਈ ਸੀ ਸੀ ਆਈ) ਵਲੋਂ 10 ਜੂਨ, 2015 ਨੂੰ ਨਵੀਂ ਦਿੱਲੀ ਵਿਚ ਕਰਵਾਇਆ ਗਿਆ ਸੀ, ਸ੍ਰੀ ਲੀ ਨੇ ਆਖਿਆ ਕਿ ਚੀਨ ਨੇ ਹਾਲ ਹੀ ਵਿਚ 'ਮੇਡ ਇਨ ਚਾਈਨਾ 2025" ਮੁਹਿੰਮ ਦਾ ਆਗਾਜ਼ ਕੀਤਾ ਹੈ ਜਿਸ ਵਿਚ ਹੋਰ ਗੱਲਾਂ ਤੋਂ ਇਲਾਵਾ ਨਵੀਨਤਮ ਖੋਜ ਅਤੇ ਉੱਚ ਪੱਧਰੀ ਨਿਰਮਾਣ ਸ਼ਾਮਿਲ ਹੈ ਜੋ ਉਨ੍ਹਾਂ ਦੇ ਆਖਣ ਮੁਤਾਬਕ ਭਾਰਤ ਦੇ ਪ੍ਰਧਾਨ ਮੰਤਰੀ ਮੋਦੀ ਦੀ 'ਮੇਕ ਇਨ ਇੰਡੀਆ' ਰਣਨੀਤੀ ਦਾ ਪੂਰਕ ਅਤੇ ਹਾਣ ਦੀ ਹੈ।

ਚੀਨ ਦੇ ਸਫੀਰ ਨੇ ਜ਼ੋਰ ਦਿੰਦਿਆਂ ਕਿਹਾ ਕਿ ਚੀਨੀ ਵਪਾਰਕ ਭਾਈਚਾਰਾ ਭਾਰਤ ਦੀ ਨਵੀਂ ਸਰਕਾਰ ਵਲੋਂ ਪੁੱਟੇ ਗਏ ਕਦਮਾਂ ਦੀ ਪ੍ਰਸ਼ੰਸਾ ਕਰਦਾ ਹੈ ਜਿਸ ਨਾਲ ਭਾਰਤ ਵਿਚ ਵਪਾਰ ਕਰਨ ਦੀ ਸੌਖ ਵਧ ਜਾਵੇਗੀ। ਉਨ੍ਹਾਂ ਹੋਰ ਆਖਿਆ ਕਿ ਚੀਨੀ ਕੰਪਨੀਆਂ ਭਾਰਤ ਵਿਚ ਵੱਖ-ਵੱਖ ਪ੍ਰਕਾਰ ਦੇ ਪ੍ਰਾਜੈਕਟਾਂ ਵਿਚ ਨਿਵੇਸ਼ ਕਰਨ ਦੀਆਂ ਚਾਹਵਾਨ ਹਨ ਜਿਸ ਵਿਚ ਨਿਰਮਾਣ, ਮਨੁੱਖੀ ਸਰੋਤ, ਰੀਅਲ ਅਸਟੈਟ ਅਤੇ ਬੁਨਿਆਦੀ ਢਾਂਚਾ ਵਿਕਾਸ, ਸਮਾਰਟ ਸ਼ਹਿਰਾਂ ਦੇ ਪ੍ਰਾਜੈਕਟ ਅਤੇ ਰੇਲਵੇ ਸ਼ਾਮਿਲ ਹਨ।

ਭਾਵੇਂ ਕਿ ਵਧਿਆ ਹੋਇਆ ਵਪਾਰ ਦੁਵੱਲੇ ਸੰਬੰਧਾਂ ਵਿਚ ਤਣਾਅ ਜਾਂ ਵਿਗਾੜ ਨਾ ਆਉਣ ਦੀ ਜ਼ਾਮਨੀ ਨਹੀਂ ਭਰਦੇ, ਜਿਵੇਂ ਕਿ ਚੀਨ ਤੇ ਜਾਪਾਨ ਦੇ ਸੰਬੰਧਾਂ ਤੋਂ ਪ੍ਰਤੱਖ ਹੈ। ਆਰਥਿਕ ਮੁਹਿੰਮ ਝਗੜੇ ਦੀਆਂ ਸੰਭਾਵਨਾਵਾਂ ਨੂੰ ਘੱਟ ਕਰ ਦੇਵੇਗੀ ਅਤੇ ਦੋਵਾਂ ਦੇਸ਼ਾਂ ਦਾ ਧਿਆਨ ਅਸੰਖ ਲਾਭਾਂ 'ਤੇ ਕੇਂਦਰਿਤ ਕਰੀ ਰੱਖੇਗੀ ਜੋ ਗਹਿਰੇ ਹੋ ਰਹੇ ਸੰਬੰਧਾਂ ਤੋਂ ਪ੍ਰਾਪਤ ਹੋਣਗੇ। ਇਸੇ ਕਰਕੇ ਹੀ ਭਾਰਤ ਅਤੇ ਚੀਨ ਦੇ ਬਦਲ ਰਹੇ ਰਿਸ਼ਤਿਆਂ ਨੂੰ ਆਰਥਿਕ ਪਹਿਲਕਦਮੀਆਂ ਅਤੇ ਵੱਖ-ਵੱਖ ਖੇਤਰਾਂ ਵਿਚ ਦੀਰਘਕਾਲੀ ਆਰਥਿਕ ਸਹਿਯੋਗ ਵਧਾਉਣ ਲਈ ਵਰਤਮਾਨ ਕੋਸ਼ਿਸ਼ਾਂ ਨਾਲ ਹੁਲਾਰਾ ਮਿਲੇਗਾ। ਇਸ ਸੰਬੰਧ ਵਿਚ ਹਾਲੀਆ ਫ਼ੈਸਲਿਆਂ ਅਤੇ ਪਹਿਲਕਦਮੀਆਂ ਵਿਚ ਰਣਨੀਤਕ ਆਰਥਿਕ ਵਾਰਤਾਲਾਪ, ਜਿਸ ਦੇ ਸਹਿ ਮੁਖੀ ਭਾਰਤ ਦੇ ਨੀਤੀ ਆਯੋਗ ਦੇ ਉੱਪ-ਚੇਅਰਮੈਨ ਅਤੇ ਚੀਨ ਦੀ ਐੱਨ ਡੀ ਆਰ ਸੀ ਦੇ ਚੇਅਰਮੈਨ ਹੋਣਗੇ, 2015 ਦੇ ਦੂਜੇ ਅੱਧ ਵਿਚ ਭਾਰਤ ਵਿਚ ਕਰਨ ਦੀ ਯੋਜਨਾ ਹੈ; ਅਤੇ ਦੋਵਾਂ ਦੇਸ਼ਾਂ ਦੇ ਵਣਜ ਮੰਤਰਾਲਿਆਂ ਦਰਮਿਆਨ ਪੰਜ ਸਾਲਾ ਵਪਾਰਕ ਅਤੇ ਵਿਕਾਸ ਯੋਜਨਾ ਉਲੀਕਣ ਦੀ ਯੋਜਨਾ ਹੈ।

## ਵਿਕਾਸ ਭਾਈਵਾਲੀ

ਨਜ਼ਦੀਕੀ ਵਿਕਾਸ ਭਾਈਵਾਲੀ ਪਾਉਣਾ ਇਕ ਹੋਰ ਸਾਹਮਣੇ ਆ ਰਹੀ ਵਾਰਤਾ ਹੈ ਜੋ ਦੋਵੇਂ ਏਸ਼ੀਅਨ ਦੇਸ਼ਾਂ ਦਰਮਿਆਨ ਸਹਿਯੋਗ ਦੇ ਨਵੇਂ ਰਸਤੇ ਰੁਸ਼ਨਾਏਗਾ। ਇਸ ਸੰਦਰਭ ਵਿਚ ਮੋਦੀ ਸਰਕਾਰ ਨੇ ਪਿਛਲੀ ਸਰਕਾਰ ਦੁਆਰਾ ਕੀਤੇ ਚੰਗੇ ਕੰਮ ਨੂੰ ਸਫਲਤਾ ਨਾਲ ਅੱਗੇ ਤੋਰਿਆ ਹੈ। ਮਈ ਦੀ ਸਿਖਰ ਮੁਲਾਕਾਤ ਬਹੁਤ ਸਾਰੇ ਅਹਿਮ ਕਦਮਾਂ ਨਾਲ ਸੰਪੂਰਨ ਹੋਈ। ਇਨ੍ਹਾਂ ਵਿਚ ਸ਼ਾਮਿਲ ਸਨ : (1) ਗੁਜਰਾਤ ਅਤੇ ਮਹਾਂਰਾਸ਼ਟਰ ਵਿਚ ਚੀਨ ਵਲੋਂ ਦੋ ਉਦਯੋਗਿਕ ਪਾਰਕ ਸਥਾਪਤ ਕਰਨਾ, (2) ਰੇਲਵੇ ਪ੍ਰਾਜੈਕਟਾਂ ਵਿਚ ਸਹਿਯੋਗ, ਜਿਸ ਵਿਚ ਚੇਨੱਈ-ਬੈਂਗਲੂਰੂ-ਮੈਸੂਰ ਲਾਈਨ ਦੀ ਰਫ਼ਤਾਰ ਵਧਾਉਣਾ, ਦਿੱਲੀ-ਨਾਗਪੁਰ ਉੱਚ ਰਫ਼ਤਾਰ ਰੇਲ ਸੰਪਰਕ ਬਾਰੇ ਖੋਜ ਕਰਨਾ; ਰੇਲਵੇ ਯੂਨੀਵਰਸਿਟੀ ਸਥਾਪਤ ਕਰਨਾ, (3) ਚੀਨ ਦੇ ਗੁਆਂਗਡਾਂਗ ਰਾਜ ਅਤੇ ਗੁਜਰਾਤ ਰਾਜਾਂ ਵਿਚਾਲੇ ਮਿੱਤਰਤਾ ਪੂਰਨ ਸੰਬੰਧ ਸਥਾਪਤ ਕਰਨਾ, ਅਤੇ ਗੁਆਂਗਜ਼ੂ ਸ਼ਹਿਰ ਅਤੇ ਅਹਿਮਦਾਬਾਦ ਵਿਚਾਲੇ ਸੰਬੰਧ ਸਥਾਪਤ ਕਰਨਾ (4) ਭਾਰਤ ਵਿਚ ਗਿਫਟ ਸਿਟੀ ਅਤੇ ਚੀਨ ਦੇ ਸ਼ੈਨਜਨ ਸ਼ਹਿਰਾਂ ਸਮਾਰਟ ਸਿਟੀ ਦਾ ਮੋਹਰੀ ਪ੍ਰਾਜੈਕਟ, (5) ਮੁੰਬਈ ਅਤੇ ਸ਼ੰਘਾਈ, ਅਹਿਮਦਾਬਾਦ ਤੇ ਗੁਆਂਗਜ਼ੂ, ਹੈਦਰਾਬਾਦ-ਕੁਇੰਗਡਾਓ, ਔਰੰਗਾਬਾਦ-ਡਨਹੁਆਂਗ, ਚੇਨੱਈ-ਚੋਂਗਕਿੰਗ ਦਰਮਿਆਨ ਆਪਸੀ ਸੰਬੰਧ ਸਥਾਪਤ ਕਰਨਾ ਅਤੇ ਗੁਜਰਾਤ-ਗੁਆਂਗਡਾਂਗ ਅਤੇ ਕਰਨਾਟਕ-ਸਿਚੁਆਨ ਰਾਜਾਂ ਵਿਚਕਾਰ ਸੰਬੰਧ ਸਥਾਪਤ ਕਰਨੇ।

## ਦੂਰ-ਦ੍ਰਿਸ਼ਟੀ : ਵਿਸ਼ਵੀ ਸਹਿਯੋਗ

ਆਪਣੇ ਸੰਬੰਧਾਂ ਨੂੰ ਵਿਸ਼ਵ ਸੰਦਰਭ ਵਿਚ ਵੇਖਦਿਆਂ ਭਾਰਤ ਅਤੇ ਚੀਨ ਨੇ ਆਪਣੇ ਸਹਿਯੋਗ ਦਾ ਦਾਇਰਾ ਵਧਾਇਆ ਹੈ ਜੋ ਬਹੁਤ ਸਾਰੇ ਵਿਸ਼ਵੀ ਅਤੇ ਅੰਤਰ-ਸੰਬੰਧਿਤ ਮੁੱਦਿਆਂ 'ਤੇ ਆਧਾਰਿਤ ਹੈ। ਇਨ੍ਹਾਂ ਮੁੱਦਿਆਂ ਵਿਚ ਮੌਸਮ ਬਦਲਾਅ, ਅਤਿਵਾਦ ਅਤੇ ਬਹੁ-ਧਿਰੀ ਵਪਾਰ ਵਾਰਤਾ ਸ਼ਾਮਿਲ ਹਨ ਤਾਂ ਕਿ ਅਫ਼ਗਾਨਿਸਤਾਨ ਅਤੇ ਪੱਛਮੀ ਏਸ਼ੀਆ ਦੇ ਸੰਕਟ ਸੰਬੰਧਿਤ ਖੇਤਰੀ ਸਹਿਯੋਗ ਵਿਚ ਵਾਧਾ ਕੀਤਾ ਜਾ ਸਕੇ। ਅਤਿਵਾਦ ਨਾਲ ਲੜਨ ਲਈ ਨਜ਼ਰੀਏ ਦਾ ਵਧਦਾ ਹੋਇਆ ਮਿਲਾਪ ਖ਼ਾਸ ਕਰਕੇ ਮਹੱਤਵਪੂਰਨ ਹੈ ਕਿਉਂਕਿ ਚੀਨ ਅੰਤਰਰਾਸ਼ਟਰੀ ਅਤਿਵਾਦ ਬਾਰੇ ਵਿਆਪਕ ਸੰਮੇਲਨ ਦੇ ਵਾਰਤਾਲਾਪ ਦੇ ਨਤੀਜਿਆਂ 'ਤੇ ਅਮਲ ਕਰਨ ਲਈ ਭਾਰਤ ਦੇ ਸਟੈਂਡ ਦੀ ਹਮਾਇਤ ਕਰ ਰਿਹਾ ਹੈ। ਅਫ਼ਗਾਨਿਸਤਾਨ ਵਿਚ ਸਹਿਯੋਗ, ਜੋ ਮਨਮੋਹਨ ਸਿੰਘ ਸਰਕਾਰ ਵੇਲੇ

*ਸੱਭਿਆਚਾਰਕ ਕੂਟਨੀਤੀ*

*ਦਿਲਾਂ ਅਤੇ ਦਿਮਾਗਾਂ ਨੂੰ ਜੋੜਨਾ ਇਕ ਤਾਜ਼ਗੀ ਭਰੇ ਘਟਨਾਕ੍ਰਮ ਵਿਚ ਸੱਭਿਆਚਾਰਕ ਕੂਟਨੀਤੀ ਅਤੇ ਵਿਅਕਤੀ ਤੋਂ ਵਿਅਕਤੀ ਦੇ ਸੰਬੰਧ ਆਉਣ ਵਾਲੇ ਸਾਲਾਂ ਵਿਚ ਭਾਰਤ-ਚੀਨ ਸੰਬੰਧਾਂ ਵਿਚ ਜ਼ਿਆਦਾ ਡੂੰਘਾਈ ਅਤੇ ਗੂੰਜ ਪ੍ਰਾਪਤ ਕਰਨ ਵੱਲ ਵਧ ਰਹੇ ਹਨ। ਇਸ ਸੰਬੰਧ ਵਿਚ ਪ੍ਰਧਾਨ ਮੰਤਰੀ ਸ੍ਰੀ ਮੋਦੀ ਦੀ ਹਾਲੀਆ ਚੀਨ ਯਾਤਰਾ ਦੌਰਾਨ ਵਿਅਕਤੀ ਤੋਂ ਵਿਅਕਤੀ ਸੰਬੰਧਾਂ ਨੂੰ ਲਗਾਤਾਰ ਵਧ ਰਹੀ ਭਾਰਤ-ਚੀਨ ਭਾਈਵਾਲੀ ਦੇ ਮੂਲ ਵਿਚ ਰੱਖਣ ਦੀ ਕੋਸ਼ਿਸ਼ ਕੀਤੀ ਗਈ ਹੈ। ਸਾਂਝੇ ਤੌਰ ਤੇ ਯੋਗਾ-ਤਾਇ ਚੀ ਪੇਸ਼ਕਾਰੀਆਂ ਦਾ ਹੋਣਾ ਸਾਬਤ ਕਰਦਾ ਹੈ ਕਿ ਜੇ ਸਾਂਝੀਆਂ ਸੱਭਿਆਚਾਰਕ ਤੰਦਾਂ ਨੂੰ ਦੁਵੱਲੇ ਸੰਬੰਧ ਬਣਾਉਣ ਖਾਤਰ ਹੋਰ ਆਜ਼ਾਦੀ ਦਿਤੀ ਜਾਵੇ ਤਾਂ ਭਾਰਤ ਚੀਨ ਸੰਬੰਧ ਬਹੁਤ ਦੂਰ ਤਕ ਜਾ ਸਕਦੇ ਹਨ। 15 ਮਈ ਨੂੰ ਬੀਜਿੰਗ ਦੇ ਸਵਰਗ ਮੰਦਰ ਵਿਚ ਵਾਤਾਵਰਨ ਇਕਦਮ ਬਿਜਲਈ ਸੀ ਜਦੋਂ ਪ੍ਰਧਾਨ ਮੰਤਰੀ ਮੋਦੀ ਅਤੇ ਚੀਨੀ ਪ੍ਰਧਾਨ ਮੰਤਰੀ ਦੀ ਮੌਜੂਦਗੀ ਵਿਚ ਭਾਰਤੀ ਬੱਚਿਆਂ ਨੇ ਤਾਇ-ਚੀ ਅਤੇ ਚੀਨੀ ਬੱਚਿਆਂ ਨੇ ਯੋਗਾ ਦੀ ਪੇਸ਼ਕਾਰੀ ਕੀਤੀ। "ਮੈਂ ਇਸ ਪ੍ਰੋਗਰਾਮ ਲਈ ਪ੍ਰਧਾਨ ਮੰਤਰੀ ਦੀ ਚੋਣ ਦੀ ਕਦਰ ਕਰਦਾ ਹਾਂ ਕਿਉਂਕਿ ਇਹ ਸਵਰਗ ਦਾ ਮੰਦਰ ਹੈ ਅਤੇ ਜੇ ਤੁਸੀਂ ਸਵਰਗ ਪ੍ਰਾਪਤ ਕਰਨਾ ਚਾਹੁੰਦੇ ਹੋ ਤਾਂ ਸਰੀਰ ਅਤੇ ਦਿਮਾਗ ਦਾ ਸੰਤੁਲਨ ਬਿਠਾਉਣਾ ਪਵੇਗਾ। ਯੋਗਾ ਸਰੀਰ ਅਤੇ ਦਿਮਾਗ ਦਾ ਸੰਤੁਲਨ ਪੈਦਾ ਕਰਨ ਦੀ ਇਕ ਕਲਾ ਹੈ। ਅੱਜ ਦੁਨੀਆਂ ਦੇ ਹਰੇਕ ਖਿੱਤੇ ਵਿਚ ਨਿਰਾਸ਼ਾ ਦਾ ਆਲਮ ਹੈ ਅਤੇ ਯੋਗਾ ਇਸ ਸਮੱਸਿਆ ਨਾਲ ਸਿੱਝਣ ਦਾ ਤਰੀਕਾ ਹੈ, "ਸ੍ਰੀ ਮੋਦੀ ਨੇ ਆਖਿਆ। "ਇਹ ਇਕ ਸ਼ਾਨਦਾਰ ਸੰਯੋਗ ਹੈ ਕਿ ਚੀਨੀ ਬੱਚੇ ਯੋਗਾ ਕਰ ਰਹੇ ਹਨ ਜਦ ਕਿ ਭਾਰਤੀ ਬੱਚੇ ਤ੍ਰਿਚੀ ਪੇਸ਼ ਕਰ ਰਹੇ ਹਨ। ਇਹ ਸਾਡੀ ਸੱਭਿਆਚਾਰਕ ਵਿਰਾਸਤ ਨੂੰ ਜੋੜਨ ਦਾ ਇਕ ਸ਼ਾਨਦਾਰ ਮਾਧਿਅਮ ਹੈ। ਸਾਨੂੰ ਇਸ ਨੂੰ ਅੱਗੇ ਤਕ ਲਿਜਾਉਣਾ ਹੋਵੇਗਾ, "ਸ੍ਰੀ ਮੋਦੀ ਨੇ ਕਿਹਾ। ਵਿਭਿੰਨ ਪ੍ਰਕਾਰ ਦੀਆਂ ਪਹਿਲਕਦਮੀਆਂ, ਜਿਵੇਂ ਫੁਦਾਨ ਯੂਨੀਵਰਸਿਟੀ ਵਿਖੇ ਗਾਂਧੀਅਨ ਐਂਡ ਇੰਡੀਅਨ ਸਟੱਡੀਜ਼ ਲਈ ਕੇਂਦਰ ਸਥਾਪਤ ਕਰਨਾ; ਦੁਵੱਲੇ ਸੋਚ ਵਿਚਾਰ ਮੰਚ ਦੀ ਸਥਾਪਨਾ; ਉੱਚ ਪੱਧਰ ਦਾ ਭਾਰਤ-ਚੀਨ ਮੀਡੀਆ ਸਥਾਪਤ ਕਰਨਾ; ਕੁਨਲਮਿੰਗ ਵਿਚ ਯੋਗਾ ਕਾਲਜ ਸਥਾਪਤ ਕਰਨਾ; ਇੰਡੀਅਨ ਕੌਂਸਲ ਫਾਰ ਕਲਚਰਲ ਰਿਲੇਸ਼ਨਜ਼ ਅਤੇ ਯੂਨਾਨ ਨੈਸ਼ਨਲ ਯੂਨੀਵਰਸਿਟੀ ਦਰਮਿਆਨ ਯੋਗਾ ਕਾਰਜ ਦੀ ਸਥਾਪਨਾ ਨੂੰ ਲੈ ਕੇ ਭਾਈਵਾਲੀ ਆਦਿ, ਨਾਲ ਸੱਭਿਆਚਾਰਕ ਸੰਬੰਧਾਂ ਵਿਚ ਨਵੀਂ ਰੂਹ ਫੂਕੀ ਜਾਣੀ ਯਕੀਨੀ ਹੈ।*

*ਭਾਰਤੀ ਤੀਰਥ ਯਾਤਰੀਆਂ ਲਈ ਵੀ ਖ਼ੁਸ਼ੀ ਦੀ ਖ਼ਬਰ ਹੈ ਕਿ ਕੈਲਾਸ਼ ਮਾਨਸਰੋਵਰ ਯਾਤਰਾ ਲਈ ਔਖਾ ਪੈਂਡਾ ਤਹਿ ਕਰਦੇ ਹਨ। ਦੋਵਾਂ ਧਿਰਾਂ ਨੇ ਇਕ ਸਮਝੌਤੇ 'ਤੇ ਦਸਤਖ਼ਤ ਕੀਤੇ ਹਨ ਜਿਸ ਤਹਿਤ ਸਿੱਕਮ ਵਿਚ ਨਾਥੂਲਾ ਦੱਰੇ ਤੋਂ ਸਾਲਾਨਾ ਕੈਲਾਸ਼ ਮਾਨਸਰੋਵਰ ਯਾਤਰਾ ਲਈ ਇਕ ਵਾਧੂ ਰਸਤਾ ਮਿਲ ਜਾਵੇਗਾ ਇਹ ਉੱਤਰਾਖੰਡ ਦੇ ਲਿਪੂਲੇਖ ਦੱਰੇ ਤੋਂ ਇਲਾਵਾ ਹੋਵੇਗਾ। ਨਾਥੂਲਾ ਵਿਚਲੇ ਰਸਤੇ ਰਾਹੀਂ ਬਜ਼ੁਰਗਾਂ ਨੂੰ ਯਾਤਰਾ ਕਰਨੀ ਸੌਖੀ ਹੋ ਜਾਵੇਗੀ ਕਿਉਂਕਿ ਇਸ ਰਸਤੇ ਮੁਸ਼ਕਿਲਾਂ ਅਤੇ ਸਫ਼ਰ ਦਾ ਸਮਾਂ, ਦੋਵੇਂ ਘੱਟ ਹੋ ਜਾਣਗੇ।*

*ਇਕਤਰਫ਼ਾ ਕਾਰਵਾਈ ਜਿਸ ਨਾਲ ਯਕੀਨੀ ਤੌਰ ਤੇ ਸੈਰਸਪਾਟਾ ਅਤੇ ਵਿਅਕਤੀ ਤੋਂ ਵਿਅਕਤੀ ਸੰਬੰਧਾਂ ਨੂੰ ਹੁਲਾਰਾ ਮਿਲੇਗਾ, ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਚੀਨੀ ਯਾਤਰੀਆਂ ਲਈ ਈ-ਵੀਜ਼ਾ ਸਹੂਲਤ ਦਾ ਐਲਾਨ ਕੀਤਾ, ਜਿਸ ਦਾ ਬੀਜਿੰਗ ਦੀ ਪ੍ਰਮੁੱਖ ਸਿਨਹੁਆ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਤਾੜੀਆਂ ਮਾਰ ਕੇ ਸਵਾਗਤ ਕੀਤਾ। ਚੀਨੀ ਵਿਦੇਸ਼ ਮੰਤਰੀ ਵਾਂਗ ਯੀ ਨੇ ਇਸ ਨੂੰ ਇਕ ਤੋਹਫ਼ਾ ਆਖਿਆ। 2015 ਦਾ ਚੀਨ ਵਿਚ ਚੱਲ ਰਿਹਾ 'ਭਾਰਤ ਆਓ' ਅਤੇ 2016 ਵਿਚ 'ਚੀਨ ਆਓ' ਸਾਲ ਨਾਲ ਵਿਅਕਤੀ ਤੋਂ ਵਿਅਕਤੀ ਸੰਵਾਦ ਹੋਰ ਵਧਣ ਦੀ ਆਸ ਕੀਤੀ ਜਾਂਦੀ ਹੈ। ਸਾਂਝੇ ਤੌਰ ਤੇ ਫ਼ਿਲਮ ਨਿਰਮਾਣ ਦੇ ਸਮਝੌਤੇ 'ਤੇ ਸਹੀ ਪਾਉਣਾ ਵੀ ਇਕ ਦੂਜੇ ਪ੍ਰਤਿ ਬਣੀਆਂ ਪ੍ਰਚਲਿਤ ਧਾਰਨਾਵਾਂ ਬਦਲਣ ਵਿਚ ਵੱਡਾ ਮੋੜ ਸਾਬਤ ਹੋ ਸਕਦਾ ਹੈ। ਥ੍ਰੀ ਈਡੀਅਟਸ ਅਤੇ ਪੀ ਕੇ ਜਿਹੀਆਂ ਭਾਰਤੀ ਫ਼ਿਲਮਾਂ ਦੀ ਪ੍ਰਸਿੱਧੀ ਇਸ ਖੇਤਰ ਵਿਚ ਸੰਭਾਵਨਾਵਾਂ ਦਰਸਾਉਂਦੀ ਹੈ। ਪ੍ਰਚਲਿਤ ਸੱਭਿਆਚਾਰ ਦੇ ਉੱਭਰ ਰਹੀਆਂ ਏਸ਼ੀਅਨ ਸ਼ਕਤੀਆਂ ਦਰਮਿਆਨ ਸ਼ਕਤੀਸ਼ਾਲੀ ਯੋਜਕ ਅਤੇ ਪੁਲ ਬਣਨ ਲਈ ਤਿਆਰ ਹੈ ਜੋ ਪਰਿਵਾਰਕ ਕਦਰਾਂ ਕੀਮਤਾਂ ਦੀ ਪ੍ਰਣਾਲੀ, ਪਰਿਵਾਰਕ ਰਵਾਇਤਾਂ ਲਈ ਆਦਰ ਅਤੇ ਸਿੱਖਿਆ ਅਤੇ ਦਿਮਾਗ ਵਿਕਾਸ ਨਾਲ ਜੁੜੇ ਹੋਏ ਹਨ।*

ਸ਼ੁਰੂ ਕੀਤਾ ਗਿਆ, ਨੂੰ ਖੇਤਰ ਅਤੇ ਦੁਨੀਆਂ ਵਿਚ ਨੇੜਿਉਂ ਤੱਕਿਆ ਜਾਵੇਗਾ। ਦੋ ਏਸ਼ਿਆਈ ਸ਼ਕਤੀਆਂ ਬਹੁ-ਧਿਰੀ ਸੰਸਥਾਵਾਂ ਜਿਵੇਂ ਬ੍ਰਿਕਸ, ਸੰਯੁਕਤ ਰਾਸ਼ਟਰ, ਜੀ-20 ਅਤੇ ਐੱਸ ਸੀ ਓ ਵਿਚ ਵੀ ਸਹਿਯੋਗ ਅਤੇ ਤਾਲਮੇਲ ਵਧਾ ਰਹੀਆਂ ਹਨ।

ਸ੍ਰੀ ਮੋਦੀ ਦੇ ਚੀਨ ਦੌਰੇ ਦੌਰਾਨ ਸਹਿਯੋਗ ਅਤੇ ਜਲਵਾਯੂ ਪਰਿਵਰਤਨ ਦਾ ਮੁਕਾਬਲਾ ਕਰਨ ਲਈ ਜਾਰੀ ਇਕ ਵੱਖਰੇ ਬਿਆਨ ਵਿਚ ਦਰਸਾਇਆ ਗਿਆ ਹੈ ਕਿ ਕਿਵੇਂ ਦੋਵੇਂ ਦੇਸ਼ਾਂ ਨੇ ਦੁਵੱਲੇ ਮਤਭੇਦਾਂ ਨੂੰ ਭੁਲਾ ਕੇ ਦਸੰਬਰ 2015 ਵਿਚ ਪੈਰਿਸ ਵਿਚ ਹੋਣ ਵਾਲੇ ਜਲਵਾਯੂ ਪਰਿਵਰਤਨ ਸੰਬੰਧੀ ਸੀ ਓ ਪੀ 21 ਅੰਤਰਰਾਸ਼ਟਰੀ ਸਿਖਰ ਸੰਮੇਲਨ ਲਈ ਵਿਸ਼ਵ ਸਮਝੌਤੇ 'ਤੇ ਪੁੱਜਣ ਲਈ ਕੋਸ਼ਿਸ਼ਾਂ ਤੇਜ਼ ਕਰ ਦਿਤੀਆਂ ਹਨ। ਆਪਸੀ ਸਮਝ ਬਾਰੇ ਦਸਤਾਵੇਜ਼ 'ਤੇ ਦਸਤਖ਼ਤ ਕਰਨ ਸਮੇਂ; ਜੋ ਨਵਿਆਉਣਯੋਗ ਊਰਜਾ ਖੇਤਰ ਬਾਰੇ ਸੀ, ਧਿਆਨ ਦਾ ਮੁੱਖ ਕੇਂਦਰ ਸਥਿਰ ਵਿਕਾਸ ਸੀ। "ਉਨ੍ਹਾਂ ਨੇ ਇਕੱਠੇ ਅਤੇ ਦੂਜੇ ਦੇਸ਼ਾਂ ਨਾਲ ਰਲ ਕੇ ਕੰਮ ਕਰਨ ਦੇ ਮਹੱਤਵ 'ਤੇ ਜ਼ੋਰ ਦਿਤਾ ਤਾਂ ਕਿ ਇਸ ਸਾਲ ਦੇ ਅਖੀਰ ਵਿਚ ਪੈਰਿਸ ਵਿਚ ਹੋਣ ਜਾ ਰਹੇ ਸੀ ਓ ਪੀ 21 ਯੂ ਐੱਨ ਐੱਫ ਸੀ ਸੀ ਸੀ ਵਿਚ ਇਕ ਉਤਸ਼ਾਹੀ, ਵਿਆਪਕ, ਵਿਸ਼ਵਵਿਆਪੀ, ਸੰਤੁਲਿਤ ਅਤੇ ਬਰਾਬਰੀ ਵਾਲੇ ਵਾਤਾਵਰਨ ਸਮਝੌਤੇ 'ਤੇ ਪਹੁੰਚਿਆ ਜਾ ਸਕੇ ਜੋ ਅਸਲ ਤਕਨਾਲੋਜੀ ਤਬਦੀਲੀ, ਅਨੁਕੂਲਣ ਅਤੇ ਘੱਟ ਕਰਨ ਲਈ ਭਿਆਲੀ ਅਤੇ ਇਸ ਸਾਂਝੀ ਵਿਸ਼ਵ ਚੁਣੌਤੀ ਲਈ ਵਿੱਤੀ ਹਮਾਇਤ ਜੁਟਾਉਣ ਲਈ ਵੀ ਪ੍ਰੋਤਸਾਹਿਤ ਕਰੇਗਾ," ਸਾਂਝੇ ਬਿਆਨ ਵਿਚ ਕਿਹਾ ਗਿਆ।

2015-2020 ਦੇ ਪੁਲਾੜ ਸਹਿਯੋਗ ਪ੍ਰੋਗਰਾਮ 'ਤੇ ਦਸਤਖ਼ਤ ਹੋਣ ਨਾਲ ਏਸ਼ੀਆ ਦੇ ਵੱਡੇ ਦੇਸ਼ਾਂ ਦਰਮਿਆਨ ਸਹਿਯੋਗ ਦੀਆਂ ਨਵੀਆਂ ਸੰਭਾਵਨਾਵਾਂ ਦੇ ਦੁਆਰ ਖੁੱਲ੍ਹ ਗਏ ਹਨ। ਇਕ ਖ਼ਾਸ ਘਟਨਾਕ੍ਰਮ ਵਿਚ, ਚੀਨ ਨੇ ਪਹਿਲੀ ਵਾਰ ਭਾਰਤ ਵਲੋਂ ਪ੍ਰਮਾਣੂ ਪੂਰਤੀ ਸਮੂਹ ਵਿਚ ਸ਼ਾਮਿਲ ਹੋਣ ਦੀ ਭਾਰਤ ਦੀ ਇੱਛਾ 'ਤੇ ਗੌਰ ਕੀਤਾ ਹੈ। ਚੀਨ ਨੇ ਭਾਰਤ ਦੀਆਂ ਵਿਸ਼ਵ ਵਿਆਪੀ ਇੱਛਾਵਾਂ ਲਈ ਆਪਣੀ ਹਮਾਇਤ ਨੂੰ ਦੁਹਰਾਇਆ ਹੈ ਪਰ ਇਹ ਹਾਲੇ ਵੀ ਸੁਰੱਖਿਆ ਪਰਿਸ਼ਦ ਵਿਚ ਭਾਰਤ ਦੀ ਸਥਾਈ ਸੀਟ ਦੇ ਦਾਅਵੇ 'ਤੇ ਸਪੱਸ਼ਟ

***ਬਾਕੀ ਸਫ਼ਾ 43 ਉੱਤੇ***

# ਪੂਰਬੀ ਏਸ਼ੀਆਈ ਦੇਸ਼ਾਂ ਨਾਲ ਰਿਸ਼ਤਿਆਂ ਨੂੰ ਨਵੀਂ ਦਿਸ਼ਾ

ਸੁਨੰਦਾ ਦੀਕਸ਼ਿਤ

ਭਾਰਤ ਵਲੋਂ ਆਪਣੇ ਪੂਰਬੀ ਗੁਆਂਢੀ ਦੇਸ਼ਾਂ ਨਾਲ ਰਿਸ਼ਤਿਆਂ ਨੂੰ ਨਵੀਂ ਦਿਸ਼ਾ ਦੇਣਾ ਸੀਤ ਯੁੱਧ ਦੇ ਸਮੇਂ ਤੋਂ ਚਲੀ ਆ ਰਹੀ ਸੋਚ ਦੇ ਖਾਤਮੇ ਦਾ ਇਕ ਮੁੱਖ ਸੰਕੇਤਕ ਸੀ। ਭਾਰਤ ਨੇ ਪੂਰਬ ਵੱਲ ਦੇਖੋ ਦੀ ਨੀਤੀ 1991 ਵਿਚ ਸ਼ੁਰੂ ਕੀਤੀ ਸੀ ਅਤੇ ਇਸ ਨੂੰ ਹਾਲ ਹੀ ਵਿਚ ਦਸ ਮੈਂਬਰੀ ਦੱਖਣ-ਪੂਰਬੀ ਦੇਸ਼ਾਂ ਦੇ ਸੰਘ (ਏਸੀਆਨ) ਅਤੇ ਇਸ ਦੇ ਅੱਠ ਸਮੁੱਚੇ ਵਿਚਾਰ-ਵਟਾਂਦਰੇ ਵਾਲੇ ਸਾਂਝੀਦਾਰ ਦੇਸ਼ਾਂ ਜਾਂ ਦਰਸ਼ਕ ਦੇਸ਼ਾਂ ਨਾਲ ਸੁਰੱਖਿਆ, ਵਪਾਰ, ਆਰਥਿਕ ਅਤੇ ਆਵਾਜਾਈ ਦੇ ਖੇਤਰਾਂ ਵਿਚ ਆਪਣੇ ਤਾਲਮੇਲ ਦੀ ਪਰਿਪੱਕਤਾ ਦੀ ਪ੍ਰਵਾਨਗੀ ਦੇ ਸੂਚਕ ਵਜੋਂ ਏਸ਼ੀਆ ਨਾਲ ਕਾਰ-ਵਿਹਾਰ ਕਰਨ ਦੀ ਨੀਤੀ ਦਾ ਨਾਮ ਦਿਤਾ ਗਿਆ ਹੈ।

ਕੁੱਝ ਦੱਖਣ-ਪੂਰਬੀ ਸੰਘ ਦੇ ਦੇਸ਼ਾਂ ਨਾਲ ਭਾਰਤੀ ਉਪ ਮਹਾਂਦੀਪ ਦੇ ਪੁਰਾਤਨ ਸੰਬੰਧਾਂ ਨੇ ਚੋਲਾ ਹਕੂਮਤ ਦੀ ਸ਼ੁਰੂਆਤ ਨਾਲ ਸਭਿਆਚਾਰਕ ਅਤੇ ਜਨ ਅੰਕੜਿਆਂ ਸੰਬੰਧੀ ਛਾਪ ਛੱਡੀ। ਪਰ ਇਹ ਸਦੀਆਂ ਪੁਰਾਣੇ ਸੰਬੰਧ ਬਸਤੀਵਾਦ ਦੇ ਸ਼ੁਰੂ ਹੋਣ ਨਾਲ ਦੱਖਣ-ਪੂਰਬੀ ਸੰਘ ਦੇ ਸਭ ਦੇਸ਼ਾਂ ਨਾਲ ਗੂੜ੍ਹੇ ਰਾਜਨੀਤਕ ਰਿਸ਼ਤਿਆਂ ਵਿਚ ਤਬਦੀਲ ਨਹੀਂ ਹੋ ਸਕੇ। ਸੀਤ ਯੁੱਧ ਨਾਲ ਦੱਖਣ-ਪੂਰਬੀ ਏਸ਼ੀਆਈ ਦੇਸ਼ਾਂ ਵਿਚ ਮਤਭੇਦ ਹੋਰ ਵੀ ਵਧ ਗਏ। ਅਸਲ ਵਿਚ, ਦੱਖਣ-ਪੂਰਬੀ ਦੇਸ਼ਾਂ ਦਾ ਸੰਘ ਇਕ ਸੀਤ ਯੁੱਧ ਸੰਸਥਾਨ ਦੇ ਤੌਰ ਤੇ ਵੀਅਤਨਾਮ ਅਤੇ ਕਮਿਊਨਿਸਟ ਵਿਚਾਰਧਾਰਾ ਦੇ ਵਧ ਰਹੇ ਅਸਰ ਨੂੰ ਕਾਬੂ ਹੇਠ ਰੱਖਣ ਲਈ ਹੋਇਆ ਸੀ।

1991 ਵਿਚ ਪੂਰਬ ਵੱਲ ਦੇਖੋ ਦੀ ਨੀਤੀ ਦੀ ਸ਼ੁਰੂਆਤ ਨਾਲ ਇਸ ਪਹੁੰਚ ਵਿਚ ਬਦਲਾਅ ਆਉਣਾ ਸ਼ੁਰੂ ਹੋਇਆ। *ਏਸੀਆਨ* ਦੇ ਇਕੋ-ਇਕ ਮੈਂਬਰ ਦੇਸ਼ ਬਰੂਨੀ ਵਿਚ ਜਿਸ ਨਾਲ ਕੂਟਨੀਤਕ ਸੰਬੰਧ ਨਹੀਂ ਸਨ, ਵਿਚ ਡਿਪਲੋਮੈਟਿਕ ਮਿਸ਼ਨ ਸਥਾਪਤ ਕੀਤਾ ਗਿਆ। ਥਾਈਲੈਂਡ ਅਤੇ ਮਲੇਸ਼ੀਆ ਦੇ ਵਿਦੇਸ਼ ਮੰਤਰੀ ਸਭ ਤੋਂ ਪਹਿਲਾਂ ਆਉਣ ਵਾਲਿਆਂ ਵਿਚੋਂ ਸਨ ਜਦ ਕਿ ਵੀਅਤਨਾਮ ਜਿਹੇ ਰਵਾਇਤੀ ਦੋਸਤ ਦੇਸ਼ ਨੂੰ ਵਿਸ਼ਵਾਸ ਦਿਵਾਇਆ ਗਿਆ ਕਿ ਉਸ ਨਾਲ ਦੋਸਤੀ ਵਾਲੇ ਸੰਬੰਧ ਕਾਇਮ ਰਹਿਣਗੇ। ਵਧੇਰੇ ਤਵੱਜੋ ਦੇਣ ਦੇ ਖੇਤਰ ਦਾ ਦੱਖਣ-ਪੂਰਬੀ ਏਸ਼ੀਆ ਤੋਂ ਕੋਰੀਆ ਪ੍ਰਾਇਦੀਪ, ਚੀਨ, ਜਾਪਾਨ ਅਤੇ ਆਸਟਰੇਲੀਆ ਤਕ ਵਿਸਥਾਰ ਕੀਤਾ ਗਿਆ।

*ਏਸੀਆਨ* ਨੇ ਵੀ ਆਪਣੇ ਆਪ ਨੂੰ ਅੰਤਰਰਾਸ਼ਟਰੀ ਹਾਲਾਤ ਅਨੁਸਾਰ ਢਾਲਣਾ ਸ਼ੁਰੂ ਕਰ ਦਿਤਾ। 1967 ਵਿਚ ਪੰਜ ਮੈਂਬਰ ਦੇਸ਼ਾਂ ਥਾਈਲੈਂਡ, ਮਲੇਸ਼ੀਆ, ਸਿੰਗਾਪੁਰ, ਫਿਲੀਪੀਨਜ਼ ਅਤੇ ਇੰਡੋਨੇਸ਼ੀਆ ਨਾਲ ਸ਼ੁਰੂ ਹੋਣ ਤੋਂ ਬਾਅਦ 1984 ਵਿਚ ਬਰੂਨੀ ਛੇਵਾਂ ਦੇਸ਼ ਇਸ ਵਿਚ ਸ਼ਾਮਿਲ ਹੋ ਗਿਆ। ਨੱਬੇ ਦੇ ਦਹਾਕੇ ਦੇ ਅੱਧ ਵਿਚ, *ਏਸੀਆਨ* ਵਿਚ ਚਾਰ ਹੋਰ ਦੇਸ਼ਾਂ ਲਾਓਸ, ਕੰਬੋਡੀਆ, ਵੀਅਤਨਾਮ ਅਤੇ ਮਿਆਂਮਾਰ ਦੇ ਸ਼ਾਮਿਲ ਹੋਣ ਨਾਲ ਇਸ ਨੇ ਅੱਜ ਦੀ 10-ਮੈਂਬਰੀ ਸ਼ਕਲ ਅਖ਼ਤਿਆਰ ਕਰ ਲਈ।

*ਏਸੀਆਨ* ਮੈਂਬਰ ਦੇਸ਼ਾਂ ਦੀ ਗਿਣਤੀ ਦਸ ਹੀ ਰਹੀ ਪਰ ਇਸ ਦੇ ਖੇਤਰੀ ਅਤੇ ਹੋਰਨਾਂ ਦੇਸ਼ਾਂ ਨਾਲ ਗੂੜ੍ਹੇ ਸੰਬੰਧ ਹਨ। ਭਾਰਤ 18 ਮੈਂਬਰੀ ਪੂਰਬੀ ਏਸ਼ੀਆ ਸਿਖਰ ਸੰਮੇਲਨ ਦੇ ਦੇਸ਼ਾਂ ਵਿਚ ਸ਼ਾਮਿਲ ਹੈ ਜਿਸ ਵਿਚ ਏਸੀਆਨ ਦੇ 10 ਮੈਂਬਰ ਦੇਸ਼ ਅਤੇ ਚੀਨ, ਜਾਪਾਨ, ਦੱਖਣੀ ਕੋਰੀਆ, ਨਿਊਜ਼ੀਲੈਂਡ, ਆਸਟਰੇਲੀਆ, ਅਮਰੀਕਾ ਅਤੇ ਰੂਸ ਸ਼ਾਮਿਲ ਹਨ। ਭਾਰਤ 25-ਮੈਂਬਰੀ ਏਸੀਆਨ ਖੇਤਰੀ ਫੋਰਮ ਦਾ ਵੀ ਹਿੱਸਾ ਹੈ। ਭਾਰਤ ਇਸ ਗਰੁੱਪ ਨਾਲ *ਏਸੀਆਨ* ਅਤੇ ਹੋਰ ਦੇਸ਼ਾਂ ਦੇ ਰੱਖਿਆ ਮੰਤਰੀਆਂ ਦੀ ਬੈਠਕ ਵਿਚ ਸੁਰੱਖਿਆ ਅਤੇ ਰੱਖਿਆ ਨਾਲ ਸੰਬੰਧਿਤ ਮੁੱਦਿਆਂ ਬਾਰੇ ਵਿਚਾਰ-ਵਟਾਂਦਰੇ ਕਰਦਾ ਹੈ। ਇਸ ਤੋਂ ਬਾਅਦ ਭਾਰਤ ਏਸੀਆਨ ਨਾਲ ਅਲਗ ਤੋਂ ਸਿਖਰ ਵਾਰਤਾ ਅਤੇ ਆਰਥਿਕ ਮੰਤਰੀਆਂ ਦੀਆਂ ਖੇਤਰੀ ਬੈਠਕਾਂ ਵਿਚ ਵੀ ਸ਼ਾਮਿਲ ਹੁੰਦਾ ਹੈ।

**ਭਾਰਤ ਨੇ *ਏਸੀਆਨ* ਨਾਲ ਆਪਣੇ ਗੂੜ੍ਹੇ ਰਿਸ਼ਤਿਆਂ ਨੂੰ ਵਪਾਰ, ਊਰਜਾ ਅਤੇ ਰੱਖਿਆ ਖੇਤਰਾਂ ਵਿਚਲੇ ਸੰਬੰਧਾਂ ਵਿਚ ਵਾਧੇ ਦੇ ਤੌਰ ਤੇ ਦੇਖਿਆ ਜੋ ਇਸ ਦੇ ਪੂਰਬ ਦੇ ਵੱਧ ਤੋਂ ਵੱਧ ਦੇਸ਼ਾਂ ਨਾਲ ਹੋ ਸਕਣ। ਕਈ ਨਿਰਯਾਤ ਮੁਖੀ ਦੇਸ਼ਾਂ ਅਤੇ ਉਨ੍ਹਾਂ ਦੇ ਅਸਰ ਰਸੂਖ ਵਾਲੇ ਕਾਰਪੋਰੇਟ ਘਰਾਣਿਆਂ ਨੇ ਭਾਰਤ ਨਾਲ ਆਪਣੇ ਰਿਸ਼ਤਿਆਂ ਨੂੰ ਇਕ ਵੱਡੀ ਆਰਥਿਕ ਤੌਰ ਤੇ ਵਧ ਰਹੀ ਮੰਡੀ ਵਿਚ ਵਧੇਰੇ ਮੌਕਿਆਂ ਵਿਚ ਤਬਦੀਲ ਹੋ ਸਕਣ ਦੀ ਸੂਰਤ ਵਿਚ ਦੇਖਿਆ।**

2002 ਵਿਚ ਭਾਰਤ-*ਏਸੀਆਨ* ਸਿਖਰ ਸੰਮੇਲਨਾਂ ਨਾਲ ਏਸੀਆਨ ਨਾਲ ਸੰਬੰਧਾਂ ਵਿਚ ਹੋਰ ਮਜ਼ਬੂਤੀ ਆਈ। ਇਸ ਤੋਂ ਪਹਿਲਾਂ, 1996 ਵਿਚ ਭਾਰਤ ਨਾਲ ਪੂਰੇ ਵਿਚਾਰ-ਵਟਾਂਦਰੇ ਵਾਲੇ ਦੇਸ਼ਾਂ ਨੇ ਆਪਣੀ ਗੱਲਬਾਤ ਵਿਚ ਵਧੇਰੇ ਵਿਸ਼ੇ ਸ਼ਾਮਿਲ ਕੀਤੇ ਸਨ। ਅੱਜ ਇਹ ਸੰਬੰਧ ਬਹੁਤ ਗੂੜ੍ਹੇ ਹੋ ਚੁੱਕੇ ਹਨ। ਭਾਰਤ ਨੇ ਵਿਸ਼ੇਸ਼ ਤੌਰ ਤੇ ਜਕਾਰਤਾ ਵਿਚ *ਏਸੀਆਨ* ਸਕੱਤਰੇਤ ਵਿਚ ਖ਼ਾਸ ਤੌਰ ਤੇ ਗੱਲਬਾਤ ਲਈ ਇਕ ਰਾਜਦੂਤ ਨਿਯੁਕਤ ਕੀਤਾ ਹੋਇਆ ਹੈ।

ਕਈ *ਏਸੀਆਨ* ਪੂਰਬ ਏਸ਼ੀਆ ਦੇ ਦੇਸ਼ਾਂ, ਜਿਨ੍ਹਾਂ ਵਿਚ ਦੱਖਣ ਕੋਰੀਆ, ਜਾਪਾਨ, ਸਿੰਗਾਪੁਰ, ਮਲੇਸ਼ੀਆ ਅਤੇ ਥਾਈਲੈਂਡ ਸ਼ਾਮਿਲ ਹਨ, ਨੇ 2009 ਵਿਚ ਭਾਰਤੀ ਮੰਡੀ ਦੇ ਉਦਾਰੀਕਰਨ ਦਾ ਬਹੁਤ ਛੇਤੀ ਹੁੰਗਾਰਾ ਭਰਿਆ। ਭਾਰਤ ਨੇ ਵਾਰਤਾ ਵਿਚ ਏਸੀਆਨ ਨਾਲ ਮੁਕਤ ਵਪਾਰ ਸਮਝੌਤਾ (ਐਫ ਟੀ ਏ) ਕੀਤਾ। ਅਗਲੇ ਦੋ ਸਾਲਾਂ ਵਿਚ, ਇਹ ਹੌਲੀ-ਹੌਲੀ ਸਾਰੇ ਦੇਸ਼ਾਂ ਨੇ ਲਾਗੂ ਕਰ ਦਿਤਾ। 2014 ਵਿਚ ਭਾਰਤ ਨੇ ਸੇਵਾਵਾਂ ਅਤੇ ਪੂੰਜੀ ਨਿਵੇਸ਼ ਦੇ ਖੇਤਰ ਵਿਚ ਮੁਕਤ ਵਪਾਰ ਸਮਝੌਤਾ ਕੀਤਾ। ਇਹ ਇਸ ਸਾਲ ਬਾਅਦ ਵਿਚ ਲਾਗੂ ਹੋ ਜਾਵੇਗਾ ਅਤੇ ਭਾਰਤ ਨੂੰ ਇਸ ਦੀ ਸੇਵਾ ਖੇਤਰ ਵਿਚ ਮਜ਼ਬੂਤੀ ਕਾਰਨ, ਇਸ ਤੋਂ ਲਾਭ ਮਿਲ ਸਕਦਾ ਹੈ।

**ਭਾਰਤ ਹੁਣ 10 ਮੈਂਬਰੀ ਏਸੀਆਨ ਅਤੇ ਪੰਜ ਹੋਰ ਵਿਚਾਰ-ਵਟਾਂਦਰਾ ਭਾਈਵਾਲਾਂ, ਚੀਨ, ਦੱਖਣੀ ਕੋਰੀਆ, ਜਾਪਾਨ, ਆਸਟਰੇਲੀਆ ਤੇ ਨਿਊਜ਼ੀਲੈਂਡ ਨਾਲ ਖੇਤਰੀ ਵਿਆਪਕ ਆਰਥਿਕ ਭਾਈਵਾਲੀ (ਆਰ ਸੀ ਈ ਪੀ) ਬਾਰੇ ਗੱਲਬਾਤ ਕਰ ਰਿਹਾ ਹੈ। ਭਾਰਤ ਲਈ ਇਹ ਇਕ ਬਹੁਤ ਤਾਂਘ ਮੁਕਤ ਵਪਾਰ ਸਮਝੌਤਾ ਹੈ ਜਿਸ ਵਿਚ ਭਾਰਤ ਲਈ ਬਹੁਤ ਸੰਭਾਵਨਾਵਾਂ ਹਨ ਕਿਉਂਕਿ ਦੁਨੀਆਂ ਦੇ ਕੁੱਲ ਅਰਥਤੰਤਰ ਦਾ ਇਕ ਚੌਥਾਈ ਹਿੱਸਾ ਇਨ੍ਹਾਂ 16 ਦੇਸ਼ਾਂ ਵਿਚ ਹੈ।**

*ਏਸੀਆਨ* ਦਾ ਇਖਲਾਕੀ ਦਬਾਅ ਵੀ ਬਹੁਤ ਹੈ ਜੋ ਇਸ ਦੇ ਇਕ ਮੈਂਬਰ ਦੇਸ਼ ਮਿਆਂਮਾਰ ਵਿਚ ਹੌਲੀ-ਹੌਲੀ ਲੋਕਤੰਤਰ ਦਾ ਅਸਰ ਹੋਣ ਤੋਂ ਸਾਫ਼ ਝਲਕਦਾ ਹੈ। ਚੀਨ ਵੀ ਸੁਰੱਖਿਆ ਦੇ ਮੁੱਦੇ ਉਪਰ ਗੱਲਬਾਤ ਕਰਦਾ ਹੈ ਅਤੇ ਉਸ ਨੇ ਦੱਖਣੀ ਚੀਨ ਸਾਗਰ ਦੀ ਸਦਾਚਾਰ ਨੇਮਾਵਲੀ ਦੇ ਘੋਸ਼ਣਾ ਪੱਤਰ ਉੱਤੇ ਦਸਤਖ਼ਤ ਵੀ ਕੀਤੇ ਹਨ ਜਿਸ ਨਾਲ ਰਾਜਨੀਤਕ-ਫੌਜੀ ਮਾਹੌਲ ਦੀ ਸ਼ੁਰੂਆਤ ਹੋਈ ਹੈ।

ਭਾਰਤ ਨੇ ਦੁਵੱਲੇ ਤੌਰ ਤੇ ਵੀ *ਏਸੀਆਨ* ਦੇਸ਼ਾਂ ਨਾਲ ਆਪਣੇ ਸੰਬੰਧ ਬਣਾ ਕੇ ਰਖੇ ਹੋਏ ਹਨ। ਆਪਸੀ ਵਿਸ਼ਵਾਸ ਵਿਚ ਵਾਧੇ ਨਾਲ ਮਲੇਸ਼ੀਆ, ਇੰਡੋਨੇਸ਼ੀਆ ਅਤੇ ਸਿੰਗਾਪੁਰ ਜਿਹੇ ਦੇਸ਼ਾਂ ਨਾਲ ਸੁਰੱਖਿਆ ਅਤੇ ਰੱਖਿਆ ਦੇ ਮੁੱਦਿਆਂ ਦਾ ਵਿਕਾਸ ਹੋਇਆ ਹੈ ਅਤੇ ਇਸ ਦੇ ਨਾਲ-ਨਾਲ ਵੀਅਤਨਾਮ ਜਿਹੇ ਦੇਸ਼ਾਂ ਨਾਲ ਪੁਰਾਣੀ ਭਾਈਵਾਲੀ ਵਿਚ ਵੀ ਵਾਧਾ ਹੋਇਆ ਹੈ।

ਭਾਰਤ ਨੇ ਆਪਣੇ ਪੂਰਬ ਵੱਲ ਦੇਖੋ ਦੇ ਸ਼ੁਰੂਆਤੀ ਸਾਲਾਂ ਵਿਚ, 1993 ਵਿਚ ਚੀਨ ਨਾਲ ਸਰਹੱਦ 'ਤੇ ਤਣਾਅ ਤੋਂ ਬਚਣ ਲਈ ਸਮਝੌਤਾ ਕੀਤਾ ਅਤੇ ਏਸ਼ੀਆਈ ਕਾਰਪੋਰੇਟ ਖੇਤਰ ਨੂੰ ਭਾਰਤ ਵਿਚ ਪੂੰਜੀ ਨਿਵੇਸ਼ ਦਾ ਖੁੱਲ੍ਹਾ ਸੱਦਾ ਦਿਤਾ। ਪੂੰਜੀ ਨਿਵੇਸ਼ ਖਿੱਚਣ ਵਿਚ ਮਿਲੀ ਕਾਮਯਾਬੀ ਨੇ ਭਾਰਤ ਨੂੰ ਸਮੁੱਚੇ 90ਵਿਆਂ ਵਿਚ ਦੂਸਰੇ ਖੇਤਰੀ ਦੇਸ਼ਾਂ ਨਾਲ ਸੰਬੰਧ ਮਜ਼ਬੂਤ ਕਰਨ ਲਈ ਵੀ ਉਤਸ਼ਾਹਤ ਕੀਤਾ। ਇਹ ਭਾਰਤ ਦੀ ਪੂਰਬ ਵੱਲ ਦੇਖੋ ਦੀ ਨੀਤੀ ਦਾ ਪਹਿਲਾ ਪੜਾਅ ਸੀ।

ਪੂਰਬ ਵੱਲ ਦੇਖੋ ਦੀ ਨੀਤੀ ਦੇ ਦੂਸਰੇ ਪੜਾਅ ਵਿਚ ਕਈ ਅੰਤਰਰਾਸ਼ਟਰੀ ਘਟਨਾਵਾਂ ਘਟੀਆਂ ਜਿਵੇਂ ਕਿ ਸਤੰਬਰ 2001 ਦੇ ਹਮਲੇ ਅਤੇ ਅਫ਼ਗਾਨਿਸਤਾਨ ਵਿਚ ਫਸਾਦਾਂ ਨੇ ਇਕ ਦੂਜੇ ਦਾ ਸੁਰੱਖਿਆ ਦੇ ਖੇਤਰ ਵਿਚ ਬਚੇ ਹੋਏ ਵਿਸ਼ਵਾਸ ਦਾ ਵੀ ਖਾਤਮਾ ਕਰ ਦਿਤਾ। ਇੰਡੋਨੇਸ਼ੀਆ ਅਤੇ ਭਾਰਤ ਨੇ ਮਲਾਕਾ ਦੀ ਖਾੜੀ ਵਿਚ ਆਪਸੀ ਤਾਲਮੇਲ ਨਾਲ ਗਸ਼ਤ ਕੀਤੀ ਜੋ ਕਿ ਸਮੁੰਦਰੀ ਮਾਲ-ਅਸਬਾਬ ਢੋ-ਢੁਆਈ ਦਾ ਇਸ ਸੌੜੇ ਰਸਤੇ ਇਕ ਬੇਸ਼ਕੀਮਤੀ ਸਾਧਨ ਸੀ ਜਿਸ ਦੀ ਕਦੇ ਵੀ ਨਾਕਾਬੰਦੀ ਹੋ ਸਕਦੀ ਸੀ। ਦੋਸਤ ਫੌਜਾਂ ਵਲੋਂ ਮਾਨਵੀ ਅਤੇ ਆਫ਼ਤਾਂ ਤੋਂ ਬਚਾਅ ਦਾ ਮਹੱਤਵ 2004 ਵਿਚ ਆਈ ਸੁਨਾਮੀ ਤੋਂ ਬਾਅਦ ਸਪੱਸ਼ਟ ਤੌਰ ਤੇ ਸਾਹਮਣੇ ਆਇਆ ਜਦੋਂ ਭਾਰਤੀ ਸਮੁੰਦਰੀ ਫੌਜ ਨੇ ਆਪਣੇ ਟਾਪੂਆਂ ਅਤੇ ਸਮੁੰਦਰੀ ਕਿਨਾਰੇ ਵਸੇ ਲੋਕਾਂ ਨੂੰ ਰਾਹਤ ਸਮੇਤ ਇੰਡੋਨੇਸ਼ੀਆ ਅਤੇ ਸ੍ਰੀਲੰਕਾ ਵਿਚ ਵੀ ਰਾਹਤ ਪਹੁੰਚਾਈ। ਹਰ ਦੇਸ਼ ਨੇ ਮਾਨਵੀ ਅਤੇ ਆਫ਼ਤਾਂ ਤੋਂ ਬਚਾਅ ਦੇ ਰਾਹਤ ਕਾਰਜਾਂ ਨੂੰ ਉਤਸ਼ਾਹਤ ਕੀਤਾ ਜਿਸ ਨਾਲ ਉਨ੍ਹਾਂ ਦੀਆਂ ਫੌਜਾਂ ਵਿਚਕਾਰ ਵਧੇਰੇ ਗੱਲਬਾਤ ਹੋਈ। ਜਿਥੇ ਵੀਅਤਨਾਮ ਛੇਤੀ ਹੀ ਚਾਰ ਗਸ਼ਤੀ ਕਿਸ਼ਤੀਆਂ ਹਾਸਲ ਕਰੇਗਾ, ਸਿੰਗਾਪੁਰ ਦੀਆਂ ਫੌਜਾਂ, ਭੂਮੀ ਦੀ ਕਮੀ ਕਾਰਨ ਆਪਣੀ ਡਰਿਲ ਦਾ ਕੁਝ ਭਾਗ ਭਾਰਤ ਵਿਚ ਕਰਨਗੀਆਂ ਅਤੇ ਰੂਸੀ ਸਾਜ਼-ਸਾਮਾਨ ਦੇ ਸੰਬੰਧ ਵਿਚ ਮਲੇਸ਼ੀਆ ਅਤੇ ਇੰਡੋਨੇਸ਼ੀਆ ਨਾਲ ਗੂੜ੍ਹਾ ਤਾਲਮੇਲ ਹੈ। ਭਾਰਤ ਸਮੁੰਦਰੀ ਬੇੜੇ ਦੀਆਂ ਬਾਰ-ਬਾਰ ਦੀਆਂ ਮਸ਼ਕਾਂ ਅਤੇ ਬੰਦਰਗਾਹਾਂ 'ਤੇ ਜਾਣ ਨਾਲ ਉਸ ਦੀ ਸਮੁੰਦਰੀ ਰਸਤਿਆਂ ਦੀ ਸੂਝ-ਬੂਝ ਵਧੀ ਹੈ।

ਭਾਰਤ ਦੇ ਪੂਰਬੀ ਏਸ਼ੀਆਈ ਦੇਸ਼ਾਂ ਨਾਲ ਰਿਸ਼ਤਿਆਂ ਨੂੰ ਵੱਡਾ ਹੁੰਗਾਰਾ 2005 ਦੇ ਭਾਰਤ ਅਮਰੀਕਾ ਸਿਵਲ ਨਿਊਕਲੀਅਰ ਸਮਝੌਤੇ ਨਾਲ ਮਿਲਿਆ। ਇਹ ਆਪਣੀ ਕਿਸਮ ਦਾ ਪਹਿਲਾ ਅਜਿਹਾ ਸਮਝੌਤਾ ਸੀ ਜੋ ਅਮਰੀਕਾ ਨੇ ਪ੍ਰਮਾਣੂ ਹਥਿਆਰਾਂ ਦੀ ਘਟਾਈ ਸੰਧੀ ਉਪਰ ਨਾ ਦਸਤਖ਼ਤ ਕਰਨ ਵਾਲੇ ਦੇਸ਼ ਨਾਲ ਕੀਤਾ ਸੀ। ਅਮਰੀਕਾ ਨਾਲ ਇਸ ਸਮਝੌਤੇ ਨੇ ਭਾਰਤ ਦੀ ਪ੍ਰਮਾਣੂ ਹਥਿਆਰਾਂ ਦੀ ਤਕਨਾਲੋਜੀ ਵਿਚ ਪਸਾਰ ਨਾ ਕਰਨ ਵਾਲੇ ਦੇਸ਼ ਦੇ ਤੌਰ ਤੇ ਪ੍ਰੋੜ੍ਹਤਾ ਕੀਤੀ।

ਹੋਰ ਵੀ ਕਈ ਘਟਨਾਵਾਂ ਘਟੀਆਂ। ਚੀਨ ਵਿਚ ਜਾਪਾਨ ਵਿਰੋਧੀ ਹਿੰਸਕ ਘਟਨਾਵਾਂ ਅਤੇ ਚੀਨ ਵਲੋਂ ਦੱਖਣੀ ਚੀਨ ਸਾਗਰ ਵਿਚ ਧੱਕੇਸ਼ਾਹੀ ਦੀਆਂ ਕਾਰਵਾਈਆਂ ਨੇ ਸੰਬੰਧਿਤ ਦੇਸ਼ਾਂ ਜਿਵੇਂ ਕਿ ਜਾਪਾਨ ਅਤੇ ਦੱਖਣੀ ਕੋਰੀਆ ਨੂੰ ਉਨ੍ਹਾਂ ਦੇ ਪਿਛਵਾੜੇ ਵਿਚ ਵਧੇਰੇ ਫੌਜੀ ਤਾਕਤ ਵਾਲੇ ਦੇਸ਼ ਚੀਨ ਦੀਆਂ ਹਰਕਤਾਂ ਨੂੰ ਕਾਬੂ ਹੇਠ ਰਖਣ ਲਈ ਭਾਰਤ ਨਾਲ ਆਪਣੇ ਗੂੜ੍ਹੇ ਰਿਸ਼ਤੇ ਵਧਾਉਣ ਲਈ ਸੋਚ ਵਿਚ ਤੇਜ਼ੀ ਲਿਆਂਦੀ। ਅਮਰੀਕਾ ਨੇ ਵੀ ਚੀਨ ਦੇ ਵਧ ਰਹੇ ਅਸਰ ਨੂੰ ਦੇਖਦੇ ਹੋਏ, ਏਸ਼ੀਆ ਪ੍ਰਸ਼ਾਂਤ ਸਾਗਰ ਵਿਚ ਆਪਣਾ ਮੂਲ ਆਧਾਰ ਵਧਾਉਣ ਦਾ ਐਲਾਨ ਕਰ ਦਿਤਾ।

ਜਾਪਾਨ, ਦੱਖਣੀ ਕੋਰੀਆ ਅਤੇ ਸਿੰਗਾਪੁਰ ਨੇ ਭਾਰਤ ਨਾਲ ਵੱਖਰੇ-ਵੱਖਰੇ ਵਿਆਪਕ ਆਰਥਿਕ ਤਾਲਮੇਲ ਸਮਝੌਤੇ ਕੀਤੇ। ਖ਼ਾਸ ਤੌਰ ਤੇ ਜਾਪਾਨ ਭਾਰਤ ਦੇ ਬੁਨਿਆਦੀ ਢਾਂਚੇ ਵਿਚ ਵਧੇਰੇ ਨਿਵੇਸ਼ ਕਰਨ ਵਾਲਾ ਦੇਸ਼ ਬਣ ਗਿਆ ਅਤੇ ਉਸ ਨੇ ਇਥੋਂ ਦੇ ਪੂਰਬੀ ਅਤੇ ਪੱਛਮੀ ਮਾਲ ਦੀ ਢੁਆਈ ਲਈ ਵਿਸ਼ੇਸ਼ ਕਾਰੀਡੋਰ ਪ੍ਰਾਜੈਕਟ ਲਈ ਨਿਵੇਸ਼ ਦਾ ਐਲਾਨ ਕੀਤਾ। ਜਦੋਂ ਇਹ ਕਾਰੀਡੋਰ ਪ੍ਰਾਜੈਕਟ ਪੂਰੇ ਹੋ ਗਏ ਤਾਂ ਇਨ੍ਹਾਂ ਨਾਲ ਭਾਰਤੀ ਉਦਯੋਗ ਦੀ ਕਾਰਜ ਕੁਸ਼ਲਤਾ ਵਿਚ ਬਹੁਤ ਵਾਧਾ ਹੋ ਜਾਵੇਗਾ ਅਤੇ ਬੰਦਰਗਾਹਾਂ ਅਤੇ ਉਤਪਾਦਨ ਕੇਂਦਰਾਂ ਵਿਚ ਮਾਲ ਚੁਕਾਈ ਸਮੇਂ ਵਿਚ ਬਹੁਤ ਬਚਤ ਹੋਵੇਗੀ। ਇਨ੍ਹਾਂ ਦੇਸ਼ਾਂ ਨੇ ਭਾਰਤ ਨਾਲ ਉੱਚ ਪੱਧਰੀ ਗੱਲਬਾਤ ਵਿਚ ਬਹੁਤ ਵਾਧਾ ਕੀਤਾ

ਅਤੇ ਵਧੇਰੇ ਅਗਾਂਹਵਧੂ ਰੱਖਿਆ ਅਤੇ ਸੁਰੱਖਿਆ ਦੇ ਖੇਤਰ ਵਿਚ ਸਮਝੌਤੇ ਵੀ ਕੀਤੇ ਅਤੇ ਨਵੀਨ ਰੱਖਿਆ ਸਾਜ਼-ਸਾਮਾਨ ਲਈ ਤਾਲਮੇਲ ਦੀ ਸਮਝਦਾਰੀ ਵੀ ਕੀਤੀ। ਦੂਸਰੇ *ਏਸੀਆਨ* ਦੇਸ਼ਾਂ ਨੇ ਵੀ ਭਾਰਤ ਨਾਲ ਸੁਰੱਖਿਆ ਅਤੇ ਰੱਖਿਆ ਦੀ ਵਿਸ਼ਾ-ਵਸਤੂ ਸੂਚੀ ਵਿਚ ਭਾਰਤ ਨਾਲ ਤਾਲਮੇਲ ਵਿਚ ਵਾਧਾ ਕੀਤਾ। ਭਾਰਤ ਨੇ ਮਲੇਸ਼ੀਆ ਦੀ ਸੁਖੋਈ-30 ਐੱਮ ਕੇ ਐੱਮ ਲੜਾਕੂ ਜਹਾਜ਼ਾਂ ਨੂੰ ਆਪਣੇ ਹਵਾਈ ਬੇੜੇ ਵਿਚ ਸ਼ਾਮਿਲ ਕਰਨ ਵਿਚ ਮਦਦ ਕੀਤੀ ਜੋ ਇਹ ਦੋ ਦਹਾਕਿਆਂ ਤੋਂ ਵੀ ਵੱਧ ਸਮੇਂ ਤੋਂ ਉਡਾ ਰਿਹਾ ਸੀ। ਨਵੀਂ ਦਿੱਲੀ ਅਤੇ ਜਕਾਰਤਾ ਨੇ ਆਪਣੇ ਰੱਖਿਆ ਸਮਝੌਤੇ ਵਿਚ ਰੱਖਿਆ ਸਾਜ਼ ਸਾਮਾਨ ਵਿਚ ਇਕ ਦੂਜੇ ਦੀ ਸਹਾਇਤਾ ਕਰਨ ਦੀ ਮਦ ਸ਼ਾਮਿਲ ਕਰ ਕੇ ਵਿਭਿੰਨਤਾ ਲਿਆਂਦੀ।

ਸਭ ਤੋਂ ਵੱਡੀ ਤਬਦੀਲੀ, ਭਾਰਤ-ਜਾਪਾਨ ਰੱਖਿਆ ਅਤੇ ਸੁਰੱਖਿਆ ਸੰਬੰਧਾਂ ਵਿਚ ਆਈ। ਜਿਉਂ ਹੀ ਜਾਪਾਨ ਨੇ ਆਪਣੇ ਅਮਨਪਸੰਦ ਸੰਵਿਧਾਨ ਵਿਚ ਬਦਲਾਅ ਲਿਆਉਣਾ ਸ਼ੁਰੂ ਕੀਤਾ, ਇਸ ਨੇ ਆਪਣੀ ਲੰਮੇ ਸਮੇਂ ਤੋਂ ਚਲੀ ਆ ਰਹੀ ਰੱਖਿਆ ਸਾਜ਼-ਸਾਮਾਨ ਨਿਰਯਾਤ ਨਾ ਕਰਨ ਦੀ ਨੀਤੀ ਵਿਚ ਇਕ ਅਪਵਾਦ ਕਰਨ ਦਾ ਫ਼ੈਸਲਾ ਕੀਤਾ ਅਤੇ ਭਾਰਤ ਨੂੰ ਆਪਣੇ ਨਵੀਨ ਐਮਫੀਬੀਅਸ ਹਵਾਈ ਜਹਾਜ਼ ਸ਼ਿਨਮਾਯਾ-2 ਵੇਚਣ ਦਾ ਫ਼ੈਸਲਾ ਕੀਤਾ ਜਿਸ ਦੀ ਮਿਲਟਰੀ ਅਤੇ ਸਿਵਲੀਅਨ ਦੋਹਰੀ ਵਰਤੋਂ ਹੋ ਸਕਦੀ ਹੈ। ਭਾਰਤ ਤੋਂ ਇਲਾਵਾ, ਅਸਟਰੇਲੀਆ ਹੀ ਅਜਿਹਾ ਇਕ ਹੋਰ ਦੇਸ਼ ਹੈ ਜਿਸ ਲਈ ਇਸ ਨੇ ਆਪਣੇ ਸਖ਼ਤ ਰੱਖਿਆ ਨਿਰਯਾਤ ਨਿਯਮਾਂ ਵਿਚ ਢਿੱਲ ਦਿਤੀ ਹੈ।

ਰਣਨੀਤੀ ਸਲਾਹ-ਮਸ਼ਵਰੇ ਦਾ ਦਾਇਰਾ ਵੀ ਹੋਰ ਮੋਕਲਾ ਹੋ ਗਿਆ। ਦੱਖਣੀ ਕੋਰੀਆ ਨੇ ਇਕ ਰੱਖਿਆ ਸਮਝੌਤਾ ਅਤੇ ਸਿਵਲ ਨਿਊਕਲੀਅਰ ਸੰਧੀ ਕੀਤੀ ਜਦ ਕਿ ਇਸ ਦੀਆਂ ਸਮੁੰਦਰੀ ਜਹਾਜ਼ ਬਣਾਉਣ ਵਾਲੀਆਂ ਕੰਪਨੀਆਂ ਨੇ ਭਾਰਤੀ ਜਲ ਸੈਨਾ ਦੇ ਨਵੀਨੀਕਰਨ ਲਈ ਸਾਂਝੇ ਉੱਦਮ ਸਥਾਪਤ ਕਰਨ ਵਿਚ ਵੀ ਦਿਲਚਸਪੀ ਦਿਖਾਈ। ਇਹ ਪਹਿਲਾ ਮੌਕਾ ਸੀ ਜਦੋਂ ਭਾਰਤ ਨੇ ਜਾਪਾਨ ਨਾਲ 2+2 ਦੀ ਵਿਧੀ ਅਨੁਸਾਰ, ਜਿਸ ਦਾ ਅਰਥ ਹੈ ਦੋਹਾਂ ਦੇਸ਼ਾਂ ਦੇ ਰੱਖਿਆ ਅਤੇ ਵਿਦੇਸ਼ ਸਕੱਤਰਾਂ ਦੀ ਸਾਂਝੀ ਬੈਠਕ ਲਈ ਗੱਲਬਾਤ ਸ਼ੁਰੂ ਕਰ ਦਿਤੀ। ਜਾਪਾਨ ਭਾਰਤ ਦੀਆਂ 1998 ਦੀਆਂ ਪ੍ਰਮਾਣੂ ਪਰਖਾਂ ਦੇ ਵਿਰੋਧ ਦੇ ਹਾਲਾਤ ਵਿਚੋਂ ਵੀ ਬਾਹਰ ਨਿਕਲ ਆਇਆ ਅਤੇ ਬਾਹਰੀ ਵਿਕਾਸ ਸਹਾਇਤਾ ਸ਼ੁਰੂ ਕਰ ਦਿਤੀ।

**ਜਾਪਾਨ ਅਤੇ ਦੱਖਣੀ ਕੋਰੀਆ ਨਾਲ ਆਪਣਾ ਤਾਲਮੇਲ ਵਧਾ ਕੇ, ਭਾਰਤ ਨੇ *ਏਸੀਆਨ* ਭਾਈਚਾਰੇ ਤੋਂ ਬਾਹਰ ਦੇਖਣਾ ਸ਼ੁਰੂ ਕਰ ਦਿਤਾ। ਚੀਨ ਅਤੇ ਭਾਰਤ ਨੇ ਹਰ ਸਾਲ ਕਈ ਉੱਚ ਪੱਧਰੀਆਂ ਬੈਠਕਾਂ ਕਰਨੀਆਂ ਸ਼ੁਰੂ ਕਰ ਦਿਤੀਆਂ। ਇਨ੍ਹਾਂ ਨਾਲ ਦੋਹਾਂ ਦੇਸ਼ਾਂ ਵਿਚਕਾਰ ਗ਼ੈਰ ਹੱਦਬੰਦੀ ਸੀਮਾ ਉਪਰ ਜਿਸ ਉਪਰ ਦੋਵੇਂ ਦੇਸ਼ ਆਪਣਾ-ਆਪਣਾ ਅਧਿਕਾਰ ਜਮਾਉਂਦੇ ਹਨ, ਗਸ਼ਤੀ ਟੁਕੜੀਆਂ ਵਿਚਕਾਰ ਆਹਮੋ-ਸਾਹਮਣੇ ਦੇ ਟਕਰਾਓ ਤੋਂ ਬਚਣ ਲਈ ਸਮਝੌਤੇ ਹੋਏ। ਦੋਹਾਂ ਦੇਸ਼ਾਂ ਨੇ ਇਨ੍ਹਾਂ ਵਿਚਕਾਰ ਲੰਬੇ ਸਮੇਂ ਤੋਂ ਚਲੇ ਆ ਰਹੇ ਅਵਿਸ਼ਵਾਸ 'ਤੇ ਕਾਬੂ ਪਾ ਲਿਆ ਅਤੇ ਵਪਾਰ ਅਤੇ ਨਿਵੇਸ਼ ਦੇ ਦਰਵਾਜ਼ੇ ਖੋਲ੍ਹ ਦਿਤੇ। ਵੱਡੀ ਪੂੰਜੀ ਵਾਲੀਆਂ ਚੀਨੀ ਕੰਪਨੀਆਂ ਨੇ ਬੁਨਿਆਦੀ ਢਾਂਚੇ ਦੇ ਖੇਤਰ ਵਿਚ ਸਾਜ਼-ਸਾਮਾਨ ਵਿਚ ਨਿਵੇਸ਼ ਦੀ ਪੇਸ਼ਕਸ਼ ਕਰਨੀ ਸ਼ੁਰੂ ਕਰ ਦਿਤੀ ਜਦ ਕਿ ਭਾਰਤੀ ਰੇਲਵੇ ਵਿਚ ਪੂੰਜੀ ਨਿਵੇਸ਼ ਦੀ ਗੱਲਬਾਤ ਅੰਤਿਮ ਦੌਰ ਵਿਚ ਪਹੁੰਚ ਚੁੱਕੀ ਹੈ।**

ਭਾਰਤ ਨੇ ਨਾਲੰਦਾ ਯੂਨੀਵਰਸਿਟੀ ਨੂੰ ਵੀ ਇਕ ਨਵਾਂ ਰੂਪ ਦਿਤਾ ਹੈ ਜੋ ਕਈ ਪੂਰਬੀ ਏਸ਼ੀਆਈ ਦੇਸ਼ਾਂ ਦੀ ਬਿਹਾਰ ਵਿਚ ਰਾਜਗੀਰ ਦੇ ਸਥਾਨ 'ਤੇ ਸਿੱਖਿਆ ਦੀ ਪੁਰਾਤਨ ਸੀਟ ਨੂੰ ਪੁਨਰਜੀਵਤ ਕਰਨ ਦੀ ਸਾਂਝੀ ਕੋਸ਼ਿਸ਼ ਹੈ। ਪਦਮਭੂਸ਼ਨ ਨਾਲ ਸਨਮਾਨਤ ਸਿੰਗਾਪੁਰ ਦੇ ਸਾਬਕ ਵਿਦੇਸ਼ ਮੰਤਰੀ, 60 ਸਾਲਾਂ ਦੇ ਜਾਰਜ ਯੇਓ ਇਸ ਦੇ ਨਵੇਂ ਚਾਂਸਲਰ ਬਣੇ ਹਨ ਜਿਨ੍ਹਾਂ ਨੇ 81-ਸਾਲਾ ਅਮਰਤਿਆ ਸੇਨ ਦਾ ਸਥਾਨ ਲਿਆ ਹੈ।

*ਏਸੀਆਨ* ਦੇਸ਼ਾਂ ਨਾਲ ਆਪਣੇ ਸੰਬੰਧਾਂ ਵਿਚ ਸਥਿਰਤਾ ਲਿਆਉਣ ਤੋਂ ਬਾਅਦ, ਭਾਰਤ ਨੇ ਆਪਣਾ ਧਿਆਨ ਆਸਟਰੇਲੀਆ, ਨਿਊਜ਼ੀਲੈਂਡ ਅਤੇ ਪ੍ਰਸ਼ਾਂਤ ਸਾਗਰ ਦੇ ਟਾਪੂ ਦੇਸ਼ਾਂ ਵੱਲ ਕੀਤਾ। ਆਸਟਰੇਲੀਆ ਅਤੇ ਭਾਰਤ ਨੂੰ ਜੋ ਐੱਨ ਪੀ ਟੀ ਉਪਰ ਦਸਤਖ਼ਤ ਕਰਨ ਵਾਲਾ ਦੇਸ਼ ਹੈ, ਯੂਰੇਨੀਅਮ ਨਾ ਵੇਚਣ ਦੀ ਆਪਣੀ ਨੀਤੀ ਵਿਚ ਬਦਲਾਅ ਕੀਤਾ ਅਤੇ ਭਾਰਤ ਦੀਆਂ ਊਰਜਾ ਲੋੜਾਂ ਖ਼ਾਸ ਤੌਰ ਤੇ ਕੋਲਾ ਅਤੇ ਕੁਦਰਤੀ ਗੈਸ ਦੀਆਂ ਲੋੜਾਂ ਦੀ ਪੂਰਤੀ ਲਈ ਇਕ ਕਿਰਿਆਸ਼ੀਲ ਹਿੱਸੇਦਾਰ ਬਣ ਗਿਆ। ਵੱਡੀ ਗਿਣਤੀ ਵਿਚ ਨਾਗਰਿਕਾਂ ਵਲੋਂ ਆਸਟਰੇਲੀਆ 'ਚ ਵਿਦਿਆਰਥੀਆਂ ਅਤੇ ਕੰਮਕਾਜੀ ਵੀਜ਼ਾ ਉਪਰ ਜਾਣ ਅਤੇ ਉਥੇ ਆਪਣੀ ਪੱਕੀ ਰਹਾਇਸ਼ ਕਰ ਲੈਣ ਨਾਲ ਦੁਵੱਲੇ ਸੰਬੰਧ ਹੋਰ ਮਜ਼ਬੂਤ ਹੋਏ। ਨਿਊਜ਼ੀਲੈਂਡ ਨਾਲ ਵੀ ਨੇੜੇ ਦੇ ਸੰਬੰਧ ਸਥਾਪਤ ਕਰਨ ਵੱਲ ਵਧੇਰੇ ਧਿਆਨ ਦਿਤਾ ਗਿਆ। ਪੂਰਬ ਵੱਲ ਦੇਖੋ ਦੀ ਨੀਤੀ ਦੇ ਵਿਸਤਾਰ ਦੇ ਤੌਰ ਤੇ, 2012 ਤੋਂ ਭਾਰਤ ਨੇ 16 ਦੇਸ਼ਾਂ ਦੇ ਪ੍ਰਸ਼ਾਂਤ ਟਾਪੂ ਫੋਰਮ ਨਾਲ ਨੇੜ ਦੇ ਸੰਬੰਧ ਬਣਾਉਣੇ ਸ਼ੁਰੂ ਕੀਤੇ ਜਿਨ੍ਹਾਂ ਵਿਚ ਫਿਜੀ ਵੀ ਸ਼ਾਮਿਲ ਹੈ ਜਿਥੇ ਭਾਰਤੀ ਨਾਗਰਿਕਾਂ ਦੀ ਵੱਡੀ ਵਸੋਂ ਹੈ।

ਪੂਰਬ ਵੱਲ ਦੇਖੋ ਦੀ ਨੀਤੀ ਦਾ ਦੂਸਰਾ ਪੜਾਅ ਹਾਲ ਹੀ ਵਿਚ ਭਾਰਤ ਵਲੋਂ 1990 ਦੇ ਦਹਾਕੇ ਵਿਚ ਕੀਤੇ ਮੁਢਲੇ ਕੰਮਕਾਜ ਦੀ ਪਕਿਆਈ ਨਾਲ ਪੂਰਾ ਹੋ ਗਿਆ ਹੈ। ਇਸ ਨੀਤੀ ਦੇ ਕਈ ਪਹਿਲੂਆਂ ਨੂੰ ਵਰਤੋਂ ਵਿਚ ਲਿਆਉਣ ਦਾ ਸਮਾਂ ਆ ਜਾਣ ਨਾਲ, ਖ਼ਾਸ ਤੌਰ ਤੇ ਨੇੜਲੇ ਸੰਪਰਕ ਨਾਲ, ਭਾਰਤ ਨੇ ਪੂਰਬ ਵੱਲ ਦੇਖੋ ਦੀ ਨੀਤੀ ਨੂੰ ਪੂਰਬ ਵੱਲ ਕ੍ਰਿਆਸ਼ੀਲਤਾ ਦੀ ਨੀਤੀ ਦਾ ਨਾਮ ਦਿਤਾ ਹੈ।

ਏਸੀਆਨ ਫੋਰਮ ਨਾਲ ਨੇੜਲੇ ਸੰਬੰਧਾਂ ਦੇ ਅਤੇ ਦੁਵੱਲੇ ਰਿਸ਼ਤਿਆਂ ਦੇ ਚਲਦਿਆਂ, ਭਾਰਤ ਦੀ ਪੂਰਬ ਵੱਲ ਦੇਖੋ ਵਿਦੇਸ਼ ਨੀਤੀ *ਬਿਮਸਟਕ ਗਰੁੱਪ* ਜਿਸ ਵਿਚ ਬੰਗਲਾਦੇਸ਼, ਥਾਈਲੈਂਡ, ਸ੍ਰੀਲੰਕਾ, ਮਿਆਂਮਾਰ, ਭੂਟਾਨ ਅਤੇ ਨੇਪਾਲ ਸਮੇਤ ਭਾਰਤ ਸ਼ਾਮਿਲ ਹੈ, ਵੱਲ ਵੀ ਸੁਖਾਵੀਂ ਹੈ।

ਮੁਕਤ ਵਪਾਰ ਅਤੇ ਨੇੜ ਸੰਪਰਕਾਂ ਉਪਰ ਗੱਲਬਾਤ ਤੋਂ ਇਲਾਵਾ, ਏਸੀਆਨ ਅਤੇ ਬਿਮਸਟਕ ਨੇ ਸਮਾਜਿਕ, ਸੁਰੱਖਿਆ ਸੰਬੰਧੀ ਅਤੇ ਮਾਨਵੀ ਮੁੱਦੇ ਵੀ ਉਠਾਏ। ਇਸ ਖੇਤਰ ਵਿਚ ਕਈ ਸਮਾਜਿਕ ਬੁਰਾਈਆਂ ਨੇ ਘੱਟ ਵਿਕਸਤ ਅਤੇ ਨਜ਼ਰਅੰਦਾਜ਼ੀ ਹੋਣ ਕਾਰਨ ਆਪਣੀਆਂ ਜੜ੍ਹਾਂ ਪੱਕੀਆਂ ਕਰ ਲਈਆਂ ਹਨ। ਇਨ੍ਹਾਂ ਦੋਹਾਂ ਫੋਰਮਾਂ

ਵਿਚ ਗ਼ੈਰ-ਕਾਨੂੰਨੀ ਧੰਦਾ, ਜਿਸ ਵਿਚ ਨਸ਼ੀਲੇ ਪਦਾਰਥ, ਔਰਤਾਂ ਅਤੇ ਬੱਚਿਆਂ ਦੀ ਤਸਕਰੀ, ਉਨ੍ਹਾਂ ਦੀ ਖਰੀਦ-ਫਰੋਖ਼ਤ, ਨਸ਼ੀਲੇ ਪਦਾਰਥਾਂ ਦੀ ਕੁਵਰਤੋਂ ਅਤੇ ਅਤਿਵਾਦ ਨੂੰ ਮਾਲੀ ਮਦਦ ਦੇਣਾ ਸ਼ਾਮਿਲ ਹੈ, ਨਾਲ ਨਿਪਟਿਆ ਜਾਂਦਾ ਹੈ।

ਜਦੋਂ ਭਾਰਤ ਚੌਹਾਂ ਪਾਸਿਆਂ ਤੋਂ ਧਰਤੀ ਨਾਲ ਘਿਰੇ ਅਤੇ ਘੱਟ ਵਿਕਸਤ ਉੱਤਰ-ਪੂਰਬੀ ਖੇਤਰ ਨੂੰ ਦੁਨੀਆਂ ਸਾਹਮਣੇ ਲਿਆਉਣ ਵਿਚ ਕਾਮਯਾਬ ਹੋ ਜਾਂਦਾ ਹੈ ਤਾਂ ਇਹ ਮੁੱਦੇ ਹੋਰ ਵੀ ਉੱਭਰ ਕੇ ਸਾਹਮਣੇ ਆਉਣਗੇ। ਇਸ ਦਿਸ਼ਾ ਵਿਚ ਸਭ ਤੋਂ ਪਹਿਲਾ ਕਦਮ ਦੁਵੱਲੇ ਰਿਸ਼ਤਿਆਂ ਵੱਲ ਵਧਣਾ ਹੈ। ਭਾਰਤ ਮੀਜ਼ੋਰਮ ਵਿਚ ਸਾਮਾਨ ਭੇਜਣ ਲਈ ਮਿਆਂਮਾਰ ਦੀ ਸਿੱਤਵੇ ਬੰਦਰਗਾਹ ਦਾ ਇਸਤੇਮਾਲ ਕਰ ਕੇ, ਕਲਾਦਾਨ ਦਰਿਆ ਰਾਹੀਂ ਅਤੇ ਅਗੋਂ ਸੜਕ ਦੇ ਰਸਤੇ ਭੇਜਣਾ ਚਾਹੁੰਦਾ ਹੈ ਜਿਸ ਨਾਲ ਸਿਲੀਗੁੜੀ ਰਾਹੀਂ ਮੌਜੂਦਾ ਰਸਤੇ ਦੇ ਸਫਰ ਵਿਚ ਬਹੁਤ ਕਟੌਤੀ ਹੋਵੇਗੀ ਅਤੇ *ਚਿਕਨ ਨੈਕ* ਦੇ ਭੀੜੇ ਕਾਰੀਡੋਰ ਤੋਂ ਵੀ ਬਚਿਆ ਜਾ ਸਕੇਗਾ।

**ਬੰਗਲਾਦੇਸ਼ ਨਾਲ ਸਮਝਦਾਰੀ ਸਦਕਾ ਆਵਾਜਾਈ ਦੇ ਰਸਤੇ ਜੋ ਜਾਂ ਤਾਂ ਆਜ਼ਾਦੀ ਵੇਲੇ ਤੋਂ ਅਤੇ ਜਾਂ 1960 ਦੇ ਦਹਾਕੇ ਤੋਂ ਬੰਦ ਪਏ ਸਨ, ਖੁੱਲ੍ਹ ਗਏ ਹਨ। ਭਾਰਤੀ ਮਹਾਂਦੀਪ ਤੋਂ ਉੱਤਰ ਪੂਰਬ ਵੱਲ ਆਵਾਜਾਈ ਦਾ ਬਹੁਤ ਸਸਤਾ ਰਸਤਾ ਬੰਗਲਾਦੇਸ਼ ਰਾਹੀਂ ਖੁੱਲ੍ਹਣ ਵਿਚ ਕੁਝ ਹੀ ਸਮਾਂ ਬਾਕੀ ਹੈ। ਭਾਰਤ ਦੀ ਕੋਸ਼ਿਸ਼ ਸਦਕਾ ਬਸਤੀਵਾਦ ਤੋਂ ਪਹਿਲਾਂ ਦੇ ਆਵਾਜਾਈ ਦੇ ਰਸਤੇ ਭਾਰਤ ਰਾਹੀਂ ਖੋਲ੍ਹਣ ਨਾਲ ਚਹੁੰ ਤਰਫੋਂ ਭੂਮੀ ਨਾਲ ਘਿਰੇ ਗੁਆਂਢੀ ਦੇਸ਼ਾਂ ਭੂਟਾਨ ਅਤੇ ਨੇਪਾਲ ਨੂੰ ਲਾਭ ਮਿਲਿਆ ਹੈ ਜਿਨ੍ਹਾਂ ਨੇ ਹੁਣ ਬੰਗਲਾਦੇਸ਼ ਦੀਆਂ ਬੰਦਰਗਾਹਾਂ ਨੂੰ ਇਸਤੇਮਾਲ ਕਰਨਾ ਸ਼ੁਰੂ ਕਰ ਦਿਤਾ ਹੈ। ਦੱਖਣ ਏਸ਼ੀਆ ਖੇਤਰੀ ਸਹਿਯੋਗ ਸੰਗਠਨ ਦੇ ਪੂਰਬੀ ਦੇਸ਼ਾਂ ਜਿਵੇਂ ਕਿ ਭਾਰਤ, ਨੇਪਾਲ, ਭੂਟਾਨ, ਮਿਆਂਮਾਰ ਅਤੇ ਬੰਗਲਾਦੇਸ਼ ਵਿਚਕਾਰ ਹੋਏ ਹਾਲ ਹੀ ਵਿਚ ਮੋਟਰ-ਗੱਡੀ ਸਮਝੌਤੇ ਨਾਲ ਪੂਰਬੀ ਏਸ਼ੀਆਈ ਦੇਸ਼ਾਂ ਵਿਚ ਬੇਰੋਕਟੋਕ ਆਵਾਜਾਈ ਨੂੰ ਉਤਸ਼ਾਹ ਮਿਲੇਗਾ।**

ਭਾਰਤ ਅਤੇ ਪੂਰਬੀ ਏਸ਼ੀਆਈ ਦੇਸ਼ਾਂ ਵਿਚ ਸਮੁੰਦਰੀ ਜੋੜ ਆਵਾਜਾਈ ਦੇ ਮਜ਼ਬੂਤ ਸਾਧਨ ਰਹੇ ਹਨ। ਇਹ ਵਧੇਰੇ ਕਰਕੇ ਭਾਰਤ ਦੀਆਂ ਪੂਰਬੀ ਦੇਸ਼ਾਂ ਦੀਆਂ ਸਰਹੱਦਾਂ ਉਪਰ ਘਣੇ ਜੰਗਲਾਤ ਅਤੇ ਪਹਾੜੀ ਖੇਤਰ ਹੋਣ ਕਾਰਨ ਹੈ। ਥਾਈਲੈਂਡ ਮਿਆਂਮਾਰ ਵਿਚ ਡੂੰਘੇ ਪਾਣੀ ਦੀ ਬੰਦਰਗਾਹ ਵਿਕਸਤ ਕਰ ਰਿਹਾ ਹੈ ਜੋ ਆਰਥਿਕ ਸਰਗਰਮੀ ਵਿਚ ਡੂੰਘੀ ਦਿਲਚਸਪੀ ਲੈ ਰਿਹਾ ਹੈ ਜਿਸ ਨੂੰ ਹੁਣ ਅਮਰੀਕਾ ਦਾ ਵੀ ਸਮਰਥਨ ਪ੍ਰਾਪਤ ਹੈ। ਇਸ ਪ੍ਰਜੈਕਟ ਤਹਿਤ ਭਾਰਤ ਤੋਂ ਇਕ ਸੜਕ, ਬੰਗਲਾਦੇਸ਼ ਵਿਚ ਜੁੜਨ ਨਾਲ ਮਿਆਂਮਾਰ ਰਾਹੀਂ ਥਾਈਲੈਂਡ ਤਕ ਜਾਵੇਗੀ। ਜਦੋਂ ਇਸ ਪ੍ਰਜੈਕਟ 'ਤੇ ਕੰਮ ਮੁਕੰਮਲ ਹੋ ਜਾਵੇਗਾ ਅਤੇ ਪਹੁੰਚ ਉਪਰ ਵੀਜ਼ਾ ਸਕੀਮ ਸ਼ੁਰੂ ਹੋ ਜਾਵੇਗੀ, ਸੈਲਾਨੀਆਂ ਦੀ ਵਧ ਰਹੀ ਗਿਣਤੀ ਨਾਲ ਇਨ੍ਹਾਂ ਦੇਸ਼ਾਂ ਨਾਲ ਜਿਨ੍ਹਾਂ ਵਿਚ ਭਾਰਤ ਨਾਲ ਮਿਲਦੀਆਂ ਜੁਲਦੀਆਂ ਸਭਿਆਚਾਰਕ ਕਦਰਾਂ-ਕੀਮਤਾਂ ਅਤੇ ਰਵਾਇਤਾਂ ਹਨ, ਵਧੇਰੇ ਡੂੰਘੇ ਸੰਬੰਧ ਸਥਾਪਤ ਹੋ ਸਕਣਗੇ।

ਪੂਰਬੀ ਦੇਸ਼ਾਂ ਨਾਲ ਇਕੋ ਜਿਹਾ ਰਹਿਣ-ਸਹਿਣ ਅਤੇ ਸਾਂਝੀ ਜੋੜਮੇਲ ਦੀ ਭਾਸ਼ਾ ਅੰਗਰੇਜ਼ੀ ਹੋਣ ਕਾਰਨ ਤਾਲਮੇਲ ਵਿਚ ਸਹੂਲਤ ਹੈ ਜਿਸ ਨਾਲ ਇਹ ਯਕੀਨੀ ਹੋ ਜਾਂਦਾ ਹੈ ਕਿ ਪੂੰਜੀ ਨਿਵੇਸ਼ ਇਕ ਤਰਫ਼ਾ ਨਹੀਂ ਹੈ। ਬਾਹਰੋਂ ਆਉਣ ਵਾਲੇ ਨਿਵੇਸ਼ ਦੇ ਬਰਾਬਰ ਭਾਰਤੀ ਵਪਾਰਕ ਘਰਾਣੇ ਇਨ੍ਹਾਂ ਦੇਸ਼ਾਂ ਵਿਚ ਪੂੰਜੀ ਨਿਵੇਸ਼ ਕਰਦੇ ਹਨ। ਨਵੀਂ ਸਰਕਾਰ ਨੇ ਹੁਣ ਜਾਪਾਨ ਅਤੇ ਦੱਖਣੀ ਕੋਰੀਆ ਉਪਰ ਵਧੇਰੇ ਧਿਆਨ ਦੇਣ ਦਾ ਫ਼ੈਸਲਾ ਕੀਤਾ ਹੈ। ਇਹ ਦੋਵੇਂ ਦੇਸ਼ ਚੀਨ ਨੂੰ ਛੱਡ ਕੇ ਬਾਕੀ ਦੇਸ਼ਾਂ ਵਿਚ ਨਵਾਂ ਪੂੰਜੀ ਨਿਵੇਸ਼ ਕਰਨ ਦੇ ਚਾਹਵਾਨ ਹਨ। ਚੀਨ ਦੇ ਮੁੱਖ ਕਾਰਜਕਾਰੀ ਅਧਿਕਾਰੀਆਂ ਨੂੰ ਭਾਰਤ ਦਾ ਨਵਾਂ ਵਪਾਰਕ ਦੋਸਤਾਨਾ ਰੁਖ਼ ਰਾਸ ਆਇਆ ਹੈ ਅਤੇ ਉਹ ਪੂੰਜੀ ਨਿਵੇਸ਼ ਦੇ ਮੌਕੇ ਲੱਭ ਰਹੇ ਹਨ। ਆਧੁਨਿਕ ਬੁਨਿਆਦੀ ਢਾਂਚੇ ਦੇ ਵਿਕਾਸ ਵਿਚ ਸ਼ਮੂਲੀਅਤ ਤੋਂ ਇਲਾਵਾ, ਚੀਨ ਨੇ ਪਹਿਲਾਂ ਹੀ ਦੋ ਨਿਵੇਸ਼ ਪਾਰਕਾਂ ਵਿਚ ਪੂੰਜੀ ਲਗਾਉਣ ਦਾ ਭਰੋਸਾ ਦਿਤਾ ਹੈ। ਇਨ੍ਹਾਂ ਦੇਸ਼ਾਂ ਦੀਆਂ ਉੱਘੀਆਂ ਕੰਪਨੀਆਂ ਦੀ ਅੱਖ ਭਾਰਤ ਦੇ ਸਮਾਰਟ ਸਿਟੀ ਅਤੇ ਗਰੀਨ ਊਰਜਾ ਉੱਪਰ ਵੀ ਹੈ।

ਇਸ ਤਰ੍ਹਾਂ, ਪੂਰਬ ਵੱਲ ਦੇਖੋ ਨੀਤੀ ਦਾ ਤੀਸਰਾ ਪੜਾਅ ਹੁਣ ਜਿਸ ਨੂੰ ਪੂਰਬ ਵੱਲ ਕ੍ਰਿਆਸ਼ੀਲਤਾ ਦੀ ਨੀਤੀ ਕਿਹਾ ਜਾਂਦਾ ਹੈ, ਸ਼ੁਰੂ ਹੋਣ ਦੇ ਮੁਹਾਨੇ 'ਤੇ ਹੈ। ਇਸ ਨੀਤੀ ਦੀ ਕਾਮਯਾਬੀ ਭਾਰਤ ਦੀਆਂ ਦੁਨੀਆਂ ਵਿਚ ਹੋਰ ਪਹਿਲਾਂ ਦੇ ਮੁਕਾਬਲੇ ਘੱਟ ਗਤੀਮਾਨ ਰਹੀ ਹੈ ਪਰ ਇਸ ਦੇ ਅਸਰਾਂ ਨੇ ਸਦੀਵੀ ਅਸਰ ਛੱਡਿਆ ਹੈ ਕਿਉਂਕਿ ਭਾਰਤ ਦੇ ਇਨ੍ਹਾਂ ਵਿਚੋਂ ਚੀਨ ਤੋਂ ਇਲਾਵਾ ਕਿਸੇ ਦੇਸ਼ ਨਾਲ ਵੀ ਬਹੁਤੇ ਮਤਭੇਦ ਨਹੀਂ ਹਨ।

**ਭਾਰਤ ਦੀ ਪੂਰਬ ਵੱਲ ਦੇਖੋ ਦੀ ਨੀਤੀ ਵਿਚ ਸਾਵਾਂਪਨ ਵਧੇਰੇ ਕਰਕੇ ਭਾਰਤ ਵਲੋਂ ਏਸੀਆਨ ਤੋਂ ਪਰੇ ਦੇਖਣ ਦੇ ਉਪਰਾਲੇ ਅਤੇ ਸਭ ਦੇਸ਼ਾਂ ਨਾਲ ਗੂੜ੍ਹੇ ਸੰਬੰਧ ਸਥਾਪਤ ਕਰਨ ਦੀ ਕੋਸ਼ਿਸ਼ ਕਾਰਨ ਹੈ। ਇਸ ਨਾਲ ਹਰ ਤਰਫ ਵਧੇਰੇ ਚੰਗੇ ਸੰਬੰਧ ਬਣੇ ਹਨ। ਕੁਝ ਦੇਸ਼ ਭਾਰਤ ਦੀਆਂ ਉੱਚ ਤਕਨਾਲੋਜੀ ਸਾਜ਼ ਸਾਮਾਨ ਅਤੇ ਉੱਚ ਕੋਟੀ ਦੀਆਂ ਉਪਭੋਗਤਾ ਵਸਤਾਂ ਦੀਆਂ ਲੋੜਾਂ ਦੀ ਪੂਰਤੀ ਕਰਦੇ ਹਨ, ਕੁਝ ਹੋਰ ਇਸ ਦੀਆਂ ਊਰਜਾ ਲੋੜਾਂ ਪੂਰਦੇ ਹਨ, ਕੁਝ ਦੇਸ਼ ਭਾਰਤੀ ਵਸਤਾਂ ਲਈ ਮੰਡੀ ਦੇ ਸਥਾਨ ਬਣਦੇ ਹਨ ਅਤੇ ਕਈ ਦੇਸ਼ਾਂ ਦੇ ਸੁਰੱਖਿਆ ਅਤੇ ਰੱਖਿਆ ਦੇ ਤੌਖ਼ਲੇ ਭਾਰਤ ਨਾਲ ਮੇਲ ਖਾਂਦੇ ਹਨ।**

ਸਮੁੱਚੇ ਤੌਰ ਤੇ, ਸੀਤ ਯੁੱਧ ਦੇ ਖਾਤਮੇ ਤੋਂ ਬਾਅਦ ਭਾਰਤ ਨੇ ਆਪਣੇ ਪੂਰਬੀ ਗੁਆਂਢੀਆਂ ਨਾਲ ਸੰਬੰਧ ਇਸ ਤਰ੍ਹਾਂ ਬਣਾਏ ਹਨ, ਜਿਸ ਨਾਲ ਦੋਹਾਂ ਦੀਆਂ ਵੱਖ-ਵੱਖ ਕਿਸਮਾਂ ਦੀਆਂ ਲੋੜਾਂ ਦੀ ਪੂਰਤੀ ਹੁੰਦੀ ਹੈ। ਬਹੁ-ਪੱਖੀ ਵਿਚਾਰ-ਵਟਾਂਦਰਾ ਅਤੇ ਇਕ ਦੂਜੇ ਉੱਪਰ ਨਿਰਭਰਤਾ ਹੁਣ ਉਸ ਹੱਦ ਤਕ ਵਿਕਸਤ ਹੋ ਚੁੱਕੀ ਹੈ ਜਿਸ ਵਿਚ ਭਾਰਤ ਅਤੇ 20 ਹੋਰ ਦੇਸ਼ (ਪ੍ਰਸ਼ਾਂਤ ਸਾਗਰ ਦੀਪ ਦੇਸ਼ਾਂ ਨੂੰ ਛੱਡ ਕੇ) ਸਹਿਯੋਗ ਦੇ ਨਵੇਂ-ਨਵੇਂ ਮੌਕੇ ਲੱਭਣ ਦੀ ਸ਼ੁਰੂਆਤ ਕਰ ਸਕਦੇ ਹਨ।

*(ਲੇਖਿਕਾ ਵਰਿਸ਼ਟ ਪੱਤਰਕਾਰ ਤੇ ਮੀਡੀਆ ਸੰਚਾਰ ਮਾਹਰ ਹੈ।)*

*e-mail :sandeep 4731@gmail.com*

# ਮੋਦੀ ਸਰਕਾਰ ਦਾ ਪਹਿਲਾ ਸਾਲ : ਵਿਦੇਸ਼ੀ ਸੰਬੰਧਾਂ ਦੇ ਰੱਖਿਆ ਰਥਵਾਨ ਵਜੋਂ

ਅਲੋਕ ਬਾਂਸਲ

ਪਿਛਲੇ ਇਕ ਸਾਲ ਵਿਚ ਅੰਤਰਰਾਸ਼ਟਰੀ ਸੰਬੰਧਾਂ ਦੇ ਖੇਤਰ ਵਿਚ ਭਾਰਤ ਨੇ ਨਵੀਆਂ ਬੁਲੰਦੀਆਂ ਹਾਸਲ ਕੀਤੀਆਂ ਹਨ। ਇਸ ਸਮੇਂ ਦੌਰਾਨ ਭਾਵੇਂ ਲਗਭਗ ਸਾਰੇ ਖੇਤਰਾਂ ਵਿਚ ਭਾਰਤ ਦੀ ਕਾਰਗੁਜ਼ਾਰੀ ਵਿਚ ਚੌਤਰਫਾ ਸੁਧਾਰ ਹੋਇਆ ਹੈ, ਪਰ ਇਹ ਆਖਣਾ ਗਲਤ ਨਹੀਂ ਹੋਵੇਗਾ ਕਿ ਸਰਕਾਰ ਦੀ ਸਭ ਤੋਂ ਵੱਡੀ ਸਫਲਤਾ ਅੰਤਰਰਾਸ਼ਟਰੀ ਸੰਬੰਧਾਂ ਦੇ ਖੇਤਰ ਵਿਚ ਰਹੀ ਹੈ।

**ਇਹ ਕਹਿਣਾ ਅਤਿਕਥਨੀ ਨਹੀਂ ਹੋਵੇਗੀ ਕਿ ਐੱਨ ਡੀ ਏ ਸਰਕਾਰ ਦੇ ਇਕ ਸਾਲ ਦੌਰਾਨ ਭਾਰਤ ਦਾ ਕੱਦ ਰਾਸ਼ਟਰਾਂ ਦੇ ਸਮੂਹ ਵਿਚ ਉੱਚਾ ਹੋਇਆ ਹੈ। ਸੁਰੱਖਿਆ ਅਤੇ ਵਿਦੇਸ਼ ਨੀਤੀ ਅੰਤਰ ਸੰਬੰਧਿਤ ਹਨ, ਸਿੱਟੇ ਵਜੋਂ ਕਿਸੇ ਦੇਸ਼ ਦੇ ਸੁਰੱਖਿਆ ਹਿਤ ਇਸ ਦੇ ਅੰਤਰਰਾਸ਼ਟਰੀ ਸੰਬੰਧਾਂ ਦੀ ਦਿਸ਼ਾ ਤੈਅ ਕਰਦੇ ਹਨ। ਰੱਖਿਆ ਤਿਆਰੀ ਸੁਰੱਖਿਆ ਦੇ ਪ੍ਰਮੁੱਖ ਅੰਗਾਂ ਵਿਚੋਂ ਇਕ ਹੈ। ਇਸ ਲੇਖ ਵਿਚ ਉਜਾਗਰ ਕੀਤਾ ਜਾਵੇਗਾ ਕਿ ਐੱਨ ਡੀ ਏ ਸਰਕਾਰ ਦੇ ਅੰਤਰਰਾਸ਼ਟਰੀ ਸੰਬੰਧਾਂ 'ਤੇ ਸੁਰੱਖਿਆ ਹਿਤਾਂ ਦਾ ਕੀ ਪ੍ਰਭਾਵ ਪਿਆ ਹੈ, ਖ਼ਾਸ ਕਰਕੇ ਦੇਸ਼ ਦੀ ਸੁਰੱਖਿਆ ਤਿਆਰੀ ਵਧਾਉਣ ਦੀ ਲੋੜ ਹੈ।**

ਹੋਰ ਮਹੱਤਵਪੂਰਨ ਤੱਥ ਇਹ ਹੈ ਕਿ ਭਾਰਤ ਫੌਜੀ ਸਾਜ਼ੋ-ਸਾਮਾਨ ਦਾ ਸਭ ਤੋਂ ਵੱਡਾ ਆਯਾਤਕ ਹੋਣ ਦੇ ਨਾਤੇ ਰੱਖਿਆ ਖੇਤਰ ਵਿਚ ਸਹਿਯੋਗ ਹੋਰ ਵੀ ਮਹੱਤਵਪੂਰਨ ਹੋ ਜਾਂਦਾ ਹੈ ਕਿਉਂਕਿ ਪਿਛਲੇ ਸਮਿਆਂ ਵਿਚ ਅਸ਼ਾਂਤੀ ਦੇ ਸਮੇਂ ਸਾਨੂੰ ਫੌਜੀ ਸਾਮਾਨ ਦੀ ਪੂਰਤੀ ਵਿਚ ਥੋੜ ਦਾ ਸਾਹਮਣਾ ਕਰਨਾ ਪਿਆ ਅਤੇ ਕਈ ਦੂਜੇ ਸਮਿਆਂ 'ਤੇ ਭਾਰਤ ਸਰਕਾਰ ਤੇ ਇਸ ਦੀਆਂ ਨੀਤੀਆਂ ਬਦਲਣ ਲਈ ਦਬਾਅ ਬਣਾਉਣਾ ਪਿਆ। ਦੂਜੀ ਸਭ ਤੋਂ ਵੱਡੀ ਉਦਾਹਰਣ ਪੋਖਰਾਂ-2 ਤੋਂ ਬਾਅਦ ਭਾਰਤ 'ਤੇ ਲਾਈਆ ਪਾਬੰਦੀਆਂ ਸਨ। ਇਨ੍ਹਾਂ ਰੁਕਾਵਟਾਂ ਨੇ ਵਿਰੋਧੀਆਂ ਦੇ ਮੁਕਾਬਲੇ ਭਾਰਤ ਦੀ ਰੱਖਿਆ ਸ਼ਕਤੀ ਨੂੰ ਖੁੰਢਾ ਕਰ ਦਿਤਾ। ਭਾਰਤ ਦੇ ਸਭ ਤੋਂ ਵੱਡੇ ਫੌਜੀ ਸਾਮਾਨ ਦੇ ਆਯਾਤਕ ਹੋਣ ਦੇ ਚਲਦਿਆਂ ਸਰਕਾਰ ਨੇ ਇਸ ਰੁਤਬੇ ਨੂੰ ਵਿਦੇਸ਼ੀ ਕੰਪਨੀਆਂ ਨੂੰ 'ਮੇਕ ਇਨ ਇੰਡੀਆ' ਵਲ ਆਕਰਸ਼ਿਤ ਕਰਨ ਲਈ ਵਰਤਿਆ। ਕੰਪਨੀਆਂ ਨੂੰ ਵੱਡੇ ਆਰਡਰ ਤੇ ਸਸਤੇ ਮਜ਼ਦੂਰਾਂ ਦਾ ਭਰੋਸਾ ਦੁਆਇਆ ਜਾਵੇਗਾ ਜਦ ਕਿ ਭਾਰਤੀ ਸੁਰੱਖਿਆ ਪ੍ਰਣਾਲੀ ਨੂੰ ਜ਼ਰੂਰੀ ਸਾਜ਼ੋ-ਸਾਮਾਨ ਮਿਲਣਾ ਯਕੀਨੀ ਹੋ ਜਾਵੇਗਾ। ਇਸੇ ਸਮੇਂ, ਇਸ ਯੋਜਨਾ ਵਿਚ ਰੁਜ਼ਗਾਰ ਪੈਦਾ ਕਰਨ ਅਤੇ ਅਥਾਹ ਤਕਨਾਲੋਜੀਆਂ ਭਾਰਤ ਵਿਚ ਲਿਆਉਣ ਦੀ ਸਮਰੱਥਾ ਹੈ। ਪਰ, ਜਿਵੇਂ ਕਿ ਰੱਖਿਆ ਤਕਨਾਲੋਜੀਆਂ ਬਹੁਤ ਸਾਰੇ ਪ੍ਰਤਿਬੰਧਤ ਨਿਜ਼ਾਮਾਂ ਦੇ ਤਹਿਤ ਹੁੰਦੀਆਂ ਹਨ, ਇਹ ਜ਼ਰੂਰੀ ਹੈ ਕਿ ਸਰਕਾਰ ਵਿਦੇਸ਼ੀ ਸਰਕਾਰਾਂ ਨਾਲ ਗੱਲਬਾਤ ਕਰਕੇ ਤਕਨਾਲੋਜੀਆਂ ਭਾਰਤ ਲਿਆਉਣ ਦੇ ਰਸਤੇ ਵਿਚ ਆ ਰਹੀਆਂ ਰੁਕਾਵਟਾਂ ਨੂੰ ਦੂਰ ਕਰੇ।

ਜਿਵੇਂ ਹੀ ਸਰਕਾਰ ਸੱਤਾ ਵਿਚ ਆਈ, ਇਸ ਵਲੋਂ ਗੁਆਂਢੀ ਦੇਸ਼ਾਂ ਨੂੰ ਸਹੁੰ-ਚੁੱਕ ਸਮਾਗਮ ਵਿਚ ਸ਼ਿਰਕਤ ਕਰਨ ਲਈ ਸੱਦਾ ਪੱਤਰ ਦਿਤਾ ਗਿਆ ਅਤੇ ਉਨ੍ਹਾਂ ਨੂੰ ਯਕੀਨ ਦੁਆਉਣ ਦੀ ਕੋਸ਼ਿਸ਼ ਕੀਤੀ ਕਿ ਭਾਰਤ ਦੀਆਂ ਵਿਸ਼ਾਲ ਸੁਰੱਖਿਆ ਸੈਨਾਵਾਂ ਖ਼ਤਰਾ ਨਹੀਂ ਪਰ ਕੁਦਰਤੀ ਆਫ਼ਤਾਂ ਅਤੇ ਦੂਜੇ ਅੰਤਰਰਾਸ਼ਟਰੀ ਸੰਕਟਾਂ ਸਮੇਂ ਉਨ੍ਹਾਂ ਨੂੰ ਮਦਦ ਪਹੁੰਚਾਉਣ ਦਾ ਇਕ ਸਾਧਨ ਹਨ। ਇਸੇ ਅਨੁਸਾਰ, ਜਦੋਂ ਨੇਪਾਲ ਵਿਚ ਤਬਾਹਕੁੰਨ ਭੁਚਾਲ ਆਇਆ ਤਾਂ ਭਾਰਤੀ ਰੱਖਿਆ ਸੈਨਾਵਾਂ ਨੇਪਾਲ ਨੂੰ ਮਦਦ ਪਹੁੰਚਾਉਣ ਵਿਚ ਸਭ ਤੋਂ ਮੋਹਰੀ ਸਨ। ਇਸੇ ਤਰ੍ਹਾਂ ਹੀ, ਗੁਆਂਢੀ ਦੇਸ਼ਾਂ ਦੇ ਨਾਗਰਿਕਾਂ ਨੂੰ ਭਾਰਤੀ ਫੌਜਾਂ ਵਲੋਂ ਇਰਾਕ ਤੇ ਯਮਨ ਦੇ ਝਗੜੇ ਵਾਲੇ ਖੇਤਰਾਂ ਵਿਚੋਂ ਸੁਰੱਖਿਅਤ ਬਾਹਰ ਕੱਢਿਆ ਗਿਆ। ਇਸ ਸਾਲ ਭਾਰਤ ਨੇ ਕਈ ਦੇਸ਼ਾਂ ਨਾਲ ਰਣਨੀਤਕ ਸਾਂਝ ਵੀ ਸਥਾਪਤ ਕੀਤੀ ਅਤੇ ਭਾਰਤੀ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਮੌਜੂਦਾ ਰਣਨੀਤਕ ਸਾਂਝਾਂ ਨੂੰ ਹੋਰ ਮਜ਼ਬੂਤ ਕੀਤਾ।

ਦੱਖਣੀ ਏਸ਼ੀਆ ਤੋਂ ਬਾਹਰ ਪ੍ਰਧਾਨ ਮੰਤਰੀ ਵਲੋਂ ਜਾਪਾਨ ਦੇ ਪਹਿਲੇ ਦੁਵੱਲੇ ਦੌਰੇ ਸਮੇਂ ਉਹ ਭਾਰਤ-ਜਾਪਾਨ ਸੰਬੰਧਾਂ ਨੂੰ 'ਵਿਸ਼ੇਸ਼ ਰਣਨੀਤਕ ਵਿਸ਼ਵੀ ਸਾਂਝ' ਦੇ ਪੱਧਰ ਤਕ ਲੈ ਕੇ ਗਏ ਅਤੇ ਰੱਖਿਆ ਖੇਤਰ ਵਿਚ ਸਹਿਯੋਗ ਅਤੇ ਵਟਾਂਦਰੇ ਦੇ ਦਸਤਾਵੇਜ਼ 'ਤੇ ਸਹੀ ਪਾਈ। ਭਾਰਤ ਅਤੇ ਜਾਪਾਨ ਨੇ ਫੌਜੀ ਸਾਜ਼ੋ-ਸਾਮਾਨ ਭਿਆਲੀ ਨੂੰ ਉਤਸ਼ਾਹਿਤ ਕਰਨ ਅਤੇ ਜਾਪਾਨੀ ਯੂ ਐੱਸ-2 ਐਮਫੀਬੀਅਨ ਜਹਾਜ਼ਾਂ ਦੀ ਵਿਕਰੀ ਦੇ ਤੌਰ ਤਰੀਕਿਆਂ ਬਾਰੇ ਚਰਚਾ ਨੂੰ ਅੱਗੇ ਵਧਾਉਂਦਿਆਂ ਆਪਸੀ ਰੱਖਿਆ ਸਹਿਯੋਗ ਨੂੰ ਮਜ਼ਬੂਤ ਕਰਨ ਦਾ ਵੀ ਫ਼ੈਸਲਾ ਕੀਤਾ। ਸਾਂਝੇ ਬਿਆਨ ਵਿਚ ਦੋਵਾਂ ਦੇਸ਼ਾਂ ਵਲੋਂ ਰੱਖਿਆ ਸਹਿਯੋਗ ਨੂੰ ਇਕ ਨਵਾਂ ਹੁਲਾਰਾ ਅਤੇ ਦਿਸ਼ਾ ਦੇਣ ਵੱਲ ਸੰਕੇਤ ਕੀਤਾ ਗਿਆ ਜਿਸ ਵਿਚ ਰੱਖਿਆ ਤਕਨਾਲੋਜੀ

ਅਤੇ ਸਾਜ਼-ਸਾਮਾਨ ਵਿਚ ਭਿਆਲੀ ਸ਼ਾਮਿਲ ਹੈ। ਦੋਵਾਂ ਦੇਸ਼ਾਂ ਵਲੋਂ ਸ਼ਾਂਤੀ ਸਥਿਰਤਾ ਅਤੇ ਸਮੁੰਦਰੀ ਸੁਰੱਖਿਆ ਲਈ ਆਪਣੇ ਸਾਂਝੇ ਹਿਤਾਂ ਨੂੰ ਵੀ ਮੁੜ ਤੋਂ ਦੁਹਰਾਇਆ ਗਿਆ। ਹੋਰ ਮਹੱਤਵਪੂਰਨ ਗੱਲ ਇਹ ਰਹੀ ਕਿ ਜਾਪਾਨ ਵਲੋਂ ਹਿੰਦੁਸਤਾਨ ਐਰੋਨਾਟਿਕਸ ਲਿਮਿਟਡ (ਐਚ ਏ ਐੱਲ) ਅਤੇ ਪੰਜ ਹੋਰ ਭਾਰਤੀ ਕੰਪਨੀਆਂ ਤੋਂ ਪਾਬੰਦੀ ਹਟਾ ਲਈ ਗਈ ਜੋ 1998 ਦੇ ਪ੍ਰਮਾਣੂ ਧਮਾਕਿਆਂ ਸਮੇਂ ਲਾਈ ਗਈ ਸੀ। ਦੋਵੇਂ ਦੇਸ਼ਾਂ ਨੇ ਨਿਯਮਤ ਦੁਵੱਲੀਆਂ ਸਮੁੰਦਰੀ ਮਸ਼ਕਾਂ ਅਤੇ ਭਾਰਤ-ਅਮਰੀਕਾ ਮਾਲਾਬਾਰ ਲੜੀ ਦੀਆਂ ਸਮੁੰਦਰੀ ਮਸ਼ਕਾਂ ਵਿਚ ਜਾਪਾਨ ਦੀ ਲਗਾਤਾਰ ਸ਼ਮੂਲੀਅਤ ਲਈ ਵੀ ਸਹਿਮਤੀ ਪ੍ਰਗਟ ਕੀਤੀ। ਪ੍ਰਧਾਨ ਮੰਤਰੀ ਮੋਦੀ ਵਲੋਂ ਜਾਪਾਨੀ ਕੰਪਨੀਆਂ ਨੂੰ 'ਮੇਕ ਇਨ ਇੰਡੀਆ' ਤਹਿਤ ਨਿਵੇਸ਼ ਕਰਨ ਦਾ ਸੱਦਾ ਦਿਤਾ ਗਿਆ ਅਤੇ ਉਨ੍ਹਾਂ ਨੂੰ ਹਰੇਕ ਪ੍ਰਕਾਰ ਦੀ ਮਦਦ ਦੇਣ ਦਾ ਯਕੀਨ ਦੁਆਇਆ।

ਉਸ ਦੌਰੇ ਤੋਂ ਲੈ ਕੇ ਪ੍ਰਧਾਨ ਮੰਤਰੀ, ਵਿਦੇਸ਼ ਮੰਤਰੀ, ਰਾਜ ਮੰਤਰੀ ਦਾ ਹਰੇਕ ਵਿਦੇਸ਼ ਦੌਰਾ ਅਤੇ ਵਿਦੇਸ਼ੀ ਖ਼ਾਸ ਮਹਿਮਾਨਾਂ ਦੇ ਭਾਰਤ ਦੌਰਿਆਂ ਦਾ ਨਤੀਜਾ ਰੱਖਿਆ ਸਹਿਯੋਗ ਦੇ ਖੇਤਰ ਵਿਚ ਮਹੱਤਵਪੂਰਨ ਸਮਝੌਤਿਆਂ ਦੇ ਰੂਪ ਵਿਚ ਨਿਕਲਿਆ ਹੈ। ਰੱਖਿਆ ਸਹਿਯੋਗ ਖੇਤਰ ਵਿਚ ਕੁਝ ਪ੍ਰਮੁੱਖ ਘਟਨਾਵਾਂ ਨੂੰ ਆਉਣ ਵਾਲੇ ਪੰਨਿਆਂ ਵਿਚ ਕਲਮਬਧ ਕੀਤਾ ਗਿਆ ਹੈ।

## ਭਾਰਤ-ਅਮਰੀਕਾ ਰੱਖਿਆ ਸਹਿਯੋਗ

ਅਮਰੀਕਾ ਦੁਨੀਆਂ ਦੀ ਮਹਾਂਸ਼ਕਤੀ ਹੈ ਜੋ ਦੁਨੀਆਂ ਦਾ ਇਕ ਤਿਹਾਈ ਖਰਚ ਰੱਖਿਆ 'ਤੇ ਕਰਦਾ ਹੈ। ਤਕਨਾਲੋਜੀ ਸਰਬ-ਸ੍ਰੇਸ਼ਠਤਾ ਨੂੰ ਨਾਲ ਰਲਾ ਦਈਏ ਤਾਂ ਰੱਖਿਆ ਖੇਤਰ ਵਿਚ ਸਹਿਯੋਗ ਲਈ ਇਹ ਸਭ ਤੋਂ ਮਹੱਤਵਪੂਰਨ ਦੇਸ਼ ਬਣ ਜਾਂਦਾ ਹੈ। ਇਸ ਸਾਲ ਦੌਰਾਨ ਭਾਰਤ ਅਤੇ ਅਮਰੀਕਾ ਨੇ ਰੱਖਿਆ ਖੇਤਰ ਵਿਚ ਨੇੜਲੇ ਸਹਿਯੋਗ ਲਈ ਇਕ ਨਵੇਂ ਢਾਂਚੇ ਦੇ ਸਮਝੌਤੇ 'ਤੇ ਦਸਤਖ਼ਤ ਕੀਤੇ ਹਨ। ਇਸ ਸਮਝੌਤੇ ਦਾ ਕੇਂਦਰ ਬਿੰਦੂ 'ਭਾਰਤ ਦੀ ਰੱਖਿਆ ਸਮਰੱਥਾ ਵਧਾਉਣ ਲਈ ਢੁਕਵੇਂ ਕਦਮ ਚੁੱਕਣਾ ਹੈ'। 10 ਸਾਲਾ ਰੱਖਿਆ ਢਾਂਚਾ ਸਮਝੌਤਾ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਦੇ ਜਨਵਰੀ ਦੌਰੇ ਦੌਰਾਨ ਨਵਿਆਇਆ ਗਿਆ ਅਤੇ ਅਮਰੀਕੀ ਰੱਖਿਆ ਸਕੱਤਰ ਐਸ਼ ਕਾਰਟਰ ਦੇ ਭਾਰਤ ਦੌਰੇ ਸਮੇਂ ਇਸ 'ਤੇ ਰਸਮੀ ਤੌਰ ਤੇ ਸਹੀ ਪਾਈ ਗਈ। ਇਸ ਦੌਰੇ ਦੌਰਾਨ ਜੈਵਿਕ ਅਤੇ ਰਸਾਇਣਕ ਹਮਲਿਆਂ ਤੇ ਫੌਜੀਆਂ ਦੇ ਬਚਾਅ ਲਈ ਸੁਰੱਖਿਆ ਕਵਚ ਵਿਕਸਤ ਕਰਨ ਦੇ ਸਮਝੌਤੇ 'ਤੇ ਵੀ ਦਸਤਖ਼ਤ ਕੀਤੇ ਗਏ ਅਤੇ ਇਕ ਦੂਜਾ ਸਮਝੌਤਾ ਜਨਰੇਟਰ ਵਿਕਸਤ ਕਰਨ ਬਾਰੇ ਕੀਤਾ ਗਿਆ। ਇਹ ਪ੍ਰਾਜੈਕਟ ਭਾਰਤੀ ਨੇਤਾਵਾਂ ਨਾਲ ਦੋਹਾਂ ਦੇਸ਼ਾਂ ਵਿਚਾਲੇ ਰੱਖਿਆ ਰਿਸ਼ਤੇ ਵਧਾਉਣ ਲਈ ਹੋਈ ਗੱਲਬਾਤ ਦੌਰਾਨ ਮਨਜ਼ੂਰ ਕੀਤੇ ਗਏ।

**ਰੂਸ ਨੂੰ ਪਿੱਛੇ ਛੱਡਦਿਆਂ ਅਮਰੀਕਾ ਭਾਰਤੀ ਫੌਜ ਲਈ ਹਥਿਆਰ ਸਪਲਾਈ ਕਰਨ ਵਾਲਾ ਸਭ ਤੋਂ ਵੱਡਾ ਪੂਰਤੀਕਾਰ ਬਣ ਗਿਆ ਹੈ। ਇਸ ਵਲੋਂ ਫੌਜੀ ਤਕਨਾਲੋਜੀ ਸਾਂਝੇ ਤੌਰ ਤੇ ਵਿਕਸਤ ਤੇ ਉਤਪਾਦਨ ਕਰਨ ਦੀ ਪੇਸ਼ਕਸ਼ ਕੀਤੀ ਗਈ ਹੈ। ਫੌਜੀਆਂ ਲਈ ਸੁਰੱਖਿਆ ਵਸਤਰ ਅਤੇ ਲੜਾਈ ਲਈ ਅਗਲੀ ਪੀੜ੍ਹੀ ਦੇ ਊਰਜਾ ਸਰੋਤ ਵਿਕਸਤ ਕਰਨ ਦੇ ਦੋਵੇਂ ਸਮਝੌਤਿਆਂ ਲਈ 1 ਮਿਲੀਅਨ ਡਾਲਰ ਦਾ ਵਿੱਤ ਦੋਵਾਂ ਦੇਸ਼ਾਂ ਵਲੋਂ ਬਰਾਬਰ ਮੁਹੱਈਆ ਕਰਵਾਇਆ ਜਾਵੇਗਾ।**

ਰੱਖਿਆ ਸਕੱਤਰ ਬਣਨ ਤੋਂ ਪਹਿਲਾਂ ਐਸ਼ ਕਾਰਟਰ ਵਲੋਂ ਜਾਰੀ ਕੀਤੇ ਦੂਜੇ ਦੋ ਪ੍ਰਾਜੈਕਟ, ਜੋ ਰੱਖਿਆ ਤਕਨਾਲੋਜੀ ਅਤੇ ਵਪਾਰ ਪਹਿਲਕਦਮੀ ਤਹਿਤ ਆਉਂਦੇ ਹਨ, ਰੇਵਨ ਛੋਟੇ ਯੂ ਏ ਵੀ ਅਤੇ ਫੌਜੀ ਯਾਤਰੀ ਜਹਾਜ਼ ਸੀ-130 ਜੇ ਦੇ ਟੋਹੀ ਤੌਰ ਤਰੀਕਿਆਂ ਨਾਲ ਸੰਬੰਧਿਤ ਹਨ। ਭਾਰਤ ਆਪਣੇ ਵਲੋਂ ਵਿਕਸਤ ਕੀਤੇ ਜਾ ਰਹੇ ਜਹਾਜ਼ੀ ਬੇੜੇ ਲਈ ਅਮਰੀਕੀ ਜਹਾਜ਼ ਉਡਾਉਣ ਦੀ ਤਕਨੀਕ ਵੀ ਲੈਣ ਦੀ ਤਾਕ ਵਿਚ ਹੈ ਕਿਉਂਕਿ ਬ੍ਰਤਾਨੀਆ ਤੋਂ ਲਗਭਗ ਤਿੰਨ ਦਹਾਕੇ ਪਹਿਲਾਂ ਲਿਆ ਸਮੁੰਦਰੀ ਜੰਗੀ ਬੇੜਾ ਪੁਰਾਣਾ ਹੋ ਗਿਆ ਹੈ। ਦੋਵਾਂ ਧਿਰਾਂ ਨੇ ਸਹਿਯੋਗ ਦੀ ਤਲਾਸ਼ ਵਿਚ ਇਕ ਸਾਂਝਾ ਕਾਰਜ ਦਲ ਸਥਾਪਤ ਕੀਤਾ ਹੈ ਜਿਸ ਦੀ ਮੁਲਾਕਾਤ ਅਮਰੀਕਾ ਵਿਚ ਹੋਵੇਗੀ। ਪ੍ਰਧਾਨ ਮੰਤਰੀ ਮੋਦੀ ਨੇ ਆਸ ਪ੍ਰਗਟਾਈ ਹੈ ਕਿ ਅਮਰੀਕੀ ਕੰਪਨੀਆਂ, ਜਿਨ੍ਹਾਂ ਵਿਚ ਰੱਖਿਆ ਨਿਰਮਾਣ ਵੀ ਸ਼ਾਮਿਲ ਹੈ, ਖੁੱਲ੍ਹੇ ਦਿਲ ਨਾਲ ਭਾਰਤ ਦੀ 'ਮੇਕ ਇਨ ਇੰਡੀਆ' ਪਹਿਲਕਦਮੀ ਵਿਚ ਸ਼ਾਮਿਲ ਹੋਣਗੀਆਂ ਅਤੇ ਭਾਰਤ ਅੰਦਰ ਨਿਰਮਾਣ ਇਕਾਈਆਂ ਸਥਾਪਤ ਕਰਨਗੀਆਂ ਜਿਸ ਨਾਲ ਵਿਸ਼ਵ ਪੂਰਤੀ ਲੜੀ ਨੂੰ ਤਕਨਾਲੋਜੀ ਤਬਦੀਲ ਕੀਤੀ ਜਾ ਸਕੇਗੀ।

## ਭਾਰਤ-ਫ਼ਰਾਂਸ ਰੱਖਿਆ ਸਹਿਯੋਗ ਤੇ ਰਾਫੈਲ ਸਮਝੌਤਾ

ਰੱਖਿਆ ਦੇ ਮੱਦੇਨਜ਼ਰ ਪ੍ਰਧਾਨ ਮੰਤਰੀ ਮੋਦੀ ਦੀਆਂ ਮਹੱਤਵਪੂਰਨ ਯਾਤਰਾਵਾਂ ਵਿਚੋਂ ਇਕ ਫ਼ਰਾਂਸ ਦਾ ਦੌਰਾ ਸੀ। ਭਾਰਤ ਅਤੇ ਫ਼ਰਾਂਸ ਨੇ ਬਹੁਤ ਸਾਰੇ ਸਮਝੌਤਿਆਂ 'ਤੇ ਦਸਤਖ਼ਤ ਕੀਤੇ ਜਿਨ੍ਹਾਂ ਦਾ ਰੱਖਿਆ ਅਤੇ ਸੁਰੱਖਿਆ ਖੇਤਰਾਂ 'ਤੇ ਪ੍ਰਭਾਵ ਪਵੇਗਾ। ਇਨ੍ਹਾਂ ਵਿਚ ਮਹਾਂਰਾਸ਼ਟਰ ਦੇ ਜੈਤਾਪੁਰ ਦਾ ਰੁਕਿਆ ਹੋਇਆ ਪ੍ਰਮਾਣੂ ਪ੍ਰਾਜੈਕਟ ਵੀ ਸ਼ਾਮਿਲ ਹੈ। ਇਸ ਬਾਰੇ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਫਰਾਂਸ ਦੇ ਰਾਸ਼ਟਰਪਤੀ ਫਰਾਂਸਿਸ ਹਾਲੈਂਡੇ ਨਾਲ ਲੰਮੀ ਚੌੜੀ ਗੱਲਬਾਤੀ ਕੀਤੀ। ਲਾਰਸਨ ਐਂਡ ਟੂਬਰੋ ਅਤੇ ਅਰੇਵਾ ਵਿਚਾਲੇ ਆਪਸੀ ਸਮਝੌਤੇ ਦੇ ਦਸਤਾਵੇਜ਼ 'ਤੇ ਦਸਤਖ਼ਤ ਕੀਤੇ ਗਏ ਜਿਸ ਦਾ ਮਕਸਦ ਸਥਾਨੀਕਰਨ ਨੂੰ ਵਧਾ ਕੇ ਕੀਮਤਾਂ ਘੱਟ ਕਰਨਾ ਹੈ ਤਾਂ ਕਿ ਜੈਤਾਪੁਰ ਪ੍ਰਾਜੈਕਟ ਦੀ ਵਿੱਤੀ ਵਿਹਾਰਕਤਾ ਵਿਚ ਸੁਧਾਰ ਕੀਤਾ ਜਾ ਸਕੇ। ਇਸ ਸਮਝੌਤੇ ਨਾਲ ਭਾਰਤ ਅੰਦਰ ਤਕਨਾਲੋਜੀ ਦੀ ਤਬਦੀਲੀ ਅਤੇ ਦੇਸੀ ਪ੍ਰਮਾਣੂ ਊਰਜਾ ਉਦਯੋਗ ਵਿਕਸਤ ਕਰਨ ਵਿਚ ਮਦਦ ਮਿਲੇਗੀ। ਐੱਨ ਪੀ ਸੀ ਆਈ ਐੱਲ ਅਤੇ ਅਰੇਵਾ ਵਿਚਾਲੇ ਪ੍ਰੀ-ਇੰਜੀਨੀਅਰਿੰਗ ਸਮਝੌਤੇ 'ਤੇ ਦਸਤਖ਼ਤ ਕੀਤੇ ਗਏ ਜਿਸ ਦਾ ਉਦੇਸ਼ ਪਲਾਂਟ ਦੇ ਤਕਨੀਕੀ ਪੱਖਾਂ ਬਾਰੇ ਸਪੱਸ਼ਟਤਾ ਲਿਆਉਣਾ ਹੈ ਤਾਂ ਕਿ ਸਾਰੀਆਂ ਧਿਰਾਂ (ਅਰੇਵਾ, ਐਲਸਟੋਮ ਅਤੇ ਐੱਨ ਪੀ ਸੀ ਆਈ ਐੱਲ) ਆਪਣੀਆਂ ਲਾਗਤਾਂ ਤੈਅ ਕਰ ਸਕਣ ਅਤੇ ਇਸ ਪੜਾਅ 'ਤੇ ਪ੍ਰਾਜੈਕਟ ਦੀ ਲਾਗਤ ਵਿਚ ਜੋਖ਼ਮ ਦੀਆਂ ਮਦਾਂ ਨੂੰ ਸ਼ਾਮਿਲ ਕਰ ਸਕਣ। ਭਾਵੇਂ ਕਿ ਇਹ ਸਮਝੌਤੇ ਸਿਵਲੀਅਨ ਪ੍ਰਮਾਣੂ ਊਰਜਾ ਨਾਲ ਸੰਬੰਧਿਤ ਹਨ, ਪਰ ਜੋ ਤਕਨਾਲੋਜੀਆਂ ਤਬਦੀਲ ਕੀਤੀਆਂ ਜਾ ਰਹੀਆਂ ਹਨ, ਉਨ੍ਹਾਂ ਦੀ ਰੱਖਿਆ ਖੇਤਰ ਵਿਚ ਬਹੁਤ ਵੱਡੀ ਵਰਤੋਂ ਕੀਤੀ ਜਾ ਸਕਦੀ ਹੈ ਅਤੇ ਇਸ ਨਾਲ ਪ੍ਰਧਾਨ ਮੰਤਰੀ ਮੋਦੀ ਦੀ 'ਮੇਕ ਇਨ ਇੰਡੀਆ' ਮੁਹਿੰਮ ਨੂੰ ਹੁੰਗਾਰਾ

ਮਿਲੇਗਾ।

ਦੋਵਾਂ ਨੇਤਾਵਾਂ ਨੇ ਪੁਲਾੜ ਦੇ ਖੇਤਰ ਵਿਚ ਸਹਿਯੋਗ ਬਾਰੇ ਵੀ ਵਿਆਪਕ ਗੱਲਬਾਤ ਕੀਤੀ। ਭਾਰਤੀ ਪੁਲਾੜ ਖੋਜ ਸੰਸਥਾਨ (ਇਸਰੋ) ਅਤੇ ਪੁਲਾੜ ਖੋਜ ਲਈ ਫਰਾਂਸੀਸੀ ਰਾਸ਼ਟਰੀ ਕੇਂਦਰ (ਸੀ ਐੱਨ ਈ ਐੱਸ) ਵਿਚਾਲੇ ਆਪਸੀ ਸਮਝੌਤੇ 'ਤੇ ਦਸਤਖ਼ਤ ਕੀਤੇ ਗਏ। ਇਸ ਤਹਿਤ ਇੰਡੋ-ਫ੍ਰੈਂਚ ਮੇਗਾ ਟ੍ਰਾਪਿਕਸ ਸੈਟੇਲਾਈਟ ਤੋਂ ਦੋ ਹੋਰ ਸਾਲਾਂ ਲਈ ਅੰਕੜੇ ਪ੍ਰਾਪਤ ਕੀਤੇ ਜਾਣਗੇ। ਇਹ ਉਪਗ੍ਰਹਿ 2011 ਵਿਚ ਭਾਰਤੀ ਲਾਂਚ ਵਹੀਕਲ ਪੀ ਐੱਸ ਐੱਲ ਵੀ ਤੋਂ ਪੁਲਾੜ ਵਿਚ ਭੇਜਿਆ ਗਿਆ ਸੀ। ਇਕ ਹੋਰ ਮਹੱਤਵਪੂਰਨ ਸਮਝੌਤਾ ਦੋਵਾਂ ਪੁਲਾੜੀ ਸੰਗਠਨਾਂ ਵਿਚਾਲੇ ਉਪਗ੍ਰਹਿ ਦੂਰੋਂ ਟੋਹ ਲਾਉਣ ਵਾਲੇ, ਉਪਗ੍ਰਹਿ ਸੰਚਾਰ ਅਤੇ ਉਪਗ੍ਰਹਿ ਪੁਲਾੜਾ ਵਿਗਿਆਨ ਦੇ ਖੇਤਰਾਂ ਵਿਚ ਆਪਸੀ ਸਹਿਯੋਗ ਲਈ ਕਲਮਬਧ ਕੀਤਾ ਗਿਆ।

ਪਰ, ਸਭ ਤੋਂ ਅਹਿਮ ਰੱਖਿਆ ਸਮਝੌਤਾ ਉਦੋਂ ਕਲਮਬਧ ਹੋਇਆ ਜਦੋਂ ਫ਼ਰਾਂਸ ਨੇ ਜਲਦ ਤੋਂ ਜਲਦ ਅਤੇ ਉੱਡਣ ਦੀ ਹਾਲਤ ਵਿਚ 36 ਰਾਫੈਲ ਲੜਾਕੂ ਜਹਾਜ਼ ਦੇਣ ਨੂੰ ਮਨਜ਼ੂਰੀ ਦੇ ਦਿਤੀ। ਇਹ ਸਮਝੌਤਾ ਸਰਕਾਰ ਤੋਂ ਸਰਕਾਰ ਦੇ ਪੱਧਰ 'ਤੇ ਹੋਇਆ। ਭਾਰਤੀ ਹਵਾਈ ਫੌਜ ਨੇ ਲੰਮਾ ਸਮਾਂ ਪਹਿਲਾਂ ਆਪਣੀ ਲੋੜ ਲਈ 126 ਬਹੁ-ਮੰਤਵੀ ਰਾਫੈਲ ਲੜਾਕੇ ਜਹਾਜ਼ਾਂ ਦੀ ਚੋਣ ਕੀਤੀ ਸੀ। ਇਨ੍ਹਾਂ ਵਿਚੋਂ ਜ਼ਿਆਦਾਤਰ ਦਾ ਨਿਰਮਾਣ ਐੱਚ ਏ ਐੱਲ ਬੰਗਲੌਰ ਵਿਖੇ, ਪਹਿਲੇ 18 ਜਹਾਜ਼ ਆਯਾਤ ਕਰਨ ਉਪਰੰਤ ਕੀਤਾ ਜਾਣਾ ਸੀ। ਪਰ ਇਹ ਸਮਝੌਤਾ ਖਟਾਈ ਵਿਚ ਪੈ ਗਿਆ ਕਿਉਂਕਿ ਫ਼ਰਾਂਸੀਸੀ ਕੰਪਨੀ *ਹਾਲ* ਤੋਂ ਸੰਤੁਸ਼ਟ ਨਹੀਂ ਸੀ ਅਤੇ *ਹਾਲ* ਵਲੋਂ ਬਣਾਏ ਜਾਣ ਵਾਲੇ ਜਹਾਜ਼ਾਂ ਦੀ ਜ਼ਾਮਨੀ ਲੈਣ ਲਈ ਤਿਆਰ ਨਹੀਂ ਸੀ। ਇਸ ਖੜੋਤ ਨੇ ਸਮਝੌਤਾ ਸਿਰੇ ਚੜ੍ਹਨ ਵਿਚ ਰੁਕਾਵਟ ਪਾਈ। ਇਸ ਸਮੇਂ ਭਾਰਤੀ ਹਵਾਈ ਫੌਜ ਨੂੰ ਘਾਟ ਮਹਿਸੂਸ ਹੋਣ ਲੱਗੀ ਕਿਉਂਕਿ ਇਸ ਦੀ ਲੜਨ ਦੀ ਸਮਰੱਥਾ ਨੂੰ ਖੋਰਾ ਲੱਗ ਰਿਹਾ ਸੀ। ਇਸ ਸਮਝੌਤੇ ਤਹਿਤ 36 ਜਹਾਜ਼ ਭਾਰਤੀ ਹਵਾਈ ਫੌਜ ਦੇ ਮਾਪਦੰਡਾਂ ਅਤੇ ਮਨਜ਼ੂਰੀ ਤਹਿਤ ਸਪਲਾਈ ਕੀਤੇ ਜਾਣਗੇ। ਇਨ੍ਹਾਂ ਦੀ ਮੁਰੰਮਤ ਲਈ ਫ਼ਰਾਂਸ ਵਲੋਂ ਲੰਮੇ ਸਮੇਂ ਲਈ ਜ਼ਿੰਮੇਵਾਰੀ ਚੁੱਕੀ ਜਾਵੇਗੀ ਜੋ ਭਾਰਤੀ ਹਵਾਈ ਫੌਜ ਦੀਆਂ ਸੰਚਾਲਨ ਲੋੜਾਂ ਦੇ ਮੁਤਾਬਕ ਹੋਵੇਗੀ। ਬਾਅਦ ਵਿਚ ਸਰਕਾਰ ਬਾਕੀ ਬਚਦੇ ਜਹਾਜ਼ਾਂ ਲਈ ਫ਼ੈਸਲਾ ਲੈ ਸਕੇਗੀ ਅਤੇ ਸੰਭਾਲ ਦੇ ਤੌਰ ਤੇ ਅਗਾਊਂ ਸ਼ਰਤ ਤਹਿਤ 'ਮੇਕ ਇੰਨ ਇੰਡੀਆ' ਤਹਿਤ ਵਿਸ਼ਵ ਵਿਕਰੇਤਾਵਾਂ ਨੂੰ ਪੇਸ਼ ਕੀਤੇ ਜਾ ਸਕਣਗੇ।

## ਭਾਰਤ-ਰੂਸ ਰੱਖਿਆ ਸਹਿਯੋਗ

ਪਿਛਲੇ ਪੰਜ ਦਹਾਕਿਆਂ ਵਿਚ ਸੋਵੀਅਤ ਸੰਘ ਅਤੇ ਇਸ ਦੇ ਟੁੱਟਣ ਬਾਅਦ ਰੂਸ ਭਾਰਤ ਨੂੰ ਫੌਜੀ ਸਾਜ਼-ਸਾਮਾਨ ਸਪਲਾਈ ਕਰਨ ਵਾਲਾ ਪ੍ਰਮੁੱਖ ਸਰੋਤ ਰਿਹਾ ਹੈ। ਨਤੀਜਤਨ, ਰੂਸ ਨਾਲ ਭਾਰਤ ਦਾ ਰੱਖਿਆ ਸਹਿਯੋਗ ਹਮੇਸ਼ਾ ਪ੍ਰਮੁੱਖਤਾ ਵਾਲਾ ਰਿਹਾ ਹੈ, ਕਿਉਂਕਿ ਇਸ ਨੇ ਸਮੇਂ ਅਤੇ ਬਿਪਤਾ ਦੇ ਕਈ ਇਮਤਿਹਾਨਾਂ ਨੂੰ ਝੱਲਿਆ ਹੈ। ਰਾਸ਼ਟਰਪਤੀ ਪੂਤਿਨ ਨੇ 11 ਦਸੰਬਰ 2014 ਨੂੰ ਸਾਲਾਨਾ ਸਿਖਰ ਸੰਮੇਲਨ ਵਾਸਤੇ ਨਵੀਂ ਦਿੱਲੀ ਦਾ ਦੌਰਾ ਕੀਤਾ ਜੋ ਪ੍ਰਧਾਨ ਮੰਤਰੀ ਮੋਦੀ ਵਲੋਂ ਅਹੁਦਾ ਸੰਭਾਲਣ ਤੋਂ ਬਾਅਦ ਪਹਿਲਾ ਸੀ। ਸਿਖਰ ਸੰਮੇਲਨ ਵਿਚ ਪ੍ਰਧਾਨ ਮੰਤਰੀ ਨੇ ਰੂਸ ਦੇ ਬਣੇ ਜਹਾਜ਼ੀ ਬੇੜੇ ਆਈ ਐੱਨ ਐੱਸ ਵਿਕਰਮਾਦਿਤਿਆ ਦਾ ਜ਼ਿਕਰ ਵਧਦੀ ਹੋਈ ਫੌਜੀ ਸਾਂਝ ਦੀ ਮਿਸਾਲ ਵਜੋਂ ਕੀਤਾ ਅਤੇ ਕਿਹਾ ਕਿ ''ਭਾਵੇਂ ਭਾਰਤ ਲਈ ਵਿਕਲਪ ਵਧ ਗਏ ਹਨ ਪਰ ਰੂਸ ਭਾਰਤ ਦਾ ਸਭ ਤੋਂ ਵੱਡਾ ਰੱਖਿਆ ਭਾਗੀਦਾਰ ਬਣਿਆ ਰਹੇਗਾ।'' ਜੋ ਲੰਮੇ ਸਮੇਂ ਦੇ ਰੱਖਿਆ ਸੰਬੰਧਾਂ ਵੱਲ ਇਸ਼ਾਰਾ ਸੀ।

ਦੋਵੇਂ ਧਿਰਾਂ ਨੇ ਮਿਲ ਮੀ-17 ਅਤੇ ਕਾਮੋਵ ਕਾ-226 ਹੈਲੀਕਾਪਟਰਾਂ ਦੇ ਰੂਸੀ ਤਕਨਾਲੋਜੀ ਨਾਲ, ਮੇਕ ਇਨ ਇੰਡੀਆ ਤਹਿਤ ਸਾਂਝੇ ਉਤਪਾਦਨ ਲਈ ਸਹਿਮਤੀ ਪ੍ਰਗਟ ਕੀਤੀ ਅਤੇ ਲੰਮੇ ਸਮੇਂ ਤੋਂ ਲਟਕਦੇ ਆ ਰਹੇ ਪ੍ਰਮੁੱਖ ਪ੍ਰਾਜੈਕਟਾਂ, ਜਿਵੇਂ ਹਲਕੇ ਆਵਾਜਾਈ ਜਹਾਜ਼ ਨੂੰ ਸਾਂਝੇ ਤੌਰ ਤੇ ਵਿਕਸਤ ਅਤੇ ਉਤਪਾਦਨ ਨੂੰ ਵੀ ਅੱਗੇ ਵਧਾਉਣ ਦਾ ਫ਼ੈਸਲਾ ਕੀਤਾ। ਇਸੇ ਤਰ੍ਹਾਂ ਹੀ ਪੰਜਵੀਂ ਪੀੜ੍ਹੀ ਦੇ ਸਾਂਝੇ ਲੜਾਕੂ ਮੰਚ ਬਾਰੇ ਵੀ ਗੱਲਬਾਤ ਕੀਤੀ ਗਈ ਜੋ *ਸੁਖੋਈ* ਅਤੇ *ਹਾਲ* ਵਲੋਂ ਸਾਂਝੇ ਤੌਰ ਤੇ ਵਿਕਸਤ ਕੀਤਾ ਜਾਵੇਗਾ। ਅੰਤਮ ਡਿਜ਼ਾਈਨ ਠੇਕੇ 'ਤੇ ਜਲਦੀ ਦਸਤਖ਼ਤ ਕੀਤੇ ਜਾਣ ਦੀ ਉਮੀਦ ਹੈ। ਰੂਸ ਨੇ ਅਕੂਲਾ ਵਰਗ ਦੀ ਇਕ ਹੋਰ ਪ੍ਰਮਾਣੂ ਪਣਡੁੱਬੀ ਭਾਰਤ ਨੂੰ ਲੀਜ਼ 'ਤੇ ਦੇਣ ਦਾ ਫ਼ੈਸਲਾ ਕੀਤਾ ਜੋ ਪਹਿਲਾਂ ਤੋਂ ਕੰਮ ਕਰ ਰਹੇ ਆਈ ਐੱਨ ਐੱਸ ਚੱਕਰਾਂ ਤੋਂ ਇਲਾਵਾ ਹੋਵੇਗੀ।

**ਰੱਖਿਆ ਖੇਤਰ ਵਿਚ ਰੂਸ-ਪਾਕਿਸਤਾਨ ਭਿਆਲੀ ਦੀਆਂ ਹਾਲੀਆ ਖ਼ਬਰਾਂ ਖ਼ਾਸ ਕਰਕੇ ਮੀ-35 ਲੜਾਕੂ ਹੈਲੀ-ਕਾਪਟਰਾਂ ਦੀ ਪਾਕਿਸਤਾਨ ਨੂੰ ਵਿਕਰੀ ਦੀ ਸੰਭਾਵਨਾ ਨੇ ਭਾਰਤ ਵਿਚ ਕੁਝ ਸ਼ੰਕੇ ਖੜ੍ਹੇ ਕਰ ਦਿਤੇ ਸਨ। ਪਰ ਇਨ੍ਹਾਂ ਸ਼ੰਕਿਆਂ ਨੂੰ ਦੂਰ ਕਰਦਿਆਂ ਭਾਰਤ ਵਿਚ ਰੂਸੀ ਸਫ਼ੀਰ ਨੇ ਆਖਿਆ ਕਿ ਭਾਰਤ ਦੀ ਸੁਰੱਖਿਆ ਲਈ ਰੂਸ ਹਾਨੀਕਾਰਕ ਕੋਈ ਕੰਮ ਨਹੀਂ ਕਰੇਗਾ। ਬਾਅਦ ਵਿਚ ਪੂਤਿਨ ਨੇ ਆਪ ਵੀ ਭਾਰਤ ਦੀ ਖ਼ਬਰ ਏਜੰਸੀ ਪੀ ਟੀ ਆਈ ਨਾਲ ਇਕ ਮੁਲਾਕਾਤ ਵਿਚ ਆਖਿਆ ਕਿ 'ਰੂਸ-ਪਾਕਿਸਤਾਨ ਸੰਬੰਧ' ਭਾਰਤ ਦੇ ਲੰਮੇ ਸਮੇਂ ਦੇ ਹਿੱਤ ਵਿਚ ਹਨ।**

## ਭਾਰਤ-ਆਸਟ੍ਰੇਲੀਆ ਰੱਖਿਆ ਸਹਿਯੋਗ

ਸਾਲ ਦੌਰਾਨ ਭਾਰਤ ਤੇ ਆਸਟ੍ਰੇਲੀਆ ਨੇ ਦੁਵੱਲੇ ਰੱਖਿਆ ਸਹਿਯੋਗ ਲਈ ਇਕ ਢਾਂਚਾ ਸਥਾਪਤ ਕੀਤਾ। ਉਨ੍ਹਾਂ ਵਲੋਂ ਬਾਕੀ ਚੁਨੌਤੀਆਂ ਤੋਂ ਇਲਾਵਾ ਖੇਤਰੀ ਸ਼ਾਂਤੀ ਅਤੇ ਅਤਿਵਾਦ ਦੇ ਟਾਕਰੇ ਲਈ ਰੱਖਿਆ ਸਾਂਝ ਵਿਚ ਵਾਧਾ ਕਰਨ ਦਾ ਫ਼ੈਸਲਾ ਕੀਤਾ ਗਿਆ। ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਅਤੇ ਉਨ੍ਹਾਂ ਦੇ ਹਮਰੁਤਬਾ ਆਸਟ੍ਰੇਲੀਅਨ ਪ੍ਰਧਾਨ ਮੰਤਰੀ ਟੋਨੀ ਐਬਟ ਨੇ ਵਾਰਤਾਲਾਪ ਕੀਤੀ ਅਤੇ ਸੁਰੱਖਿਆ ਸਹਿਯੋਗ ਲਈ ਇਕ ਢਾਂਚਾ ਸਥਾਪਤ ਕਰਨ 'ਤੇ ਸਹਿਮਤੀ ਪ੍ਰਗਟ ਕੀਤੀ ਜੋ ਦੋਵਾਂ ਦੇਸ਼ਾਂ ਵਿਚਾਲੇ ਵਧ ਰਹੇ ਅਤੇ ਗਹਿਰੇ ਹੋ ਰਹੇ ਸੁਰੱਖਿਆ ਅਤੇ ਰੱਖਿਆ ਗੱਲਬਾਤ ਦਾ ਲਖਾਇਕ ਹੋਵੇਗਾ। ਉਨ੍ਹਾਂ ਨੇ ਭਾਰਤ ਅਤੇ ਆਸਟ੍ਰੇਲੀਆ ਦੇ ਆਪਸੀ ਹਿੱਤਾਂ ਦੇ ਖੇਤਰ ਵਿਚ ਸਹਿਯੋਗ ਅਤੇ ਸਲਾਹਕਾਰੀ ਨੂੰ ਵਧਾਉਣ ਲਈ ਢਾਂਚਾ ਤਿਆਰ ਕੀਤਾ। ਇਸ ਸਹਿਯੋਗ ਦਾ ਮੁੱਖ ਕੇਂਦਰ ਬਿੰਦੂ ਸਮੁੰਦਰੀ ਸੁਰੱਖਿਆ ਹੋਵੇਗਾ, ਜਿਵੇਂ ਕਿ ਪ੍ਰਧਾਨ ਮੰਤਰੀ ਵਲੋਂ ਆਸਟ੍ਰੇਲੀਅਨ ਸੰਸਦ ਨੂੰ ਆਪਣੇ ਸੰਬੋਧਨ ਵਿਚ ਦੁਹਰਾਇਆ ਗਿਆ, ''ਸਾਨੂੰ ਸਮੁੰਦਰੀ ਸੁਰੱਖਿਆ ਬਣਾਈ ਰੱਖਣ ਲਈ ਹੋਰ ਸਾਂਝ ਭਿਆਲੀ ਕਰਨੀ ਚਾਹੀਦੀ ਹੈ। ਸਾਨੂੰ ਸਮੁੰਦਰਾਂ ਬਾਰੇ ਇਕ ਹੋ ਕੇ ਕੰਮ ਕਰਨਾ ਚਾਹੀਦਾ ਹੈ ਅਤੇ ਅੰਤਰਰਾਸ਼ਟਰੀ ਮੰਚਾਂ 'ਤੇ ਸਾਂਝ ਪਾਉਣੀ ਚਾਹੀਦੀ ਹੈ ਅਤੇ

ਅੰਤਰਰਾਸ਼ਟਰੀ ਕਾਨੂੰਨ ਤੇ ਵਿਸ਼ਵ ਨਿਯਮਾਂ ਦੇ ਆਦਰ ਲਈ ਸਾਨੂੰ ਕੰਮ ਕਰਨਾ ਚਾਹੀਦਾ ਹੈ।

ਇਹ ਸੱਦਾ ਮਿਆਂਮਾਰ ਵਿਚ ਪਹਿਲਾਂ ਹੋਏ ਪੂਰਬੀ ਏਸ਼ੀਆ ਅਤੇ ਆਸੀਆਨ ਸਿਖਰ ਸੰਮੇਲਨਾਂ ਵਿਚ ਸਮੁੰਦਰੀ ਸੁਰੱਖਿਆ ਬਾਰੇ ਦਿਤੇ ਗਏ ਸਾਂਝ ਦੇ ਸੱਦੇ ਨੂੰ ਅੱਗੇ ਤੋਰਨ ਵੱਲ ਕਦਮ ਸੀ। ਸਿੱਟੇ ਵਜੋ, ਭਾਰਤੀ ਅਤੇ ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀਆਂ ਵਲੋਂ ਇਕ ਕਾਰਜ ਯੋਜਨਾ 'ਤੇ ਸਹਿਮਤੀ ਪ੍ਰਗਟ ਕੀਤੀ ਗਈ। ਇਸ ਕਾਰਜ ਯੋਜਨਾ ਮੁਤਾਬਕ, ਇਕ ਸਾਲਾਨਾ ਸਿਖਰ ਸੰਮੇਲਨ ਅਤੇ ਵਿਦੇਸ਼ ਨੀਤੀ ਅਦਾਨ-ਪ੍ਰਦਾਨ ਅਤੇ ਤਾਲਮੇਲ ਹੋਵੇਗਾ। ਇਸ ਯੋਜਨਾ ਵਿਚ ਪ੍ਰਧਾਨ ਮੰਤਰੀਆਂ ਦੀ ਸਾਲਾਨਾ ਮੁਲਾਕਾਤ ਸ਼ਾਮਿਲ ਹੈ, ਜਿਸ ਵਿਚ ਬਹੁ-ਪੱਖੀ ਮੁਲਾਕਾਤਾਂ ਸਮੇਂ ਹੋਣ ਵਾਲੀ ਮੁਲਾਕਾਤ ਵੀ ਸ਼ਾਮਿਲ ਹੈ। ਇਸ ਵਿਚ ਨਿਯਮਤ ਤੌਰ ਤੇ ਰੱਖਿਆ ਮੰਤਰੀਆਂ ਦੀ ਮੁਲਾਕਾਤ ਸਾਲਾਨਾ ਰੱਖਿਆ ਨੀਤੀ ਗੱਲਬਾਤ, ਫੌਜ ਤੋਂ ਫੌਜ ਵਾਰਤਾਲਾਪ ਜਿਸ ਵਿਚ ਨਿਯਮਤ ਤੌਰ ਤੇ ਉੱਚ ਪੱਧਰ ਦੇ ਦੌਰੇ, ਸਾਲਾਨਾ ਸਟਾਫ਼ ਗੱਲਬਾਤ, ਸਾਂਝੀ ਸਪਲਾਈ ਅਤੇ ਨਿਯਮਤ ਮਸ਼ਕਾਂ ਅਤੇ ਨਿਯਮਤ ਦੁਵੱਲੀਆਂ ਸਮੁੰਦਰੀ ਮਸ਼ਕਾਂ ਵੀ ਸ਼ਾਮਿਲ ਹਨ। ਇਸ ਵਿਚ ਰੱਖਿਆ ਖੋਜ ਅਤੇ ਵਿਕਾਸ ਸਹਿਯੋਗ, ਜਿਸ ਵਿਚ ਆਸਟ੍ਰੇਲੀਅਨ ਤੇ ਭਾਰਤੀ ਰੱਖਿਆ ਸਾਮਾਨ ਦੇ ਪ੍ਰਤਿਨਿਧ ਮੰਡਲਾਂ ਦੇ ਦੌਰੇ ਅਤੇ ਸਾਂਝੇ ਉਦਯੋਗਿਕ ਸੰਬੰਧ ਬਣਾਉਣਾ ਵੀ ਸ਼ਾਮਿਲ ਹੈ।

**ਹੋਰ ਮਹੱਤਵਪੂਰਨ ਇਸ ਕਾਰਜ ਯੋਜਨਾ ਵਿਚ ਅਤਿਵਾਦ ਵਿਰੋਧੀ ਅਤੇ ਅੰਤਰ-ਰਾਸ਼ਟਰੀ ਜੁਰਮਾਂ, ਅਤਿਵਾਦੀ ਵਿਰੋਧੀ ਸਿਖਲਾਈ ਵਿਚ ਸਹਿਯੋਗ, ਸੁਧਰੇ ਹੋਏ ਧਮਾਕਾ ਯੰਤਰਾਂ ਦਾ ਮੁਕਾਬਲਾ ਕਰਨ ਲਈ ਮਾਹਰਾਂ ਦਾ ਆਦਾਨ ਪ੍ਰਦਾਨ, ਬੰਬ ਦੀਆਂ ਘਟਨਾਵਾਂ ਅਤੇ ਤਕਨਾਲੋਜੀ ਅਤੇ ਹੋਰ ਸੰਬੰਧਿਤ ਪੱਖਾਂ ਬਾਰੇ ਇਕ ਸਾਲਾਨਾ ਸੰਯੁਕਤ ਸੰਚਾਲਨ ਸਮੂਹ ਸਥਾਪਤ ਕਰਨਾ ਵੀ ਸ਼ਾਮਿਲ ਹੈ। ਇਸ ਕਾਰਜ ਯੋਜਨਾ ਤਹਿਤ ਹੋਣ ਵਾਲੀ ਪ੍ਰਗਤੀ ਦੀ ਸਮੀਖਿਆ ਸਥਾਪਤ ਸੰਸਥਾਗਤ ਪ੍ਰਬੰਧਾਂ ਦੁਆਰਾ ਕੀਤੀ ਜਾਵੇਗੀ ਜਿਸ ਵਿਚ ਵਿਦੇਸ਼ੀ ਮੰਤਰੀਆਂ ਦਾ ਗੱਲਬਾਤ ਦਾ ਢਾਂਚਾ ਅਤੇ ਰੱਖਿਆ ਮੰਤਰੀਆਂ ਦੀਆਂ ਮੁਲਾਕਾਤਾਂ ਸ਼ਾਮਿਲ ਹਨ।**

## ਦੂਸਰੇ ਦੇਸ਼ਾਂ ਨਾਲ ਰੱਖਿਆ ਸਹਿਯੋਗ

ਇਸ ਸਾਲ ਦੌਰਾਨ ਭਾਰਤ ਤੇ ਦੱਖਣੀ ਕੋਰੀਆ ਨੇ ਹਾਲ ਹੀ ਵਿਚ ਰੱਖਿਆ ਸਹਿਯੋਗ ਵਧਾਉਣ ਦੀ ਸਹਿਮਤੀ ਬਣਾਈ। ਪ੍ਰਧਾਨ ਮੰਤਰੀ ਮੋਦੀ ਦੇ ਦੱਖਣੀ ਕੋਰੀਆ ਦੌਰੇ ਦੌਰਾਨ ਜਾਰੀ ਕੀਤੇ ਗਏ ਸਾਂਝੇ ਬਿਆਨ ਵਿਚ ਦਸਾਂ ਵਿਚੋਂ ਸੱਤ ਮੁੱਦੇ ਰੱਖਿਆ ਸਹਿਯੋਗ 'ਤੇ ਕੇਂਦਰਿਤ ਸਨ। ਇਨ੍ਹਾਂ ਵਿਚੋਂ ਮੁੱਖ ਤੌਰ ਤੇ ਭਾਰਤੀ ਅਤੇ ਦੱਖਣੀ ਕੋਰੀਆ ਦੇ ਸਮੁੰਦਰੀ ਜਹਾਜ਼ ਕਾਰਖ਼ਾਨਿਆਂ ਅਤੇ ਸਮੁੰਦਰੀ ਫੌਜਾਂ ਵਿਚਕਾਰ ਅਦਾਨ ਪ੍ਰਦਾਨ ਸ਼ਾਮਿਲ ਹੈ। ਇਸ ਵਿਚ ਭਾਰਤੀ ਸਮੁੰਦਰੀ ਫੌਜ ਲਈ ਪਹਿਲਾਂ ਕੋਰੀਆ ਅਤੇ ਬਾਅਦ ਵਿਚ ਭਾਰਤ ਦੇ ਸਮੁੰਦਰੀ ਜਹਾਜ਼ ਕਾਰਖ਼ਾਨਿਆਂ ਵਿਚ ਸਾਂਝੇ ਤੌਰ ਤੇ ਜੰਗੀ ਜਹਾਜ਼ਾਂ ਦਾ ਨਿਰਮਾਣ ਸ਼ਾਮਿਲ ਹੈ।

ਇਸ ਤਰ੍ਹਾਂ ਹੀ, ਸਾਲ ਦੌਰਾਨ ਕੈਨੇਡਾ ਅਤੇ ਭਾਰਤੀ ਕੰਪਨੀਆਂ ਵਿਚਾਲੇ ਪ੍ਰਮਾਣੂ ਊਰਜਾ, ਪੁਲਾੜ ਅਤੇ ਰੱਖਿਆ ਖੇਤਰਾਂ ਵਿਚ ਅਨੇਕ ਵਪਾਰਕ ਸਮਝੌਤਿਆਂ ਦਾ ਐਲਾਨ ਕੀਤਾ ਗਿਆ। ਇਕ ਵਪਾਰਕ ਸਮਝੌਤਾ ਜੋ ਸਾਸਕੇਚਵਨ ਸਥਿਤ ਕੈਮੀਓ ਸ਼ਾਮਿਲ ਹੈ, ਵਿਚ ਕੰਪਨੀ ਅਗਲੇ ਪੰਜ ਸਾਲਾਂ ਵਿਚ ਭਾਰਤ ਨੂੰ 7 ਮਿਲੀਅਨ ਪੌਂਡ ਤੋਂ ਵੱਧ ਯੂਰੇਨੀਅਮ ਦੀ ਪੂਰਤੀ ਕਰੇਗੀ। ਇਹ ਸਮਝੌਤਾ ਭਾਰਤ ਸਰਕਾਰ ਵਲੋਂ ਕੈਨੇਡਾ-ਭਾਰਤ ਪ੍ਰਮਾਣੂ ਸਹਿਯੋਗ ਸਮਝੌਤੇ ਦੀ ਗੱਲਬਾਤ ਕਰਕੇ ਸੰਭਵ ਹੋ ਸਕਿਆ ਹੈ।

ਇਉਂ ਹੀ, ਮਾਰੀਸ਼ੀਅਸ ਜਿਸ ਦੇ ਭਾਰਤ ਨਾਲ ਰਵਾਇਤੀ ਤੌਰ ਤੇ ਬਹੁਤ ਨੇੜਲੇ ਸੰਬੰਧ ਰਹੇ ਹਨ, ਨਾਲ ਰੱਖਿਆ ਸੰਬੰਧ ਪਿਛਲੇ ਸਾਲ ਵਿਚ ਹੋਰ ਮਜ਼ਬੂਤ ਹੋਏ ਹਨ। ਵਿਦੇਸ਼ ਮੰਤਰੀ ਸ੍ਰੀਮਤੀ ਸੁਸ਼ਮਾ ਸਵਰਾਜ ਵਲੋਂ ਟਾਪੂ ਦੇਸ਼ ਦੀ ਪਲੇਠੀ ਯਾਤਰਾ ਦੌਰਾਨ, ਜੋ 2 ਨਵੰਬਰ 2014 ਨੂੰ ਅਪ੍ਰਵਾਸੀ ਦਿਵਸ ਵਿਚ ਭਾਗ ਲੈਣ ਲਈ ਕੀਤੀ ਗਈ ਸੀ, ਦੌਰਾਨ ਭਾਰਤੀ ਜਲ ਸੈਨਾ ਅਤੇ ਮਾਰੀਸ਼ੀਅਸ ਤੱਟ ਰੱਖਿਆ ਪ੍ਰਮੁੱਖ ਏਜੰਡਾ ਸੀ। ਇਨ੍ਹਾਂ ਸਮਾਗਮਾਂ ਦੌਰਾਨ ਤਿੰਨ ਵੱਡੇ ਭਾਰਤੀ ਜੰਗੀ ਬੇੜੇ ਮਾਰੀਸ਼ੀਅਸ ਦੇ ਪਾਣੀਆਂ ਵਿਚ ਤਾਇਨਾਤ ਰਹੇ। ਇਹ ਤਾਇਨਾਤੀ ਭਾਰਤੀ ਜਲ ਸੈਨਾ ਅਤੇ ਮਾਰੀਸ਼ੀਅਸ ਤੱਟ ਰੱਖਿਅਕਾਂ ਵਿਚਾਲੇ ਸਹਿਯੋਗ ਨੂੰ ਹੋਰ ਮਜ਼ਬੂਤੀ ਪ੍ਰਦਾਨ ਕਰਨ ਲਈ ਕੀਤੀ ਗਈ ਸੀ।

ਇਕ ਹੋਰ ਦੇਸ਼ ਜਿਸ ਨਾਲ ਭਾਰਤ ਦੇ ਗੂੜ੍ਹੇ ਰੱਖਿਆ ਸੰਬੰਧ ਹਨ, ਉਹ ਇਸਰਾਈਲ ਹੈ। ਇਨ੍ਹਾਂ ਦੋਵਾਂ ਦੇਸ਼ਾਂ ਨੇ ਅਤਿਵਾਦ ਦਾ ਮੁਕਾਬਲਾ ਕਰਨ ਦੇ ਖੇਤਰ ਵਿਚ ਸਾਂਝ ਭਿਆਲੀ ਪਾਈ ਹੈ। ਇਸਰਾਈਲ ਭਾਰਤ ਨੂੰ ਅਤਿ-ਆਧੁਨਿਕ ਫੌਜੀ ਸਾਜ਼-ਸਾਮਾਨ ਸਪਲਾਈ ਕਰਨ ਵਿਚ ਵੀ ਮੋਹਰੀ ਹੈ ਜਿਸ ਵਿਚ ਮਿਜ਼ਾਈਲਾਂ ਅਤੇ ਮਨੁੱਖ ਰਹਿਤ ਹਵਾਈ ਜਹਾਜ਼ ਸ਼ਾਮਿਲ ਹਨ। ਇਸ ਸਾਲ ਦੌਰਾਨ ਸਾਂਝ ਵਿਚ ਵਾਧਾ ਹੋਇਆ ਅਤੇ ਪ੍ਰਧਾਨ ਮੰਤਰੀ ਮੋਦੀ ਵਲੋਂ ਅਗਲੇ ਸਾਲ ਇਸਰਾਈਲ ਦਾ ਦੌਰਾ ਕੀਤਾ ਜਾਵੇਗਾ ਜੋ ਕਿਸੇ ਭਾਰਤੀ ਪ੍ਰਧਾਨ ਮੰਤਰੀ ਵਲੋਂ ਇਸਰਾਈਲ ਦਾ ਪਹਿਲਾ ਦੌਰਾ ਹੋਵੇਗਾ।

## ਸਿੱਟਾ

ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਨਾਲ ਭਾਰਤ ਦੇ ਰੱਖਿਆ ਸਹਿਯੋਗ ਵਿਚ ਕਾਫ਼ੀ ਵਾਧਾ ਹੋਇਆ ਹੈ। ਇਹ ਅੰਤਰਰਾਸ਼ਟਰੀ ਭਾਈਚਾਰੇ ਵਲੋਂ ਭਾਰਤ ਲਈ ਵੇਖੇ ਜਾ ਰਹੇ ਸੁਨਹਿਰੇ ਭਵਿੱਖ ਵਿਚੋਂ ਉਪਜਿਆ ਹੈ ਅਤੇ ਇਸ ਦਾ ਇਕ ਹੋਰ ਕਾਰਨ ਭਾਰਤ ਦੀਆਂ ਰੱਖਿਆ ਸੈਨਾਵਾਂ ਵਿਚ ਵਧ ਰਿਹਾ ਵਿਸ਼ਵਾਸ ਵੀ ਹੈ। ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਜ਼ਿਆਦਾ ਤੋਂ ਜ਼ਿਆਦਾ ਦੇਸ਼ ਭਾਰਤ ਨਾਲ ਮੋਢਾ ਜੋੜ ਕੇ ਚੱਲਣ ਨੂੰ ਤਿਆਰ ਹਨ। ਆਉਣ ਵਾਲੇ ਦਿਨਾਂ ਵਿਚ ਇਹ ਸਹਿਯੋਗ ਹੋਰ ਵਧੇਗਾ ਅਤੇ 'ਮੇਕ ਇਨ ਇੰਡੀਆ' ਪ੍ਰੋਗਰਾਮ ਦਾ ਆਧਾਰ ਮੁਹੱਈਆ ਕਰਵਾਏਗਾ, ਜਿਸ ਵਿਚ ਭਾਰਤ ਨੂੰ ਬਦਲਣ ਦੀਆਂ ਸੰਭਾਵਨਾਵਾਂ ਮੌਜੂਦ ਹਨ।

*(ਲੇਖਕ ਡਾਇਰੈਕਟਰ, ਸੈਂਟਰ ਫਾਰ ਸਕਿਉਰਿਟੀ ਐਂਡ ਸਟਰੈਟੇਜੀ, ਇੰਡੀਆ ਫਾਊਂਡੇਸ਼ਨ ਹੈ।)*

*e-mail :alokbansal_nda@yahoo.co.in*

ਸੰਕਲਪ

- ਜਿਹੜਾ ਵਿਅਕਤੀ ਸੰਕਲਪ ਕਰ ਸਕਦਾ ਹੈ, ਉਸ ਲਈ ਕੁਝ ਵੀ ਅਸੰਭਵ ਨਹੀਂ ਹੈ।
(ਐਮਰਸਨ)
- ਜਿਹੋ ਜਿਹਾ ਤੁਹਾਡਾ ਸੰਕਲਪ ਹੋਵੇਗਾ, ਤੁਹਾਡੇ ਅੰਦਰ ਦਾ ਬਲ ਉਸ ਨੂੰ ਉਹੋ ਜਿਹਾ ਹੀ ਸੱਚਾ ਤੇ ਪੂਰਾ ਕਰ ਦੇਵੇਗਾ।
(ਸਵਾਮੀ ਰਾਮ ਤੀਰਥ)
- ਇਸ ਸੰਸਾਰ ਵਿਚ ਹਰ ਵਸਤੂ ਸੰਕਲਪ-ਸ਼ਕਤੀ ਉਪਰ ਨਿਰਭਰ ਕਰਦੀ ਹੈ।
(ਡਿਜ਼ਰਾਇਲੀ)

# ਭਾਰਤ ਦੇ ਵਿਦੇਸ਼ਾਂ ਨਾਲ ਸੰਬੰਧ ਹੋਏ ਮਜ਼ਬੂਤ

**ਬਾਲ ਆਨੰਦ**

ਕਿਸੇ ਵੀ ਰਾਸ਼ਟਰ ਦੀ ਵਿਦੇਸ਼ ਨੀਤੀ ਦੇ ਮੂਲ ਆਧਾਰ ਉਸ ਦੇ ਇਤਿਹਾਸ ਤੇ ਭੂਗੋਲ ਵਿਚੋਂ ਆਰਥਿਕ ਸਮਰੱਥਾ ਨੂੰ ਵਧੇਰੇ ਮਜ਼ਬੂਤ ਬਣਾਉਂਦੇ ਹੋਏ ਉਸ ਦੇ ਨਾਗਰਿਕਾਂ ਦੀ ਸਰਬਪੱਖੀ ਖ਼ੁਸ਼ਹਾਲੀ ਤੇ ਸਮੁੱਚੇ ਵਿਕਾਸ ਦੇ ਆਦਰਸ਼ ਹੁੰਦੇ ਹਨ। ਵਿਦੇਸ਼ ਮੰਤਰਾਲਾ ਦੀ 2014-15 ਦੀ ਸਾਲਾਨਾ ਰਿਪੋਰਟ ਅਨੁਸਾਰ, "ਭਾਰਤ ਦੀ ਵਿਦੇਸ਼ ਨੀਤੀ ਅੰਤਰਰਾਸ਼ਟਰੀ ਭਾਈਚਾਰੇ ਨਾਲ ਸਾਰਥਕ ਸੰਬੰਧਾਂ ਲਈ ਭਰਪੂਰ ਕੋਸ਼ਿਸ਼ਾਂ ਵਿਚ ਯਕੀਨ ਰੱਖਦੀ ਹੈ ਤਾਂ ਕਿ ਅਸੀਂ ਦੇਸ਼ ਦੀ ਆਰਥਿਕ ਪ੍ਰਗਤੀ, ਸੁਰੱਖਿਆ, ਪ੍ਰਭੂਸੱਤਾ ਅਤੇ ਭੂਗੋਲਿਕ ਅਖੰਡਤਾ ਸਹਿਤ ਹੋਰ ਪ੍ਰਮੁੱਖ ਮੰਤਵਾਂ ਨੂੰ ਯਕੀਨੀ ਬਣਾਉਂਦੇ ਹੋਏ ਮਹੱਤਵਪੂਰਨ ਖੇਤਰੀ ਤੇ ਵਿਸ਼ਵਵਿਆਪੀ ਸਮੱਸਿਆਵਾਂ ਦੇ ਨਿਪਟਾਰੇ ਵਿਚ ਮੁਨਾਸਿਬ ਯੋਗਦਾਨ ਕਰ ਸਕੀਏ।" ਇੱਕੀਵੀ ਸਦੀ ਦੇ ਡੇਢ ਦਹਾਕੇ ਦੇ ਅਨੁਭਵਾਂ ਤੋਂ ਵਿਸ਼ਵ ਦੀ ਸਿਆਸਤ ਤੇ ਆਰਥਿਕਤਾ ਦੇ ਰੁਝਾਨ ਸਹਿਯੋਗ ਤੇ ਸੁਖ-ਸ਼ਾਂਤੀ ਦੇ ਵਾਤਾਵਰਨ ਲਈ ਕਾਫ਼ੀ ਆਸ਼ਾਵਾਦੀ ਸਾਬਤ ਹੋਏ ਹਾਂ। ਫਿਰ ਵੀ ਭਾਰਤ ਨੂੰ ਆਪਣੇ ਦੂਰਗਾਮੀ ਰਾਸ਼ਟਰੀ ਹਿੱਤਾਂ ਤੇ ਤੇਜ਼ੀ ਨਾਲ ਨਵੇਂ ਰੂਪ ਅਖ਼ਤਿਆਰ ਕਰ ਰਹੀ ਆਰਥਿਕਤਾ ਨੂੰ ਸੁਰੱਖਿਅਤ ਕਰਨ ਲਈ ਬੜੀ ਸੰਤੁਲਿਤ ਵਿਦੇਸ਼ ਨੀਤੀ 'ਤੇ ਪਹਿਲਕਦਮੀਆਂ ਕਰਨ ਦੀ ਜ਼ਰੂਰਤ ਹੋਵੇਗੀ।

ਇਕ ਸਾਲ ਪਹਿਲਾਂ ਜਦੋਂ ਭਾਰਤ ਦੀ ਸ਼ਾਨ ਤੇ ਗੌਰਵਮਈ ਨਿਰਪੱਖ ਤੇ ਨਿਆਂਪੂਰਨ ਚੋਣ ਪ੍ਰਕਿਰਿਆ ਨੇ ਸ੍ਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਬਹੁਮਤ ਦੀ ਸਰਕਾਰ ਦਾ ਇਤਿਹਾਸਕ ਨਿਰਣਾ ਸੁਣਾਇਆ ਤਾਂ ਰਾਜਨੀਤੀ ਦੇ ਗਿਆਨੀਆਂ ਨੇ ਇਹ ਨਹੀਂ ਸੋਚਿਆ ਸੀ ਕਿ ਨਵੀਂ ਸਰਕਾਰ ਦਾ ਪਹਿਲਾ ਸਾਲ ਵਿਦੇਸ਼ੀ ਮਾਮਲਿਆਂ ਵਿਚ ਇੰਨੀਆਂ ਮਹੱਤਵਪੂਰਨ ਘਟਨਾਵਾਂ ਵਾਲਾ ਹੋਵੇਗਾ। ਨਿਰਪੱਖ ਵਿਸ਼ਲੇਸ਼ਣ ਲਈ ਪ੍ਰਸਿੱਧ ਮਾਸਿਕ ਪੱਤ੍ਰਿਕਾ 'ਸੈਮੀਨਾਰ' ਅਨੁਸਾਰ, "ਪ੍ਰਧਾਨ ਮੰਤਰੀ ਨੇ ਕਦੀ ਵੀ ਕੇਂਦਰ ਵਿਚ ਕਿਸੇ ਪਦਵੀ 'ਤੇ ਕੰਮ ਨਹੀਂ ਸੀ ਕੀਤਾ। ਚੋਣ ਮੁਹਿੰਮ ਵਿਚ ਵੀ ਪਾਕਿਸਤਾਨ ਤੇ ਦਹਿਸ਼ਤਵਾਦ; ਬੰਗਲਾਦੇਸ਼ ਦੀ ਘੁਸਪੈਠ ਤੇ ਰੱਖਿਆ ਪ੍ਰਤਿ ਅਣਗਹਿਲੀ ਦੇ ਵਿਸ਼ਿਆਂ 'ਤੇ ਤੇਜ਼-ਧਾਰ ਤਕਰੀਰਾਂ ਕੀਤੀਆਂ। ਗੁਜਰਾਤ ਦੇ ਮੁੱਖ ਮੰਤਰੀ ਦੇ ਤੌਰ ਤੇ ਸ੍ਰੀ ਨਰੇਂਦਰ ਮੋਦੀ ਜਾਪਾਨ ਤੇ ਚੀਨ ਦੇ ਦੌਰੇ ਕਰ ਚੁੱਕੇ ਸਨ - ਪਰ ਇਹ ਕੇਵਲ ਨਿਵੇਸ਼ ਅਕਰਸ਼ਿਤ ਕਰਨ ਦੇ ਮੰਤਵ ਨਾਲ ਸੰਬੰਧਿਤ ਸਨ।

ਪ੍ਰਧਾਨ ਮੰਤਰੀ ਦੇ ਤੌਰ ਤੇ ਸੰਹੁ-ਚੁੱਕ ਸਮਾਰੋਹ ਵਿਚ 'ਸਾਰਕ' ਦੇਸ਼ਾਂ ਦੇ ਨੇਤਾਵਾਂ ਨੂੰ ਸ਼ਾਮਿਲ ਹੋਣ ਲਈ ਸੱਦਾ ਪੱਤਰ ਦੇ ਕੇ ਸ੍ਰੀ ਨਰੇਂਦਰ ਮੋਦੀ ਨੇ ਕੂਟਨੀਤੀ ਦੀ ਇਕ ਨਵੀਂ ਸ਼ੈਲੀ ਨੂੰ ਪਰਿਭਾਸ਼ਿਤ ਕੀਤਾ। ਭੂਟਾਨ, ਨੇਪਾਲ, ਜਾਪਾਨ, ਅਮਰੀਕਾ, ਆਸਟ੍ਰੇਲੀਆ ਅਤੇ ਬ੍ਰਾਜ਼ੀਲ (ਬ੍ਰਿਕਸ ਸੰਮੇਲਨ) ਦੀਆਂ ਯਾਤਰਾਵਾਂ ਤੋਂ ਬਾਅਦ ਮੌਰਿਸ਼ੀਅਸ ਤੇ ਸ੍ਰੀਲੰਕਾ ਦੇ ਦੌਰਿਆਂ ਨੇ ਜਿਵੇਂ ਭਾਰਤ ਦੇ ਇਨ੍ਹਾਂ ਦੇਸ਼ਾਂ ਨਾਲ ਸੰਬੰਧਾਂ 'ਤੇ ਵਿਸ਼ੇਸ਼ 'ਮੋਦੀ ਮੁਹਰ' ਲਗਾ ਦਿਤੀ ਹੈ। ਪਿਛਲੇ ਦਿਨਾਂ ਦੀਆਂ ਜਰਮਨੀ, ਫਰਾਂਸ ਤੇ ਕੈਨੇਡਾ ਦੀਆਂ ਸਫਲ ਯਾਤਰਾਵਾਂ ਨੇ ਵਿਸ਼ਵ ਮੰਚ 'ਤੇ ਭਾਰਤ ਦੇ ਹਿੱਤਾਂ ਤੇ ਨੀਤੀਆਂ ਦੀ ਉਦੇਸ਼ ਭਰਪੂਰ ਤੇ ਸ਼ਕਤੀਸ਼ਾਲੀ ਵਿਆਖਿਆ ਕੀਤੀ ਹੈ।

ਭਾਰਤ ਦੇ ਨੇਤਾ ਤੇ ਨੀਤੀਵੇਤਾ ਇਸ ਅਸਲੀਅਤ ਨੂੰ ਭਲੀਭਾਂਤ ਸਮਝਦੇ ਹਨ ਕਿ ਦੇਸ਼ ਦੇ ਗੁਆਂਢ ਤੇ ਆਲੇ-ਦੁਆਲੇ ਦੇ ਖੇਤਰਾਂ ਵਿਚ ਰਾਜਨੀਤਕ ਅਸਥਿਰਤਾ 'ਤੇ ਕਿਸੇ ਵੀ ਤਰ੍ਹਾਂ ਦੇ ਹਿੰਸਾਤਮਕ ਝਮੇਲੇ ਭਾਰਤ ਦੀ ਆਰਥਿਕਤਾ ਤੇ ਵਪਾਰ ਲਈ ਬੜੇ ਹਾਨੀਕਾਰਕ ਹਨ। ਭਾਰਤ ਦੀ ਪ੍ਰਗਤੀ ਲਈ ਇਹ ਜ਼ਰੂਰੀ ਹੈ ਕਿ ਦੱਖਣੀ ਏਸ਼ੀਆ ਦੇ ਨਿਕਟ ਗੁਆਂਢ ਦੇ ਇਲਾਵਾ, ਚੀਨ ਤੇ ਮਿਆਂਮਾਰ ਨਾਲ ਸਾਂਝੇ-ਸੁਖਾਵੇਂ ਸੁਪਨਿਆਂ 'ਤੇ ਆਧਾਰਿਤ ਰਚਨਾਤਮਕ ਰਿਸ਼ਤੇ ਕਾਇਮ ਕੀਤੇ ਜਾਣ। ਦੱਖਣੀ ਏਸ਼ੀਆ ਦੀਆਂ ਸਮੱਸਿਆਵਾਂ ਬੜੀਆਂ ਪੇਚੀਦਗੀਆਂ ਤੇ ਚੁਨੌਤੀਆਂ ਭਰਪੂਰ ਹਨ। ਵਿਸ਼ਵ ਦੀ ਇਕ ਚੌਥਾਈ ਜਨਸੰਖਿਆ ਇਸ ਖੇਤਰ ਵਿਚ, ਜੋ ਵਿਸ਼ਵ ਦੇ ਧਰਾਤਲ ਦਾ ਕੇਵਲ ਚਾਰ ਪ੍ਰਤਿਸ਼ਤ ਹੈ, ਦੱਸਦੀ ਹੈ। ਇਹ ਖੇਤਰ ਅਫ਼ਰੀਕਾ ਦੇ ਸਬ-ਸਹਾਰਾ ਦੇਸ਼ਾਂ ਤੋਂ ਬਾਅਦ ਸਭ ਤੋਂ ਘੱਟ ਵਿਕਸਤ ਹੈ ਤੇ ਇਸ ਦੀ ਪ੍ਰਤਿ ਵਿਅਕਤੀ ਕੁੱਲ ਘਰੇਲੂ ਉਤਪਾਦ ਖਰੀਦਾਰੀ ਸ਼ਕਤੀ ਦੇ ਅਨੁਪਾਤ ਅਨੁਸਾਰ ਵਿਸ਼ਵ ਦੀ ਔਸਤ ਦਾ ਤੀਸਰਾ ਹਿੱਸਾ ਹੈ। ਦਹਿਸ਼ਤਗਰਦੀ ਤੇ ਬਗ਼ਾਵਤੀ ਹਿੰਸਾ ਨੇ ਅਫ਼ਗਾਨਿਸਤਾਨ ਤੇ ਪਾਕਿਸਤਾਨ ਦੇ ਸਰਕਾਰੀ ਢਾਂਚੇ ਨੂੰ ਬੁਰੀ ਤਰ੍ਹਾਂ ਪ੍ਰਭਾਵਤ ਕੀਤਾ ਹੈ। ਸਾਰਾ ਦੱਖਣੀ ਏਸ਼ੀਆ ਖੇਤਰ ਗਰੀਬੀ, ਗ਼ੈਰ-ਕਾਨੂੰਨੀ ਸ਼ਕਤੀ ਕੇਂਦਰਾਂ, ਕਮਜ਼ੋਰ ਸਰਕਾਰੀ ਢਾਂਚੇ, ਕੁਦਰਤੀ ਆਫ਼ਤਾਂ ਤੇ ਮਹਾਂਮਾਰੀਆਂ ਦੇ ਖਤਰੇ ਤੇ ਜਲਵਾਯੂ ਪਰਿਵਰਤਨ ਦੇ ਹਾਨੀਕਾਰਕ ਸਿੱਟਿਆਂ ਤੋਂ ਪ੍ਰਭਾਵਤ ਹੈ। 1947 ਤੇ 1971 ਵਿਚ ਉਲੀਕੀਆਂ ਗਈਆਂ ਸੀਮਾਵਾਂ ਨੇ ਸਦੀਆਂ ਤੋਂ ਵਿਕਸਤ ਹੋਏ ਸਾਂਝੇ ਵਿਰਸੇ ਨੂੰ ਸ਼ੰਕਾਵਾਂ ਤੇ ਮਨੋਵਿਗਿਆਨਕ ਵਖਰੇਵਿਆਂ ਦੇ ਤਣਾਅ ਦਾ ਖੇਤਰ ਬਣਾ ਦਿਤਾ ਹੈ। ਇਸ ਖੇਤਰ ਦੀ ਆਰਥਿਕ ਵਿਕਾਸ ਦੀ ਵਿਭਿੰਨਤਾ ਤੇ ਗ਼ੈਰ ਸਮਾਨਤਾ ਵਸੋਂ ਤੇ ਕੁਦਰਤੀ ਸਾਧਨਾਂ ਦੇ ਫਰਕ ਮਿਲਵਰਤਨ ਦੀਆਂ ਕੋਸ਼ਿਸ਼ਾਂ ਵਿਚ ਵੱਡੀਆਂ ਰੁਕਾਵਟਾਂ ਰਹੇ ਹਨ।

ਸਾਊਥ ਏਸ਼ੀਅਨ ਐਸੋਸੀਏਸ਼ਨ ਫਾਰ ਰਿਜਨਲ ਕੋਆਪਰੇਸ਼ਨ - *ਸਾਰਕ* - ਦੀ ਸਥਾਪਨਾ 8 ਦਸੰਬਰ 1985 ਨੂੰ ਸੱਤ ਦੇਸ਼ਾਂ ਦੇ ਨੇਤਾਵਾਂ ਦੁਆਰਾ ਕੀਤੀ ਗਈ ਤੇ 2009 ਵਿਚ

ਅਫ਼ਗਾਨਿਸਤਾਨ ਦੇ ਸ਼ਾਮਿਲ ਹੋ ਜਾਣ ਬਾਅਦ ਇਹ ਇਕ ਹੋਰ ਵੀ ਮਹੱਤਵਪੂਰਨ ਭੂਗੋਲਿਕ ਤੇ ਆਰਥਿਕ ਸੰਭਾਵਨਾਵਾਂ ਭਰਪੂਰ ਸੰਸਥਾ ਬਣ ਗਈ ਹੈ। ਕਾਠਮੰਡੂ ਵਿਚ ਹੋਏ ਪਿਛਲੇ 18ਵੇਂ ਸਿਖਰ ਸੰਮੇਲਨ ਦੌਰਾਨ ਸਾਰਕ ਦੇਸ਼ਾਂ ਦੀ ਆਰਥਿਕ ਮਿਲਵਰਤਨ ਪ੍ਰਤਿਬੱਧਤਾ ਨੂੰ ਠੋਸ ਸਰੂਪ ਦੇਣ ਲਈ ਵਧੇਰੇ ਕਾਰਗਰ ਨਿਰਣੇ ਕੀਤੇ ਗਏ। ਪ੍ਰਧਾਨ ਮੰਤਰੀ ਨੇ ਬੁਨਿਆਦੀ ਸਹੂਲਤਾਂ ਦੇ ਵਿਕਾਸ ਦੇ ਮਹੱਤਵ 'ਤੇ ਜ਼ੋਰ ਦਿਤਾ। ਖੇਤਰੀ ਵਪਾਰ ਤੇ ਆਰਥਿਕ ਸਹਿਯੋਗ ਦੀਆਂ ਅਸੀਮਤ ਸੰਭਾਵਨਾਵਾਂ ਨੂੰ ਸਾਰਕ ਮੁਕਤ ਵਪਾਰ ਦੇ ਸਮਝੌਤਿਆਂ ਨੂੰ ਸਹੀ ਅਰਥਾਂ ਵਿਚ ਲਾਗੂ ਕਰਨ ਦੀ ਵਿਸ਼ੇਸ਼ ਜ਼ਰੂਰਤ ਹੈ। ਭਾਰਤ-ਪਾਕਿਸਤਾਨ ਸੰਬੰਧਾਂ ਨੂੰ ਸਾਰਕ ਕਾਰਜ ਖੇਤਰਾਂ ਵਿਚ ਰੁਕਾਵਟ ਨਹੀਂ ਬਣਨ ਦੇਣਾ ਚਾਹੀਦਾ। ਪਿਛਲੇ ਦਿਨਾਂ ਵਿਚ ਨੇਪਾਲ ਵਿਚ ਆਏ ਭੁਚਾਲ ਨੇ ਫਿਰ ਚੇਤਾਵਨੀ ਦਿਤੀ ਹੈ ਕਿ ਇਸ ਖੇਤਰ ਦੇ ਦੇਸ਼ਾਂ ਦੀ ਕਿਸਮਤ ਦੀ ਸਾਂਝ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ ਤੇ ਇਸ ਖੇਤਰ ਦੇ ਲੋਕਾਂ ਦੀ ਸਮੁੱਚੀ ਭਲਾਈ ਤੇ ਪ੍ਰਗਤੀ ਲਈ ਨਵੇਂ ਦ੍ਰਿਸ਼ਟੀਕੋਨ ਤੇ ਲੋੜੀਂਦੀਆਂ ਨੀਤੀਆਂ ਅਪਨਾਉਣ ਵਿਚ ਹੋਰ ਦੇਰੀ ਨਹੀਂ ਕੀਤੀ ਜਾ ਸਕਦੀ।

ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਸਾਰਕ ਮੁਖੀਆਂ ਦੀ 18ਵੀਂ ਕਾਨਫਰੰਸ ਵਿਚ ਭਾਰਤ ਵਲੋਂ ਇਕਤਰਫ਼ਾ ਸਾਰਕ ਉਪਗ੍ਰਹਿ, ਵਪਾਰੀਆਂ ਲਈ ਲੰਬੀ ਮਿਆਦ ਦੇ ਵੀਜ਼ੇ, ਸਿਹਤ ਖੇਤਰ ਵਿਚ ਸਾਂਝੇ ਸਰਵੇਖਣ ਤੇ ਇਲਾਜ ਲਈ ਫੌਰੀ ਵੀਜ਼ੇ ਦੇ ਐਲਾਨ ਕਰਕੇ ਭਾਰਤ ਦੀ ਇਸ ਸੰਗਠਨ ਪ੍ਰਤਿ ਗਹਿਰੀ ਪ੍ਰਤਿਬੱਧਤਾ ਨੂੰ ਰੇਖਾਂਕਿਤ ਕੀਤਾ ਹੈ। ਭਾਰਤ ਸਿੱਖਿਆ ਤੇ ਸਮਾਜਿਕ ਵਿਕਾਸ ਦੇ ਖੇਤਰਾਂ ਵਿਚ ਗੁਆਂਢੀ ਦੇਸ਼ਾਂ ਨੂੰ ਹਰ ਸੰਭਵ ਸਹਾਇਤਾ ਦੇਣ ਲਈ ਬਚਨਬੱਧ ਹੈ। ਭਾਰਤ ਦੀ ਵਿਸ਼ਾਲਤਾ ਤੇ ਪ੍ਰਮੁੱਖਤਾ ਨੂੰ ਉਸ ਦੇ ਗੁਆਂਢੀਆਂ ਨੂੰ ਸਿਆਣਪ ਨਾਲ ਸਮਝਣ ਦੀ ਲੋੜ ਹੈ ਤੇ ਭਾਰਤ ਨੂੰ ਵੀ ਬਦਲੇ ਹੋਏ ਸੰਦਰਭਾਂ ਵਿਚ ਗੁਆਂਢੀਆਂ ਦੀ ਮਾਨਸਿਕਤਾ ਨੂੰ ਗੰਭੀਰਤਾ ਨਾਲ ਪਰਖਦੇ ਹੋਏ ਸੰਵੇਦਨਸ਼ੀਲ ਹੋਣਾ ਜ਼ਰੂਰੀ ਹੈ।

ਗੁਆਂਢੀ ਦੇਸ਼ਾਂ ਨਾਲ ਦੁਵੱਲੇ ਸੰਬੰਧਾਂ ਦੇ ਸੰਦਰਭ ਵਿਚ ਭਾਰਤ-ਨੇਪਾਲ ਦੀ 1690 ਕਿਲੋਮੀਟਰ ਖੁੱਲ੍ਹੀ ਸੀਮਾ ਤੇ ਲੋਕਾਂ ਦੇ ਪੁਰਾਤਨ ਸਭਿਆਚਾਰਕ ਰਿਸ਼ਤੇ ਦੋਵੇਂ ਦੇਸ਼ਾਂ ਦੀ ਦੋਸਤੀ ਨੂੰ ਅਦੁੱਤੀ ਚਰਿਤਰ ਪ੍ਰਦਾਨ ਕਰਦੇ ਹਨ। ਪਿਛਲੇ ਦਿਨਾਂ ਵਿਚ ਆਏ ਭੁਚਾਲ ਦੌਰਾਨ ਭਾਰਤੀ ਆਫ਼ਤ ਪ੍ਰਬੰਧਨ ਦੇ ਅਮਲੇ ਤੇ ਸੁਰੱਖਿਆ ਅਧਿਕਾਰੀਆਂ ਨੇ ਫੌਰਨ ਰਾਹਤ ਕਾਰਜ ਦੇ ਮਾਹਿਰਾਂ ਤੇ ਸਹਾਇਤਾ ਸਮੱਗਰੀ ਭੇਜ ਕੇ ਦੋਵਾਂ ਦੇਸ਼ਾਂ ਦੇ ਮਿੱਤਰਤਾ ਦੇ ਸੰਬੰਧਾਂ ਦੀ ਨਵੀਂ ਮਿਸਾਲ ਕਾਇਮ ਕੀਤੀ ਹੈ। ਭੂਟਾਨ ਨਾਲ 643 ਕਿਲੋਮੀਟਰ ਦੀ ਸੀਮਾ ਦਾ ਇਲਾਕਾ ਇਸ ਨੂੰ ਭਾਰਤ ਦਾ ਮਹੱਤਵਪੂਰਨ ਗੁਆਂਢੀ ਬਣਾਉਂਦਾ ਹੈ। ਭਾਰਤ ਵਲੋਂ ਭੂਟਾਨ ਦੇ ਸਮੁੱਚੇ ਆਰਥਿਕ ਵਿਕਾਸ ਲਈ ਵੱਡੀ ਭੂਮਿਕਾ ਨਿਭਾਈ ਜਾ ਰਹੀ ਹੈ। ਸ੍ਰੀਲੰਕਾ ਨਾਲ ਸੰਬੰਧ ਭਾਰਤੀ ਮੂਲ ਦੇ ਤਮਿਲ ਲੋਕਾਂ ਦੇ ਰਾਜਨੀਤਕ ਤੇ ਮਾਨਵੀ ਅਧਿਕਾਰਾਂ ਦੇ ਗੁੰਝਲਦਾਰ ਇਤਿਹਾਸਕ ਮਸਲੇ ਕਾਰਨ ਉਲਝੇਵੇਂ ਵਾਲੇ ਰਹੇ ਹਨ। ਹੁਣ ਉਥੋਂ ਦੀ ਨਵੀਂ ਸਰਕਾਰ ਨੇ ਭਾਰਤ ਦੀ ਸੰਵੇਦਨਾ ਪ੍ਰਤਿ ਬਿਹਤਰ ਦ੍ਰਿਸ਼ਟੀਕੋਨ ਅਪਨਾਇਆ ਹੈ। ਦੋਵੇਂ ਦੇਸ਼ਾਂ ਵਿਚਕਾਰ ਵਪਾਰ ਤੇ ਆਰਥਿਕ ਸਹਿਯੋਗ ਵਿਚ ਲਗਾਤਾਰ ਵਾਧਾ ਹੋਇਆ ਹੈ। ਬੰਗਲਾਦੇਸ਼ ਨਾਲ ਭਾਰਤ ਦੇ ਸੰਬੰਧਾਂ ਦਾ ਵਿਲੱਖਣ ਇਤਿਹਾਸ ਤੇ ਵਿਰਸਾ ਹੈ।

ਭਾਰਤ ਦੇ ਨਿਰਯਾਤ ਵਿਚ ਸਾਲ 2013-14 ਵਿਚ ਭਾਰੀ ਵਾਧਾ ਹੋਇਆ ਹੈ ਤੇ 6.03 ਬਿਲੀਅਨ ਡਾਲਰ ਦੀ ਰਾਸ਼ੀ ਨਾਲ ਬੰਗਲਾਦੇਸ਼ ਸਾਰਕ ਦੇਸ਼ਾਂ ਵਿਚ ਭਾਰਤ ਦਾ ਪ੍ਰਮੁੱਖ ਵਪਾਰਕ ਭਾਈਵਾਲ ਹੋ ਗਿਆ ਹੈ। ਲੰਬੇ ਸਮੇਂ ਤੋਂ ਰੁਕਾਵਟਾਂ ਝੱਲ ਰਹੇ ਜ਼ਮੀਨੀ ਸੀਮਾ ਵਿਵਾਦ ਦੇ ਸੁਲਝਣ ਨਾਲ ਦੋਵੇਂ ਦੇਸ਼ਾਂ ਵਿਚਕਾਰ ਹੋਰ ਨਵੇਂ ਸਮਝੌਤਿਆਂ ਦੇ ਰਾਹ ਵੀ ਖੁੱਲ੍ਹ ਗਏ ਹਨ। ਹਿੰਦ ਮਹਾਂਸਾਗਰ ਦੇ ਟਾਪੂਆਂ ਦੇ ਦੇਸ਼ ਮਾਲਦੀਵਜ਼ ਨਾਲ ਭਾਰਤ ਦੇ ਸੰਬੰਧ ਆਰਥਿਕ ਤੇ ਤਕਨੀਕੀ ਮਿਲਵਰਤਨ ਦੀ ਪਰੰਪਰਾ 'ਤੇ ਆਧਾਰਿਤ ਰਹੇ ਹਨ। ਮਾਲਦੀਵਜ਼ ਦੀ ਅੰਦਰੂਨੀ ਰਾਜਨੀਤੀ ਦੀ ਅਸਥਿਰਤਾ ਦੀ ਅਵਸਥਾ ਦੇਸ਼ ਦੇ ਹਿੱਤ ਵਿਚ ਨਹੀਂ ਕਹੀ ਜਾ ਸਕਦੀ। ਪੀਣ ਵਾਲੇ ਪਾਣੀ ਦੇ ਸੰਕਟ ਸਮੇਂ ਦਸੰਬਰ 2014 ਵਿਚ ਭਾਰਤ ਨੇ ਫੌਰਨ ਹਵਾਈ ਤੇ ਸਮੁੰਦਰੀ ਸੈਨਾ ਦੀ ਮਦਦ ਨਾਲ ਸਥਿਤੀ ਨੂੰ ਸੰਭਾਲਿਆ। ਭਾਰਤ ਦੇ ਉੱਤਰ-ਪੱਛਮੀ ਖੇਤਰ ਦੇ ਪਾਕਿਸਤਾਨ ਤੇ ਅਫ਼ਗਨਿਸਤਾਨ ਨਾਲ ਸੰਬੰਧ ਇਤਿਹਾਸਕ ਉਲਝਣਾਂ ਤੇ ਅੰਤਰਰਾਸ਼ਟਰੀ ਪ੍ਰਸਥਿਤੀਆਂ ਨਾਲ ਜੁੜੇ ਹੋਏ ਹਨ। ਅਫ਼ਗਾਨਿਸਤਾਨ ਦੀ ਲੰਬੇ ਸਮੇਂ ਤੋਂ ਚਲੀ ਆ ਰਹੀ ਖ਼ਾਨਾਜੰਗੀ ਨੇ ਇਸ ਖੇਤਰ ਨੂੰ ਬੁਰੀ ਤਰ੍ਹਾਂ ਪ੍ਰਭਾਵਤ ਕੀਤਾ ਹੈ। ਪਾਕਿਸਤਾਨ ਵਲੋਂ ਕੱਟੜਪੰਥੀ ਤੇ ਦਹਿਸ਼ਤਪਸੰਦ ਤੱਤਾਂ ਨੂੰ ਸਿਆਸੀ ਹਥਿਆਰ ਬਣਾ ਕੇ ਪ੍ਰਯੋਗ ਕਰਨ ਨਾਲ ਸਾਰੇ ਖੇਤਰ ਦਾ ਅਮਨ ਖ਼ਤਰੇ 'ਚ ਪਿਆ ਹੋਇਆ ਹੈ ਤੇ ਖੁਦ ਪਾਕਿਸਤਾਨ ਨੂੰ ਵੀ ਇਸ ਦੀ ਗ਼ੈਰ-ਮਾਨਵੀ ਨੀਤੀ ਦੀ ਭਾਰੀ ਕੀਮਤ ਅਦਾ ਕਰਨੀ ਪੈ ਰਹੀ ਹੈ। ਜਦੋਂ ਤਕ ਜੰਗ ਦੀ ਮਾਨਸਿਕਤਾ ਨੂੰ ਤਿਆਗ ਕੇ ਗੱਲਬਾਤ ਰਾਹੀਂ ਸਮਝੌਤੇ ਦਾ ਰਸਤਾ ਨਹੀਂ ਅਪਨਾਇਆ ਜਾਂਦਾ ਉਦੋਂ ਤਕ ਇਸ ਖਿੱਤੇ ਵਿਚ ਸੁਖ-ਸ਼ਾਂਤੀ ਦਾ ਸੁਪਨਾ ਸਾਕਾਰ ਹੋਣਾ ਸੰਭਵ ਨਹੀਂ। ਧਰਮ, ਫ਼ਿਰਕੇ, ਕਬੀਲੇ ਤੇ ਨਸਲ ਆਧਾਰਿਤ ਰਾਜ ਦੇ ਸੰਕਲਪ ਇੱਕੀਵੀਂ ਦੀ ਦੇ 'ਵਿਸ਼ਵ ਪਿੰਡ' ਦੀ ਅਸਲੀਅਤ ਨਾਲ ਮੇਲ ਨਹੀਂ ਖਾਂਦੇ ਤਾਂ ਨਾ ਹੀ ਨਵੇਂ ਮਾਰੂ ਹਥਿਆਰ ਜਿੱਤ ਨੂੰ ਯਕੀਨੀ ਬਣਾ ਸਕਦੇ ਹਨ। ਭਾਰਤ ਆਪਣੇ ਉੱਤਰ ਪੱਛਮ ਦੇ ਗੁਆਂਢੀਆਂ ਨਾਲ ਸ਼ਾਂਤੀ ਤੇ ਸਹਿਯੋਗ ਦੇ ਰਿਸ਼ਤੇ ਸਥਾਪਤ ਕਰਨ ਲਈ ਹਰ ਸੰਭਵ ਕੂਟਨੀਤਕ ਕੋਸ਼ਿਸ਼ਾਂ ਕਰਦਾ ਰਿਹਾ ਹੈ। ਭਾਰਤ ਦਾ ਉੱਤਰ-ਪੂਰਬੀ ਗੁਆਂਢੀ ਮਿਆਂਮਾਰ-ਬਰਮਾ ਜਿਸ ਨਾਲ 1643 ਕਿਲੋਮੀਟਰ ਦੀ ਸਰਹੱਦ ਹੈ, ਲੰਬੇ ਸਮੇਂ ਤੋਂ ਆਪਣੇ ਅੰਦਰੂਨੀ ਰਾਜਨੀਤਕ ਕਲੇਸ਼ ਨਾਲ ਜੂਝ ਰਿਹਾ ਹੈ। ਭਾਰਤ ਦੇ ਗਹਿਰੇ ਸਭਿਆਚਾਰਕ ਰਿਸ਼ਤਿਆਂ ਤੇ ਭੂਗੋਲਿਕ ਸਥਿਤੀ ਦੇ ਸੰਦਰਭ ਵਿਚ ਮਿਆਂਮਾਰ ਨਾਲ ਹਰ ਸੰਭਵ ਸਹਿਯੋਗ ਕਰਨ ਲਈ ਤਿਆਰ ਹੈ। ਜਿਥੋਂ ਤਕ ਭਾਰਤ ਦੇ ਤੇਜ਼ ਰਫ਼ਤਾਰ ਨਾਲ ਤਰੱਕੀ ਕਰ ਰਹੇ ਤੇ ਮਹਾਂਸ਼ਕਤੀ ਬਣ ਕੇ ਉੱਭਰ ਰਹੇ ਗੁਆਂਢੀ ਚੀਨ ਦਾ ਸੰਬੰਧ ਹੈ, ਇਹ ਤਸੱਲੀ ਵਾਲੀ ਗੱਲ ਹੈ ਕਿ ਦੋਵੇਂ ਦੇਸ਼ਾਂ ਦੇ ਨੇਤਾਵਾਂ ਵਿਚ ਗੱਲਬਾਤ ਦਾ ਸਿਲਸਿਲਾ ਲਗਾਤਾਰ ਚੱਲ ਰਿਹਾ ਹੈ। ਚੀਨ ਦੇ ਪ੍ਰਧਾਨ ਮੰਤਰੀ ਸ੍ਰੀ ਜਿਨ ਪੈਂਗ ਨੇ 17-19 ਸਤੰਬਰ ਭਾਰਤ ਦੀ ਯਾਤਰਾ ਕੀਤੀ। ਦੋਵੇਂ ਧਿਰਾਂ ਨੇ 16 ਸਮਝੌਤਿਆਂ 'ਤੇ ਦਸਤਖ਼ਤ ਕੀਤੇ ਜਿਨ੍ਹਾਂ ਵਿਚ ਰੇਲਵੇ, ਪੁਲਾੜ ਤੇ ਸਭਿਆਚਾਰਕ ਮਿਲਵਰਤਨ ਦੇ ਖੇਤਰ ਤੇ ਭਾਰਤ ਵਿਚ ਉਦਯੋਗ ਪਾਰਕ ਦੇ ਸਥਾਪਤ ਕਰਨ ਦਾ ਵਿਸ਼ੇਸ਼ ਜ਼ਿਕਰ ਸੀ। ਦੋਵੇਂ ਦੇਸ਼ਾਂ ਨੇ ਸੀਮਾ ਵਿਵਾਦ ਦੇ ਗੁੰਝਲਦਾਰ ਮਸਲੇ ਦੇ ਹੱਲ ਤਲਾਸ਼ ਕਰਨ ਲਈ ਵਿਸ਼ੇਸ਼ ਪ੍ਰਤਿਨਿਧਾਂ ਨੂੰ ਨਿਯੁਕਤ ਕੀਤਾ ਹੋਇਆ ਹੈ ਜੋ ਗੱਲਬਾਤ ਦੇ 17 ਦੌਰ ਪੂਰੇ ਕਰ ਚੁੱਕੇ ਹਨ।

ਭਾਰਤ ਦੇ ਦੱਖਣ-ਪੂਰਬੀ ਏਸ਼ੀਆ ਦੇ ਪ੍ਰਸ਼ਾਂਤ ਮਹਾਂਸਾਗਰ ਦੇ ਖੇਤਰ ਨਾਲ ਸੰਬੰਧਾਂ ਨੂੰ

'ਪੂਰਬ ਵਲ ਦੇਖੋ' ਦੇ ਨੀਤੀ ਨਾਅਰੇ ਨਾਲ ਪ੍ਰਭਾਵਤ ਕੀਤਾ ਗਿਆ ਹੈ। *ਆਸੀਆਨ* ਦੇ ਦੇਸ਼ਾਂ ਦਾ ਭਾਰਤ ਨਾਲ ਵਪਾਰਕ ਸਭਿਆਚਾਰਕ ਸੰਬੰਧਾਂ ਦੀ ਇਤਿਹਾਸਕ ਪਰੰਪਰਾ ਰਹੀ ਹੈ। ਦੂਰ ਪੂਰਬ ਦੇ ਦੇਸ਼ਾਂ, ਖ਼ਾਸ ਕਰਕੇ ਜਾਪਾਨ ਤੇ ਕੋਰੀਆ ਗਣਤੰਤਰ, ਭਾਰਤ ਵਿਚ ਉਦਯੋਗ ਤੇ ਨਿਵੇਸ਼ ਵਿਚ ਵੱਡਾ ਹਿੱਸਾ ਪਾ ਰਹੇ ਹਨ। ਰਸ਼ੀਅਨ ਫੈਡਰੇਸ਼ਨ, ਦੱਖਣੀ ਕੋਹਕਾਫ ਤੇ ਮੱਧ ਏਸ਼ੀਆ ਦੇ ਦੇਸ਼ਾਂ ਨਾਲ ਭਾਰਤ ਦੇ ਸੰਬੰਧ ਸਦਾ ਹੀ ਗਹਿਰੀ ਮਿੱਤਰਤਾ ਤੇ ਮਿਲਵਰਤਨ ਵਾਲੇ ਰਹੇ ਹਨ। ਈਰਾਨ ਤੇ ਸਾਊਦੀ ਅਰਬ ਭਾਰਤ ਨੂੰ ਤੇਲ ਮੁਹੱਈਆ ਕਰਨ ਵਾਲੇ ਭਰੋਸੇਮੰਦ ਵਪਾਰਕ ਭਾਈਵਾਲ ਰਹੇ ਹਨ। ਖਾੜੀ ਦੇ ਦੇਸ਼ਾਂ ਵਿਚ ਭਾਰਤੀ ਕਾਮਿਆਂ ਤੇ ਪ੍ਰਬੰਧਕਾਂ ਨੂੰ ਵੱਡੀ ਗਿਣਤੀ ਵਿਚ ਰੁਜ਼ਗਾਰ ਮਿਲਿਆ ਹੋਇਆ ਹੈ ਜਿਸ ਸਦਕਾ ਭਾਰਤ ਦੁਨੀਆਂ ਦਾ ਬਦੇਸ਼ੀ ਮੁਦਰਾ ਪ੍ਰਾਪਤ ਕਰਨ ਵਾਲਾ (71 ਬਿਲੀਅਨ ਡਾਲਰ) ਪਹਿਲੇ ਨੰਬਰ ਦਾ ਦੇਸ਼ ਬਣਿਆ ਹੋਇਆ ਹੈ।

ਭਾਰਤ ਨੇ ਸਭ ਅੰਤਰਰਾਸ਼ਟਰੀ ਮੰਚਾਂ ਉਤੇ ਅਫ਼ਰੀਕਾ ਦੀ ਖ਼ੁਦਮੁਖਤਿਆਰ ਲਈ ਤੇ ਨਸਲੀ ਵਿਤਕਰੇ ਵਿਰੁੱਧ ਸੰਘਰਸ਼ ਦੌਰਾਨ ਅਰਥ ਭਰਪੂਰ ਹਮਾਇਤ ਕੀਤੀ। ਭਾਰਤੀ ਮੂਲ ਦੇ ਲੋਕਾਂ ਨੇ ਅਫ਼ਰੀਕਾ ਦੀ ਆਰਥਿਕਤਾ ਨੂੰ ਵਿਕਸਤ ਕਰਨ ਵਿਚ ਵੱਡਾ ਯੋਗਦਾਨ ਪਾਇਆ ਹੈ। ਭਾਰਤ ਨੇ ਵਿਸ਼ੇਸ਼ ਆਰਥਿਕ ਤੇ ਤਕਨੀਕੀ ਮਿਲਵਰਤਨ ਦੇ ਪ੍ਰੋਗਰਾਮ ਅਨੁਸਾਰ ਵੱਡੇ ਪੈਮਾਨੇ 'ਤੇ ਘੱਟ ਵਿਕਸਤ ਅਫ਼ਰੀਕੀ ਦੇਸ਼ਾਂ ਨੂੰ ਵਿੱਦਿਆ ਤੇ ਸਮਾਜਿਕ ਵਿਕਾਸ ਦੇ ਖੇਤਰਾਂ ਵਿਚ ਵੱਡੇ ਪੈਮਾਨੇ 'ਤੇ ਸਹਾਇਤਾ ਜਾਰੀ ਰੱਖੀ ਹੈ। ਇਸ ਸਾਲ ਦਿੱਲੀ ਵਿਚ ਹੋਣ ਵਾਲੇ ਭਾਰਤ-ਅਫਰੀਕਾ ਸਿਖਰ ਸੰਮੇਲਨ ਦੌਰਾਨ ਦੂਰਗਾਮੀ ਨੀਤੀਆਂ ਤੇ ਆਪਸੀ ਸਹਿਯੋਗ ਦੇ ਅਨੇਕ ਨਵੇਂ ਸਮਝੌਤਿਆਂ ਦੀਆਂ ਠੋਸ ਸੰਭਾਵਨਾਵਾਂ ਹਨ।

ਭਾਰਤ ਦੇ ਯੂਰਪ ਦੇ ਸਭ ਦੇਸ਼ਾਂ ਤੇ ਯੂਰਪੀਅਨ ਸੰਘ ਨਾਲ ਸੰਬੰਧ ਆਪਸੀ ਨਿੱਘ ਤੇ ਲਾਭਦਾਇਕ ਮਿਲਵਰਤਨ 'ਤੇ ਆਧਾਰਿਤ ਰਹੇ ਹਨ। ਭਾਰਤ ਦੀ ਪ੍ਰਾਚੀਨ ਸਭਿਅਤਾ ਤੇ ਆਧੁਨਿਕ ਕਾਲ ਵਿਚ ਲੋਕਤੰਤਰੀ ਪ੍ਰਣਾਲੀ ਦੀ ਸਫਲਤਾ ਨੇ ਯੂਰਪ ਦੇ ਲੋਕਾਂ ਨੂੰ ਹਮੇਸ਼ਾ ਹੀ ਆਕਰਸ਼ਿਤ ਕੀਤਾ ਹੈ। ਬ੍ਰਿਟੇਨ, ਫਰਾਂਸ ਤੇ ਜਰਮਨੀ ਨੇ ਭਾਰਤ ਦੇ ਵਿਕਾਸ ਵਿਚ ਮਹੱਤਵਪੂਰਨ ਹਿੱਸਾ ਪਾਇਆ ਹੈ ਤੇ ਪੂਰਬੀ ਯੂਰਪ ਦੇ ਦੇਸ਼ਾਂ ਨਾਲ ਸੋਵੀਅਤ ਯੂਨੀਅਨ ਦੇ ਸਮੇਂ ਤੋਂ ਵਪਾਰ ਤੇ ਵਿੱਦਿਆ ਦੇ ਖੇਤਰ ਵਿਚ ਅਦਾਨ ਪ੍ਰਦਾਨ ਦੀ ਮਜ਼ਬੂਤ ਪਰੰਪਰਾ ਰਹੀ ਹੈ। ਬ੍ਰਿਟੇਨ ਵਿਚ ਭਾਰਤੀ ਮੂਲ ਦੇ ਲੋਕਾਂ ਨੇ ਉਥੋਂ ਦੇ ਹਰ ਖੇਤਰ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਹੈ। 28 ਦੇਸ਼ਾਂ ਦਾ ਯੂਰਪੀਅਨ ਸੰਘ ਭਾਰਤ ਦਾ ਸਭ ਤੋਂ ਵੱਡਾ ਖੇਤਰੀ ਵਪਾਰਕ ਭਾਈਵਾਲ ਹੈ।

**27 ਸਤੰਬਰ 2014 ਨੂੰ ਸੰਯੁਕਤ ਰਾਸ਼ਟਰ ਦੀ ਆਮ ਸਭਾ ਦੇ 69ਵੇਂ ਇਜਲਾਸ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਸੰਯੁਕਤ ਰਾਸ਼ਟਰ ਸੁਰੱਖਿਆ ਸੰਮਤੀ ਦੇ ਸੁਧਾਰ ਤੇ ਪੁਨਰਗਠਨ ਦੀ ਵਕਾਲਤ ਕੀਤੀ ਤਾਂ ਕਿ ਇਹ ਪ੍ਰਮੁੱਖ ਸੰਸਥਾ ਦੁਨੀਆਂ ਦੇ ਬਦਲੇ ਯਥਾਰਥ ਨੂੰ ਪ੍ਰਤਿਬਿੰਬਤ ਕਰ ਸਕੇ। ਉਨ੍ਹਾਂ ਨੇ ਭਾਰਤ ਦੀ ਸ਼ਾਂਤੀਪੂਰਨ ਤੇ ਸਥਿਰ ਵਾਤਾਵਰਨ ਲਈ ਪ੍ਰਬਲ ਇੱਛਾ ਜਤਾਈ। ਉਨ੍ਹਾਂ ਨੇ ਗਰੀਬੀ ਹਟਾਉਣ ਅਤੇ ਦਹਿਸ਼ਤਗਰਦੀ ਦੇ ਪ੍ਰਮੁੱਖ ਮਾਮਲਿਆਂ 'ਤੇ ਆਪਣੇ ਵਿਚਾਰ ਵਿਸਤਾਰ ਵਿਚ ਪ੍ਰਗਟ ਕਰਦੇ ਹੋਏ ਅੰਤਰ-ਰਾਸ਼ਟਰੀ ਭਾਈਚਾਰੇ ਨੂੰ ਮਿਲ ਕੇ ਦ੍ਰਿੜ੍ਹਤਾ ਨਾਲ ਕੰਮ ਕਰਨ ਲਈ ਪੁਕਾਰ ਕੀਤੀ।**

ਰਾਸ਼ਟਰਮੰਡਲ ਦੇਸ਼ਾਂ ਦੇ ਸਮੂਹ ਵਿਚ ਭਾਰਤ ਦਾ ਯੋਗਦਾਨ ਹਮੇਸ਼ਾ ਮਹੱਤਵਪੂਰਨ ਤੇ ਰਚਨਾਤਮਕ ਰਿਹਾ ਹੈ। ਗੁੱਟ ਨਿਰਪੇਖ ਅੰਦੋਲਨ ਦਾ ਭਾਰਤ ਸੰਸਥਾਪਕ ਦੇਸ਼ ਹੋਣ ਕਰਕੇ ਬਦਲੇ ਹੋਏ ਹਾਲਾਤ ਵਿਚ ਵੀ ਇਸ ਮੰਚ ਦੇ ਸੰਮੇਲਨ ਵਿਚ ਪ੍ਰਮੁੱਖ ਭੂਮਿਕਾ ਨਿਭਾਉਂਦਾ ਹੈ। ਪਿਛਲੇ ਸਾਲਾਂ ਵਿਚ ਹੋਂਦ ਵਿਚ ਆਏ ਅੰਤਰਰਾਸ਼ਟਰੀ ਸੰਸਥਾਨ ਜਿਨ੍ਹਾਂ ਵਿਚ ਬ੍ਰਿਕਸ (ਬ੍ਰਾਜ਼ੀਲ, ਰਸ਼ੀਆ, ਭਾਰਤ, ਚੀਨ ਤੇ ਸਾਊਥ ਅਫ਼ਰੀਕਾ); ਪੰਦਰਾਂ ਦਾ ਸਮੂਹ (ਜੀ-15); ਇਬਸਾ (ਭਾਰਤ, ਚੀਨ ਤੇ ਦੱਖਣੀ ਅਫ਼ਰੀਕਾ), ਹਿੰਦ ਮਹਾਂਸਾਗਰ ਰਿਮ ਸੰਗਠਨ (ਆਈ ਓ ਆਰ ਏ), ਰੂਸ, ਭਾਰਤ ਤੇ ਚੀਨ (ਆਰ ਆਈ ਸੀ) ਤੇ ਹੋਰ ਅਨੇਕ ਖੇਤਰ।

ਵਿਦੇਸ਼ੀ ਮਾਮਲਿਆਂ ਵਿਚ ਭਾਰਤ ਦੀ ਰਾਸ਼ਟਰੀ ਆਮ ਸਹਿਮਤੀ - ਦੀ ਪਰੰਪਰਾ ਰਹੀ ਹੈ ਤੇ ਰਾਸ਼ਟਰ ਹਿਤ ਤੇ ਸੁਰੱਖਿਆ ਦੇ ਮੁੱਦਿਆਂ ਬਾਰੇ ਕੋਈ ਬੇਲੋੜੇ ਵਿਵਾਦ ਨਹੀਂ ਹੋਣੇ ਚਾਹੀਦੇ। ਸ੍ਰੀਲੰਕਾ ਤੇ ਬੰਗਲਾਦੇਸ਼ ਨਾਲ ਸੰਬੰਧਾਂ ਨੂੰ ਬੜੀ ਸੰਵੇਦਨਾ ਨਾਲ ਸਮਝ ਕੇ ਖੇਤਰੀ ਭਾਵਨਾਵਾਂ ਤੇ ਰਾਸ਼ਟਰ ਹਿਤ ਦਾ ਸੁਮੇਲ ਬਣਾਉਣ ਦੀ ਪ੍ਰਕਿਰਿਆ ਜ਼ਰੂਰੀ ਹੈ। ਭਾਰਤ ਦਾ ਸੰਸਾਰ ਵਿਚ ਸਤਿਕਾਰ ਇਸ ਦੇ ਸਹਿਨਸ਼ੀਲਤਾ ਦੇ ਪੁਰਾਤਨ ਵਿਰਸੇ, ਸੁਤੰਤਰਤਾ ਬਾਅਦ ਲੋਕ ਤੰਤਰ ਤੇ ਧਰਮ ਨਿਰਪੇਖਤਾ ਵਿਚ ਦ੍ਰਿੜ੍ਹ ਵਿਸ਼ਵਾਸ, ਨਿਰਪੱਖ ਨਿਆਂ ਪ੍ਰਣਾਲੀ ਅਤੇ ਨਿੱਜੀ ਆਜ਼ਾਦੀ ਨਾਲ ਜੁੜਿਆ ਹੋਇਆ ਹੈ। ਭਾਰਤ ਦੇ ਸਮਾਜਿਕ ਵਿਕਾਸ, ਸਿੱਖਿਆ ਤੇ ਸਿਹਤ ਦੇ ਖੇਤਰ ਵਿਚ ਸਫਲਤਾਵਾਂ ਨੇ ਦੇਸ਼ ਦੀ ਤਸਵੀਰ ਨੂੰ ਬਦਲਿਆ ਹੈ। ਸੰਤੁਲਿਤ ਤੇ ਤੇਜ਼ ਆਰਥਿਕ ਵਿਕਾਸ ਦਾ ਮਾਰਗ ਹੀ ਨਵੀਂ ਦੁਨੀਆਂ ਵਿਚ ਭਾਰਤ ਨੂੰ ਇਸ ਦਾ ਯੋਗ ਕੂਟਨੀਤਕ ਸਥਾਨ ਦਿਵਾ ਸਕਦਾ ਹੈ।

ਅੰਤਰਰਾਸ਼ਟਰੀ ਸੰਬੰਧਾਂ ਦੇ ਗਹਿਰੇ ਜਾਣਕਾਰ ਸੂਤਰਾਂ ਅਨੁਸਾਰ, "ਸੀਤ ਯੁਧ ਤੋਂ ਬਾਅਦ ਦੀ ਚੌਥਾਈ ਸਦੀ ਇਤਿਹਾਸ ਦੇ ਪੰਨਿਆਂ ਵਿਚ ਗੁਆਚ ਗਈ ਹੈ ਤੇ ਭਾਰਤ ਨੂੰ ਇਕ ਵਾਰ ਫਿਰ ਆਪਣੀ ਵਿਦੇਸ਼ ਨੀਤੀ ਨੂੰ ਨਵੇਂ ਸੰਸਾਰ ਦੇ ਢਾਂਚੇ ਦੀਆਂ ਸਚਾਈਆਂ ਮੁਤਾਬਕ ਢਾਲਣ ਦੀ ਚੁਣੌਤੀ ਦਰਪੇਸ਼ ਹੈ।" ਭਾਰਤ ਨੂੰ ਵਿਸ਼ਵ-ਆਰਥਿਕਤਾ ਦੇ ਨਵੇਂ ਟੁਕੜਿਆਂ ਵਿਚ ਵੰਡੇ ਜਾਣ ਦੀਆਂ ਪ੍ਰਸਥਿਤੀਆਂ ਤੋਂ ਸਾਵਧਾਨ ਰਹਿਣ ਦੀ ਜ਼ਰੂਰਤ ਹੈ। ਯੂਕ੍ਰੇਨ ਦੇ ਸੰਕਟ ਨੇ ਸ਼ਕਤੀ ਸੰਤੁਲਨ ਦੀਆਂ ਨਵੀਆਂ ਹਕੀਕਤਾਂ ਉਜਾਗਰ ਕੀਤੀਆਂ ਹਨ - ਅਮਰੀਕਾ ਦੇ 'ਕੱਲੇ ਪ੍ਰਮੁੱਖ ਮਹਾਂ ਸ਼ਕਤੀ ਹੋਣ ਦੇ ਵਕਾਰ ਨੂੰ ਠੇਸ ਪੁੱਜੀ ਹੈ। ਅਮਰੀਕਾ-ਚੀਨ ਤੇ ਰੂਸ ਦੀ ਤਿਕੋਣ ਵਿਚ, ਚੀਨ ਪਾਸ ਵਧੇਰੇ ਤਕੜੇ ਲੀਵਰਜ਼ - ਸਮਝੇ ਜਾ ਰਹੇ ਹਨ। ਉਪ-ਰਾਸ਼ਟਰਪਤੀ ਸ੍ਰੀ ਹਮੀਦ ਅੰਸਾਰੀ ਨੇ 30 ਜੂਨ 2014 ਨੂੰ ਬੀਜਿੰਗ ਵਿਚ ਕਿਹਾ ਸੀ, "ਅਜਿਹਾ ਇਤਿਹਾਸ ਵਿਚ ਬਹੁਤ ਘੱਟ ਹੋਇਆ ਹੈ ਕਿ ਦੋ ਵੱਡੇ ਗੁਆਂਢੀ ਦੇਸ਼ ਇਕ ਸਮੇਂ ਉੱਭਰਦੀਆਂ ਸ਼ਕਤੀਆਂ ਬਣੇ ਹੋਣ ... ਕੀ ਇੱਕੀਵੀਂ ਸਦੀ ਏਸ਼ੀਆ ਦੀ ਸਦੀ ਹੋਵੇਗੀ? ਅਜਿਹਾ ਹੋਣ ਲਈ ਭਾਰਤ ਤੇ ਚੀਨ ਨੂੰ ਅਜਿਹੇ ਸੰਸਾਰ ਦੀ ਰਚਨਾ ਲਈ ਫ਼ੈਸਲਾਕੁੰਨ ਭੂਮਿਕਾ ਨਿਭਾਈ ਹੋਵੇਗੀ ਜੋ ਨੇਕ ਗੁਆਂਢ ਵਜੋਂ ਆਪਸੀ ਖ਼ੁਸ਼ਹਾਲੀ 'ਤੇ ਆਧਾਰਿਤ ਹੋਵੇ।"

*(ਲੇਖਕ ਭਾਰਤੀ ਵਿਦੇਸ਼ ਸੇਵਾ ਦਾ ਸਾਬਕਾ ਅਧਿਕਾਰੀ ਤੇ ਉੱਘਾ ਪੱਤਰਕਾਰ ਹੈ।)*

*e-mail :baal.anand@gmail.com*

# ਨਿਰਯਾਤ ਵਾਧਾ ਤੇ ਨਵੀਂ ਵਿਦੇਸ਼ ਵਪਾਰ ਨੀਤੀ

ਸਰਬਜੀਤ ਸਿੰਘ ਛੀਨਾ

ਸ਼ਾਇਦ ਹੀ ਕਿਸੇ ਪ੍ਰਧਾਨ ਮੰਤਰੀ ਨੇ ਇਕ ਸਾਲ ਵਿਚ ਇੰਨੇ ਦੇਸ਼ਾਂ ਦੀ ਯਾਤਰਾ ਕੀਤੀ ਹੋਵੇ ਜਿੰਨੀ ਸ੍ਰੀ ਨਰੇਂਦਰ ਮੋਦੀ, ਭਾਰਤ ਦੇ ਪ੍ਰਧਾਨ ਮੰਤਰੀ ਨੇ ਕੀਤੀ ਹੈ। ਇਸ ਯਾਤਰਾ ਦਾ ਮੁੱਖ ਮੰਤਵ ਇਨ੍ਹਾਂ ਦੇਸ਼ਾਂ ਨਾਲ ਆਰਥਿਕ ਸੰਬੰਧ ਅਤੇ ਖ਼ਾਸ ਕਰਕੇ ਅੰਤਰਰਾਸ਼ਟਰੀ ਵਪਾਰ ਵਧਾਉਣਾ ਹੈ। ਪ੍ਰਧਾਨ ਮੰਤਰੀ ਨੇ ਯੂਰਪ ਵਿਚ ਜਰਮਨੀ, ਏਸ਼ੀਆ ਵਿਚ ਜਪਾਨ, ਅਮਰੀਕਾ ਮਹਾਂਦੀਪ ਵਿਚ ਕੈਨੇਡਾ ਅਤੇ ਅਸਟ੍ਰੇਲੀਆ ਜਿਹੇ ਵਿਕਸਤ ਦੇਸ਼ਾਂ ਦੀ ਯਾਤਰਾ ਦੇ ਨਾਲ-ਨਾਲ ਪਛੜੇ ਦੇਸ਼ ਜਿਵੇਂ ਬਰਮਾ, ਮੰਗੋਲੀਆ, ਸਾਈਚਲਜ ਆਦਿ ਦੀ ਵੀ ਯਾਤਰਾ ਕੀਤੀ ਹੈ। ਭਾਵੇਂ ਕਿ ਭਾਰਤ ਵਿਚ ਕੁੱਲ ਦੁਨੀਆਂ ਦੀ ਕਾਫ਼ੀ ਵਸੋਂ ਰਹਿੰਦੀ ਹੈ ਪਰ ਭਾਰਤ ਦੇ ਅੰਤਰਰਾਸ਼ਟਰੀ ਵਪਾਰ ਵਿਚ ਹਿੱਸਾ ਸਿਰਫ਼ 2 ਪ੍ਰਤਿਸ਼ਤ ਹੈ ਉਹ ਵੀ 21ਵੀਂ ਸਦੀ ਵਿਚ ਹੋਇਆ ਹੈ ਜਦ ਕਿ ਵੀਹਵੀਂ ਸਦੀ ਦੇ ਅੰਤ ਤਕ ਭਾਰਤ ਦਾ ਅੰਤਰਰਾਸ਼ਟਰੀ ਵਪਾਰ ਵਿਚ ਹਿੱਸਾ ਸਿਰਫ਼ 1.7 ਪ੍ਰਤਿਸ਼ਤ ਸੀ।

ਵਿਦੇਸ਼ ਵਪਾਰ ਲਈ ਜਿਹੜੀ ਨਵੀਂ ਨੀਤੀ 1 ਅਪ੍ਰੈਲ 2015 ਤੋਂ ਸ਼ੁਰੂ ਹੋਈ ਹੈ ਉਹ 31 ਮਾਰਚ 2020 ਤਕ ਲਾਗੂ ਰਹੇਗੀ ਅਤੇ ਇਸ ਵਿਚ ਮੁੱਖ ਜ਼ੋਰ ਨਿਰਯਾਤ ਵਧਾਉਣ 'ਤੇ ਦਿਤਾ ਜਾਵੇਗਾ। ਇਸ ਨੀਤੀ ਦੇ ਅਨੁਸਾਰ ਵਿਦੇਸ਼ ਵਪਾਰ ਦੇ ਮਹਾਂਨਿਰਦੇਸ਼ਕ ਦੇ ਦਫ਼ਤਰ ਵਿਚ "ਨਿਰਯਾਤ ਬੰਧੂ" (ਨਿਰਯਾਤ ਸਹਾਇਕ) ਦਾ ਦਫ਼ਤਰ ਹੋਵੇਗਾ ਜੋ ਨਿਰਯਾਤਕਾਰਾਂ ਨੂੰ ਹਰ ਤਰ੍ਹਾਂ ਦੀ ਮਦਦ, ਸਹਾਇਤਾ ਅਤੇ ਅਗਵਾਈ ਕਰ ਕੇ ਉਨ੍ਹਾਂ ਦੀਆਂ ਮੁਸ਼ਕਿਲਾਂ ਦਾ ਹੱਲ ਕਰਨ ਲਈ ਹੋਵੇਗਾ। ਮਹਾਂਨਿਰਦੇਸ਼ਕ ਦੇ ਦਫ਼ਤਰ ਨੂੰ 4 ਖਿੱਤਿਆਂ ਵਿਚ ਵੰਡਿਆ ਜਾਵੇਗਾ ਤਾਂ ਕਿ ਕਿਸੇ ਵੀ ਜ਼ੋਨਲ ਦਫ਼ਤਰ ਵਿਚ ਕੰਮ ਦਾ ਬੋਝ ਨਾ ਹੋਵੇ। ਨਵੀਂ ਨੀਤੀ ਦੇ ਤਹਿਤ ਨਿਰਯਾਤ ਵਧਾਉਣ ਲਈ ਦੋ ਸਕੀਮਾਂ ਹੋਣਗੀਆਂ; ਇਕ ਹੈ ਵਸਤੂਆਂ ਦੀ ਨਿਰਯਾਤ ਦੀ ਸਕੀਮ ਅਤੇ ਦੂਸਰੀ ਹੈ ਸੇਵਾਵਾਂ ਦੀ ਨਿਰਯਾਤ ਦੀ। ਭਾਵੇਂ ਭਾਰਤ ਦੀ ਨਿਰਯਾਤ ਵਿਚ ਵਸਤੂਆਂ ਅਤੇ ਸੇਵਾਵਾਂ ਦੋਵਾਂ ਦੀ ਨਿਰਯਾਤ ਵਿਚ ਵਾਧਾ ਕਰਨ ਦੇ ਯਤਨ ਕੀਤੇ ਜਾਣਗੇ ਪਰ ਪਿਛਲੇ ਸਮਿਆਂ ਵਿਚ ਸੇਵਾਵਾਂ ਦਾ ਨਿਰਯਾਤ ਨਾਲ ਹੋਏ ਲਾਭਾਂ ਕਰਕੇ ਸੇਵਾਵਾਂ 'ਤੇ ਵੀ ਖ਼ਾਸ ਧਿਆਨ ਕੇਂਦਰਿਤ ਕੀਤਾ ਜਾਵੇਗਾ। ਭਾਰਤ ਦੇ ਵਿਦੇਸ਼ ਵਪਾਰ ਵਿਚ ਆਯਾਤ ਦੀ ਮਾਤਰਾ ਜ਼ਿਆਦਾ ਰਹੀ ਹੈ ਜਦ ਕਿ ਨਿਰਯਾਤ ਘੱਟ ਹੈ ਜਿਸ ਕਰਕੇ ਭਾਰਤ ਦਾ ਵਪਾਰ ਸੰਤੁਲਨ ਹਮੇਸ਼ਾ ਭਾਰਤ ਦੇ ਉਲਟ ਰਿਹਾ ਹੈ ਜਿਸ ਦਾ ਅਰਥ ਹੈ ਕਿ ਭਾਰਤ ਨੇ ਵਿਦੇਸ਼ਾਂ ਦੇ ਪੈਸੇ ਦੇਣੇ ਜ਼ਿਆਦਾ ਹੁੰਦੇ ਹਨ ਅਤੇ ਬਾਹਰੋਂ ਘੱਟ ਲੈਣੇ ਹੁੰਦੇ ਹਨ। ਭਾਵੇਂ ਕਿ ਭਾਰਤ ਦਾ ਵਿਦੇਸ਼ ਵਪਾਰ 2000 ਤੋਂ 2011 ਤਕ ਹਰ ਸਾਲ 21 ਪ੍ਰਤਿਸ਼ਤ ਸਾਲਾਨਾ ਦਰ ਨਾਲ ਵਧਦਾ ਰਿਹਾ ਹੈ ਪਰ ਇਸ ਵਿਚ ਆਯਾਤ ਨਾਲੋਂ ਨਿਰਯਾਤ ਜ਼ਿਆਦਾ ਹੁੰਦੀ ਰਹੀ ਹੈ।

ਆਯਾਤ ਸੰਬੰਧੀ ਭਾਰਤ ਦੀਆਂ ਕੁਝ ਮਜਬੂਰੀਆਂ ਹਨ ਅਤੇ ਉਨ੍ਹਾਂ ਨੂੰ ਟਾਲਣਾ ਸੰਭਵ ਨਹੀਂ। ਭਾਰਤ ਦੀ ਤੇਲ, ਡੀਜ਼ਲ, ਪੈਟਰੋਲ ਆਦਿ ਲੋੜਾਂ ਦਾ 70 ਪ੍ਰਤਿਸ਼ਤ ਹਰ ਸਾਲ ਆਯਾਤ ਕਰਨਾ ਪੈਂਦਾ ਹੈ ਜਿਸ ਦਾ ਕੋਈ ਬਦਲ ਨਹੀਂ ਮਿਲ ਰਿਹਾ ਅਤੇ ਹਰ ਸਾਲ ਇਸ ਲਈ ਹਜ਼ਾਰਾਂ ਕਰੋੜਾਂ ਰੁਪਏ ਖਰਚਣੇ ਪੈਂਦੇ ਹਨ। ਪਿਛਲੇ ਸਾਲਾਂ ਵਿਚ ਤੇਲ ਦੀਆਂ ਕੀਮਤਾਂ ਵਿਚ ਬਹੁਤ ਵਾਰ ਵਾਧਾ ਹੋਇਆ ਹੈ ਜਿਸ ਕਰਕੇ ਆਯਾਤ ਬਿਲ ਵਿਚ ਵਾਧਾ ਹੁੰਦਾ ਰਿਹਾ ਹੈ। ਭਾਰਤ ਦੀ ਦੂਸਰੀ ਮਜਬੂਰੀ ਹੈ ਦਾਲਾਂ ਅਤੇ ਤੇਲ ਬੀਜਾਂ ਦੀ ਆਯਾਤ ਕਰਨੀ। ਭਾਵੇਂ ਭਾਰਤ ਖੇਤੀ ਪ੍ਰਧਾਨ ਦੇਸ਼ ਹੈ ਜਿਸ ਦੀ ਬਹੁ-ਵਸੋਂ ਅਜੇ ਵੀ ਖੇਤੀ 'ਤੇ ਨਿਰਭਰ ਕਰਦੀ ਹੈ ਪਰ ਦਾਲਾਂ ਅਤੇ ਤੇਲਾਂ ਦੀ ਆਯਾਤ ਦਾ ਬਦਲ ਪੈਦਾ ਨਾ ਕਰਨ ਕਰਕੇ ਅਤੇ ਇਨ੍ਹਾਂ ਵਸਤੂਆਂ ਦੀਆਂ ਕੀਮਤਾਂ ਵਿਚ ਹਰ ਸਾਲ ਵਾਧਾ ਹੋਣ ਕਰਕੇ ਆਯਾਤ ਬਿਲ ਵਿਚ ਹੋਏ ਵਾਧੇ ਕਰਕੇ, ਭਾਰਤ ਦਾ ਵਪਾਰ ਸੰਤੁਲਨ ਭਾਰਤ ਦੇ ਉਲਟੀ ਹੀ ਚਲਦਾ ਰਿਹਾ ਹੈ ਜਿਸ ਲਈ ਇਕ ਹੀ ਹੱਲ ਹੈ ਕਿ ਨਿਰਯਾਤ ਵਿਚ ਵੱਧ ਤੋਂ ਵੱਧ ਵਾਧਾ ਕੀਤਾ ਜਾਵੇ। ਇਹੋ ਵਜਹ ਹੈ ਕਿ ਨਵੀਂ ਅੰਤਰਰਾਸ਼ਟਰੀ ਵਪਾਰ ਨੀਤੀ ਵਿਚ ਜ਼ਿਆਦਾ ਧਿਆਨ ਹੀ ਨਿਰਯਾਤ ਵਾਧੇ 'ਤੇ ਦਿਤਾ ਗਿਆ ਹੈ।

**ਨਵੀਂ ਵਿਦੇਸ਼ ਵਪਾਰ ਨੀਤੀ ਵਿਚ ਪੂੰਜੀ ਵਸਤੂਆਂ ਦੀ ਨਿਰਯਾਤ 'ਤੇ ਜ਼ਿਆਦਾ ਧਿਆਨ ਦਿਤਾ ਜਾਵੇਗਾ ਪਰ ਫਿਰ ਵੀ ਹਰ ਤਰ੍ਹਾਂ ਦੇ ਨਿਰਯਾਤ ਮੌਕਿਆਂ ਦਾ ਲਾਭ ਉਠਾਉਣ ਲਈ ਕਈ ਵਸਤੂਆਂ ਜਿਵੇਂ ਸਿਲੇ-ਸਿਲਾਏ ਕੱਪੜੇ, ਚਮੜੇ ਦਾ ਸਾਮਾਨ, ਬੈਗ ਆਦਿ ਵਸਤੂਆਂ ਜਿਹੜੀਆਂ 25000 ਰੁਪਏ ਦੇ ਮੁੱਲ ਤਕ ਹੋਣ, ਦੀ ਨਿਰਯਾਤ ਲਈ ਕੋਰੀਅਰ ਸੇਵਾ ਨਾਲ ਇਜਾਜ਼ਤ ਦੇ ਦਿਤੀ ਗਈ ਹੈ ਤਾਂ ਕਿ ਨਿਰਯਾਤ ਦਾ ਹਰ ਮੌਕਾ ਅਤੇ ਹਰ ਇਕ ਦੀ ਪਹੁੰਚ ਵਿਚ ਕਰਨ ਦਾ ਲਾਭ ਉਠਾਇਆ ਜਾ ਸਕੇ।**

ਨਵੀਂ ਨੀਤੀ ਵਿਚ ਵਪਾਰਕ ਲੋੜ ਜੋ ਅੰਤਰਰਾਸ਼ਟਰੀ ਵਪਾਰੀਆਂ ਲਈ ਜ਼ਰੂਰੀ ਹੈ ਉਸ ਨੂੰ 'ਆਨ ਲਾਈਨ' ਪ੍ਰਾਪਤ ਕਰਨ ਲਈ ਅਰਜ਼ੀ ਦਿਤੀ ਜਾ ਸਕੇਗੀ ਅਤੇ ਨਿਰਧਾਰਤ ਸਮੇਂ ਦੇ ਵਿਚ ਉਸ ਨੂੰ ਆਨ ਲਾਈਨ ਹੀ ਪ੍ਰਾਪਤ ਕੀਤਾ ਜਾ ਸਕੇਗਾ। ਇਸ ਦੇ ਨਾਲ ਹੀ ਨਿਰਯਾਤਕਾਰਾਂ

ਜਾਂ ਆਯਾਤਕਾਰਾਂ ਵਲੋਂ ਸ਼ਿਕਾਇਤਾਂ ਨੂੰ ਵੀ ਆਨ ਲਾਈਨ ਦਰਜ ਕਰਾਇਆ ਜਾ ਸਕੇਗਾ ਅਤੇ ਉਨ੍ਹਾਂ ਦਾ ਨਿਪਟਾਰਾ ਵੀ ਆਨ ਲਾਈਨ ਹੀ ਕਰ ਕੇ ਉਸ ਤੋਂ ਕੀਤੀ ਗਈ ਕਾਰਵਾਈ ਬਾਰੇ ਜਾਣਕਾਰੀ ਦਿਤੀ ਜਾ ਸਕੇਗੀ। ਇਹ ਸਭ ਕੁਝ ਅੰਤਰਰਾਸ਼ਟਰੀ ਵਪਾਰ ਨੂੰ ਉਤਸ਼ਾਹਿਤ ਕਰਨ ਲਈ ਅਤੇ ਨਿਰਯਾਤਕਾਰਾਂ ਅਤੇ ਆਯਾਤਕਾਰਾਂ ਦੀਆਂ ਸਹੂਲਤਾਂ ਲਈ ਕੀਤਾ ਜਾ ਰਿਹਾ ਹੈ। ਨਵੀਂ ਨੀਤੀ ਅਨੁਸਾਰ ਅੰਤਰਰਾਸ਼ਟਰੀ ਵਪਾਰ ਨੀਤੀ ਦੀ ਸਮੀਖਿਆ ਪਹਿਲਾਂ ਵਾਂਗ ਹਰ ਸਾਲ ਨਹੀਂ ਸਗੋਂ ਢਾਈ ਸਾਲ ਬਾਅਦ ਕੀਤੀ ਜਾਇਆ ਕਰੇਗੀ।

ਭਾਰਤ ਦੇ ਅੰਤਰਰਾਸ਼ਟਰੀ ਵਪਾਰ ਦਾ ਇਕ ਪੱਖ ਇਹ ਵੀ ਹੈ ਕਿ ਭਾਰਤ ਦੀ ਉਹ ਕਰੰਸੀ ਜਿਵੇਂ ਡਾਲਰ, ਯੂਰੋ ਅਤੇ ਪੌਂਡ ਜਿਸ ਵਿਚ ਭਾਰਤ ਦਾ ਜ਼ਿਆਦਾ ਵਪਾਰ ਹੁੰਦਾ ਹੈ ਜਾਂ ਜਿਨ੍ਹਾਂ ਦੇਸ਼ਾਂ ਵੱਲ ਭਾਰਤ ਦਾ ਜ਼ਿਆਦਾ ਵਪਾਰ ਹੈ ਉਨ੍ਹਾਂ ਦੀ ਕਰੰਸੀ ਦਾ ਮੁੱਲ ਭਾਰਤ ਦੀ ਕਰੰਸੀ ਦੇ ਮੁਕਾਬਲੇ ਬਹੁਤ ਉੱਚਾ ਹੈ ਜਿਵੇਂ ਅਮਰੀਕਾ ਦਾ ਡਾਲਰ 64 ਰੁਪਏ ਦੇ ਬਰਾਬਰ ਯੂਰਪੀਨ ਯੂਨੀਅਨ ਦੀ ਕਰੰਸੀ ਯੂਰੋ 60 ਰੁਪਏ ਤੋਂ ਉਪਰ, ਪੌਂਡ 100 ਰੁਪਏ ਦੇ ਬਰਾਬਰ ਹੋ ਗਿਆ ਹੈ। ਇਹ ਇਸ ਕਰਕੇ ਹੈ ਕਿ ਭਾਰਤ ਦਾ ਵਪਾਰ ਇਨ੍ਹਾਂ ਦੇਸ਼ਾਂ ਨਾਲ ਹੋਣ ਕਰਕੇ, ਇਨ੍ਹਾਂ ਕਰੰਸੀਆਂ ਦੀ ਜ਼ਿਆਦਾ ਮੰਗ ਹੁੰਦੀ ਹੈ। ਜਿਸ ਦੀ ਮੰਗ ਜ਼ਿਆਦਾ ਹੋਵੇਗੀ ਓਸ ਦੀ ਕੀਮਤ ਜ਼ਿਆਦਾ ਹੋਵੇਗੀ। ਇਹ ਸਭ ਵਿਕਸਤ ਦੇਸ਼ਾਂ ਦੀਆਂ ਕਰੰਸੀਆਂ ਹਨ। ਆਮ ਤੌਰ ਤੇ ਵਿਕਸਤ ਦੇਸ਼ਾਂ ਦੀਆਂ ਵਸਤੂਆਂ ਅੰਤਰਰਾਸ਼ਟਰੀ ਮੰਡੀਆਂ ਵਿਚ ਜ਼ਿਆਦਾ ਵਿਕਦੀਆਂ ਹਨ।

1995 ਵਿਚ ਜਦੋਂ ਭਾਰਤ ਵਿਸ਼ਵ ਵਪਾਰ ਸੰਸਥਾ ਦਾ ਮੈਂਬਰ ਬਣਿਆ ਤਾਂ ਉਸ ਵਕਤ ਭਾਰਤ ਵਿਚ ਵਿਦੇਸ਼ੀ ਵਪਾਰ ਅਤੇ ਆਰਥਿਕ ਮਾਹਿਰਾਂ ਦੀ ਵੱਡੀ ਗਿਣਤੀ ਭਾਰਤ ਦੇ ਇਸ ਸੰਸਥਾ ਦੇ ਮੈਂਬਰ ਬਣਨ ਦੇ ਹੱਕ ਵਿਚ ਨਹੀਂ ਸਨ ਕਿਉਂਕਿ ਉਸ ਸੰਸਥਾ ਦੇ ਜ਼ਿਅਦਾਤਰ ਮੈਂਬਰ ਵਿਕਸਤ ਦੇਸ਼ ਸਨ ਅਤੇ ਉਹ ਨਾ ਸਿਰਫ਼ ਉਦਯੋਗਿਕ ਵਸਤੂਆਂ ਸਗੋਂ ਖੇਤੀ ਵਸਤੂਆਂ ਦੀ ਘੱਟ ਲਾਗਤ 'ਤੇ ਪੈਦਾ ਕਰ ਸਕਦੇ ਸਨ ਜਦ ਕਿ ਭਾਰਤ ਦੀਆਂ ਉਦਯੋਗਿਕ ਅਤੇ ਖੇਤੀ ਵਸਤੂਆਂ ਅੰਤਰਰਾਸ਼ਟਰੀ ਮੰਡੀਆਂ ਦਾ ਮੁਕਾਬਲਾ ਕਰਨ ਯੋਗ ਨਹੀਂ ਸਨ। ਉਸ ਸਮੇਂ ਆਮ ਅਫਵਾਹਾਂ ਸਨ ਕਿ ਕਣਕ ਅਸਟ੍ਰੇਲੀਆ ਅਤੇ ਅਮਰੀਕਾ ਤੋਂ ਆ ਕੇ ਭਾਰਤ ਵਿਚ ਸਸਤੀ ਵਿਕੇਗੀ, ਦੁੱਧ ਅਤੇ ਦੁੱਧ ਦੀਆਂ ਵਸਤੂਆਂ ਡੈਨਮਾਰਕ ਤੋਂ ਆਉਣਗੀਆਂ, ਚੌਲ ਜਪਾਨ ਤੋਂ ਆਉਣਗੇ ਆਦਿ ਅਤੇ ਇਹ ਵਿਚਾਰ ਦਿਤਾ ਜਾਂਦਾ ਸੀ ਕਿ ਜੇ ਖੇਤੀ ਵਸਤੂਆਂ ਵੀ ਵਿਦੇਸ਼ਾਂ ਤੋਂ ਆ ਕੇ ਵਿਕੀਆਂ ਤਾਂ ਭਾਰਤ ਦੀਆਂ ਵਸਤੂਆਂ ਕਿਥੇ ਜਾਣਗੀਆਂ ਅਤੇ ਭਾਰਤ ਦੀ ਬਹੁ-ਵਸੋਂ ਜੋ ਖੇਤੀ ਵਿਚ ਲੱਗੀ ਹੋਈ ਹੈ ਉਹ ਬੇਰੁਜ਼ਗਾਰ ਹੋ ਜਾਵੇਗੀ ਅਤੇ ਇਸ ਦੇ ਸਮੁੱਚੀ ਭਾਰਤੀ ਆਰਥਿਕਤਾ 'ਤੇ ਬਹੁਤ ਬੁਰੇ ਪ੍ਰਭਾਵ ਪੈਣਗੇ। ਇਸ ਲਈ ਇਹ ਵਿਚਾਰ ਦਿਤਾ ਜਾਂਦਾ ਸੀ ਕਿ ਭਾਰਤ ਨੂੰ ਵਿਸ਼ਵ ਵਪਾਰ ਸੰਸਥਾ ਦਾ ਮੈਂਬਰ ਨਹੀਂ ਬਣਨਾ ਚਾਹੀਦਾ।

ਪਰ ਇਸ ਤਰ੍ਹਾਂ ਹੋਇਆ ਨਾ, ਭਾਵੇਂ ਕਿ ਉਸ ਵੇਲੇ 125 ਦੇਸ਼ਾਂ ਦੀ ਵਿਸ਼ਵ ਵਪਾਰ ਸੰਸਥਾ ਵਿਚ ਭਾਰਤ ਨੂੰ ਮਜਬੂਰੀ ਵਸ ਮੈਂਬਰ ਬਣਨਾ ਪਿਆ ਕਿਉਂਕਿ ਜੇ ਭਾਰਤ ਉਸ ਸੰਸਥਾ ਦਾ ਮੈਂਬਰ ਨਾ ਬਣਦਾ ਤਾਂ ਉਹ ਉਨ੍ਹਾਂ ਦੇਸ਼ਾਂ ਤੋਂ ਵੱਖਰਾ ਹੋ ਜਾਂਦਾ ਜੋ ਸਾਰੇ ਹੀ ਵਿਕਸਤ ਦੇਸ਼ ਸਨ ਅਤੇ ਉਸ ਵੇਲੇ ਭਾਰਤ ਦਾ ਜਿਨ੍ਹਾਂ ਦੇਸ਼ਾਂ ਨਾਲ ਜ਼ਿਆਦਾ ਵਪਾਰ ਸੀ ਉਹ ਸਭ ਉਸ ਸੰਸਥਾ ਦੇ ਮੈਂਬਰ ਬਣ ਗਏ ਸਨ। ਪਰ ਜੋ ਸਾਹਮਣੇ ਆਇਆ ਉਹ ਕਾਫ਼ੀ ਉਤਸ਼ਾਹਜਨਕ ਸੀ। 2007 ਵਿਚ ਭਾਰਤ ਵਿਚ ਕਣਕ ਦੀ ਥੁੜ ਬਣ ਗਈ ਅਤੇ ਭਾਰਤ ਨੂੰ ਕਣਕ ਆਯਾਤ ਕਰਨੀ ਪਈ। ਪਰ ਦੁਨੀਆਂ ਦੀ ਕਿਸੇ ਵੀ ਮੰਡੀ ਵਿਚ ਕਣਕ ਦੀ ਕੀਮਤ 1050 ਰੁਪਏ ਪ੍ਰਤਿ ਕੁਇੰਟਲ ਤੋਂ ਘੱਟ ਨਹੀਂ ਸੀ, ਇਸ ਲਈ ਉਸ ਸਮਾਂ ਭਾਰਤ ਨੂੰ ਕਣਕ 1050 ਰੁਪਏ ਪ੍ਰਤਿ ਕੁਇੰਟਲ 'ਤੇ ਆਯਾਤ ਕਰਨੀ ਪਈ। ਉਸ ਸਮੇਂ ਇਹ ਗੱਲ ਵੀ ਸਾਹਮਣੇ ਆਈ ਕਿ ਜ਼ਿਆਦਾਤਰ ਖੇਤੀ ਵਸਤੂਆਂ ਦੀਆਂ ਕੀਮਤਾਂ ਵਿਦੇਸ਼ੀ ਮੰਡੀਆਂ ਵਿਚ ਜ਼ਿਆਦਾ ਸਨ ਪਰ ਭਾਰਤ ਵਿਸ਼ਵ ਵਪਾਰ ਸੰਸਥਾ ਦਾ ਮੈਂਬਰ ਹੋਣ ਦੇ ਨਾਤੇ ਉਹ ਲਾਭ ਨਾ ਲੈ ਸਕਿਆ ਜੋ ਇਸ ਵਿਸ਼ਵ ਵਪਾਰ ਸੰਸਥਾ ਦੇ ਮੈਂਬਰ ਹੋਣ ਵਜੋਂ ਮਿਲ ਸਕਦੇ ਸਨ। ਖੇਤੀ ਵਿਚ ਭਾਰਤ ਵਲੋਂ ਸਿਰਫ਼ ਬਨਸਪਤੀ ਹੀ ਇਕ ਉਹ ਉਪਜ ਹੈ ਜੋ ਭਾਰਤ ਮੱਧ ਪੂਰਬ ਅਮਰੀਕਾ ਅਤੇ ਯੂਰਪ ਵਿਚ ਸੈਂਕੜੇ ਕਰੋੜ ਰੁਪਿਆਂ ਵਿਚ ਨਿਰਯਾਤ ਕਰਦਾ ਹੈ ਜਾਂ ਇਹ ਕਿਹਾ ਜਾ ਸਕਦਾ ਹੈ ਕਿ ਇਸ ਇਕ ਉਪਜ ਵਿਚ ਵੀ ਉਹ ਕਮਾਈ ਨਹੀਂ ਕਰ ਸਕਿਆ ਜਿਸ ਦੇ ਮੌਕੇ ਬਣੇ ਸਨ।

ਨਵੀਂ ਵਪਾਰ ਨੀਤੀ ਵਿਚ ਇਹ ਟੀਚਾ ਰਖਿਆ ਗਿਆ ਹੈ ਕਿ ਆਉਣ ਵਾਲੇ 5 ਸਾਲਾਂ ਜਾਂ 2020 ਤਕ ਭਾਰਤ ਦਾ ਅੰਤਰਰਾਸ਼ਟਰੀ ਵਪਾਰ ਹੁਣ ਦੇ 446 ਅਰਬ ਡਾਲਰ ਤੋਂ ਵਧਾ ਕੇ 900 ਅਰਬ ਡਾਲਰ ਜਾਂ ਦੁੱਗਣੇ ਦੇ ਬਰਾਬਰ ਕਰਨਾ ਹੈ ਜਿਸ ਲਈ ਹਰ ਸਾਲ 20 ਪ੍ਰਤਿਸ਼ਤ ਵਾਧਾ ਕਰਨਾ ਪਵੇਗਾ। ਦੂਸਰੀ ਤਰਫ਼ 2030 ਤਕ ਭਾਰਤ ਨੂੰ ਦੁਨੀਆਂ ਦਾ ਪੰਜਵੇਂ ਨੰਬਰ ਦਾ ਨਿਰਯਾਤਕਾਰ ਬਣਾਉਣ ਦਾ ਟੀਚਾ ਹੈ ਜਦ ਕਿ ਅੱਜਕੱਲ੍ਹ ਭਾਰਤ ਨਿਰਯਾਤ ਦੇ ਹਿਸਾਬ 14ਵੇਂ ਨੰਬਰ 'ਤੇ ਹੈ। ਇਸ ਲਈ ਭਾਰਤ ਨੂੰ ਨਿਰਯਾਤ ਵਿਚ ਹਰ ਸਾਲ 11 ਪ੍ਰਤਿਸ਼ਤ ਦਾ ਵਾਧਾ ਕਰਨਾ ਪਵੇਗਾ।

ਭਾਰਤ ਦਾ ਜ਼ਿਆਦਾ ਵਪਾਰ ਮੱਧ ਏਸ਼ੀਆ, ਅਰਬ ਦੇਸ਼ਾਂ, ਯੂਰਪੀਨ ਦੇਸ਼ਾਂ, ਰੂਸ ਅਤੇ ਜਪਾਨ ਨਾਲ ਹੈ। ਮੱਧ ਏਸ਼ੀਆ ਵਿਚ ਚਲ ਰਹੀ ਜੰਗ ਦਾ ਪ੍ਰਭਾਵ ਭਾਰਤ ਦੇ ਅੰਤਰਰਾਸ਼ਟਰੀ ਵਪਾਰ 'ਤੇ ਬੁਰਾ ਪਵੇਗਾ। ਨਵੀਂ ਨੀਤੀ ਵਿਚ ਕੁਝ ਨਵੀਆਂ ਮੰਡੀਆਂ ਦੀ ਪਛਾਣ ਕੀਤੀ ਜਾਵੇਗੀ ਅਤੇ ਉਨ੍ਹਾਂ ਵਿਚੋਂ ਕੁਝ ਵਿਸ਼ੇਸ਼ ਮੰਡੀਆਂ ਲਈ ਵਿਸ਼ੇਸ਼ ਵਸਤੂਆਂ ਦੀ ਪਛਾਣ ਕਰਕੇ ਉਨ੍ਹਾਂ ਦੀ ਨਿਰਯਾਤ ਵਿਚ ਵਾਧਾ ਕਰਨ ਦੇ ਯਤਨ ਕੀਤੇ ਜਾਣਗੇ। ਪਿਛਲੇ ਸਮਿਆਂ ਵਿਚ ਕੁਝ ਵਿਸ਼ੇਸ਼ ਆਰਥਿਕ ਜ਼ੋਨ ਸਥਾਪਤ ਕੀਤੇ ਗਏ ਸਨ ਜਿਨ੍ਹਾਂ ਦਾ ਉਦੇਸ਼ ਨਿਰਯਾਤ ਵਿਚ ਵਾਧਾ ਕਰਨਾ ਸੀ। ਭਾਵੇਂ ਕਿ ਉਨ੍ਹਾਂ ਵਿਸ਼ੇਸ਼ ਆਰਥਿਕ ਜ਼ੋਨਾਂ ਦੀ ਕਾਰਗੁਜ਼ਾਰੀ ਤਸੱਲੀਬਖਸ਼ ਨਹੀਂ ਰਹੀ ਅਤੇ ਉਨ੍ਹਾਂ ਜ਼ੋਨਾਂ ਤੋਂ ਉਹ ਪ੍ਰਾਪਤੀਆਂ ਨਹੀਂ ਹੋ ਸਕੀਆਂ ਜਿਨ੍ਹਾਂ ਦੀ ਉਮੀਦ ਸੀ ਪਰ ਫਿਰ ਵੀ ਨਵੀਂ ਵਪਾਰ ਨੀਤੀ ਅਨੁਸਾਰ ਉਨ੍ਹਾਂ ਆਰਥਿਕ ਜ਼ੋਨਾਂ ਨੂੰ ਪਹਿਲਾਂ ਜਾਰੀ ਸਹੂਲਤਾਂ ਜਾਰੀ ਰਹਿਣਗੀਆਂ ਸਗੋਂ ਨਿਰਯਾਤ ਵਧਾਉਣ ਲਈ ਹੋਰ ਸਹੂਲਤਾਂ ਵੀ ਦਿਤੀਆਂ ਜਾਣਗੀਆਂ।

ਅੰਤਰਰਾਸ਼ਟਰੀ ਵਪਾਰ ਤੁਲਨਾਤਮਕ ਲਾਗਤ ਦੇ ਸਿਧਾਂਤ 'ਤੇ ਨਿਰਭਰ ਕਰਦਾ ਹੈ ਜਿਸ ਦਾ ਅਰਥ ਹੈ ਜਿਹੜੀ ਵਸਤੂ ਸਸਤੀ ਬਣਦੀ ਹੈ ਉਸ ਨੂੰ ਬਣਾ ਕੇ ਅਤੇ ਉਸ ਵਿਚ ਵਿਸ਼ੇਸ਼ ਲਾਭਾਂ ਕਰਕੇ ਉਸ ਦੀ ਨਿਰਯਾਤ ਕਰ ਲਈ ਜਾਵੇ ਜਦ ਕਿ ਜਿਹੜੀਆਂ ਵਸਤੂਆਂ ਆਪਣੇ ਦੇਸ਼ ਵਿਚ

ਮਹਿੰਗੀਆਂ ਬਣਦੀਆਂ ਹਨ ਪਰ ਬਾਹਰ ਤੋਂ ਸਸਤੀਆਂ ਮਿਲ ਸਕਦੀਆਂ ਹਨ ਉਨ੍ਹਾਂ ਦੀ ਆਯਾਤ ਕਰ ਲਈ ਜਾਵੇਗੀ। ਇਸ ਨਾਲ ਸਾਧਨਾਂ ਦੀ ਠੀਕ ਵਰਤੋਂ ਹੁੰਦੀ ਹੈ। ਇਸ ਦਾ ਮੁੱਖ ਉਦੇਸ਼ ਹੁੰਦਾ ਹੈ ਦੇਸ਼ ਦੀ ਖ਼ੁਸ਼ਹਾਲੀ ਅਤੇ ਰੁਜ਼ਗਾਰ ਵਿਚ ਵਾਧਾ। ਅੱਜਕੱਲ੍ਹ ਘਰਾਂ ਵਿਚ ਵਰਤਣ ਵਾਲੀਆਂ ਬਹੁਤ ਸਾਰੀਆਂ ਵਸਤੂਆਂ ਚੀਨ ਤੋਂ ਆਯਾਤ ਕੀਤੀਆਂ ਜਾਂਦੀਆਂ ਹਨ ਇਸ ਲਈ ਪ੍ਰਧਾਨ ਮੰਤਰੀ ਸ੍ਰੀ ਮੋਦੀ ਨੇ ਚੀਨ ਦੀ ਯਾਤਰਾ ਸਮੇਂ ਚੀਨ ਦੇ ਨਿਵੇਸ਼ਕਾਰਾਂ ਨੂੰ ਇਹ ਸੱਦਾ ਦਿਤਾ ਕਿ ਉਹ ਉਨ੍ਹਾਂ ਵਸਤੂਆਂ ਨੂੰ ਬਣਾਉਣ ਲਈ ਭਾਰਤ ਵਿਚ ਨਿਵੇਸ਼ ਕਰਨ ਅਤੇ ਉਹ ਵਸਤੂਆਂ ਜੋ ਉਹ ਭਾਰਤ ਵਿਚ ਭੇਜਦੇ ਹਨ ਉਨ੍ਹਾਂ ਦਾ ਉਤਪਾਦਨ ਵੀ ਭਾਰਤ ਵਿਚ ਹੀ ਕਰਨ। ਵਿਸ਼ਵ ਵਪਾਰ ਸੰਸਥਾ ਵਲੋਂ ਅਪਨਾਈ ਗਈ ਖੁੱਲ੍ਹੇ ਵਪਾਰ ਦੀ ਨੀਤੀ ਵਿਚ ਜਿਥੇ ਵਪਾਰ ਵਧਾਉਣ ਦੇ ਬਹੁਤ ਮੌਕੇ ਮਿਲੇ ਹਨ ਉਥੇ ਇਹ ਚੁਨੌਤੀ ਵੀ ਹੈ ਕਿ ਵਸਤੂਆਂ ਅੰਤਰਰਾਸ਼ਟਰੀ ਮੰਡੀਆਂ ਇਕ ਮੁਕਾਬਲਾ ਕਰਨਯੋਗ ਹੋਣ।

ਭਾਰਤ ਇਕ ਵੱਡੀ ਵਸੋਂ ਵਾਲਾ ਦੇਸ਼ ਹੈ ਜਿਥੇ ਪੂੰਜੀ ਦੀ ਥਾਂ, ਕਿਰਤ ਤਕਨਾਲੋਜੀਆਂ ਅਪਨਾ ਕੇ ਤਿਆਰ ਕੀਤੀਆਂ ਵਸਤੂਆਂ ਵਿਦੇਸ਼ਾਂ ਵਿਚ ਆਸਾਨੀ ਨਾਲ ਮੁਕਾਬਲਾ ਕਰ ਸਕਦੀਆਂ ਹਨ। ਪਿਛਲੇ ਸਮੇਂ ਭਾਰਤ ਦੀਆਂ ਦਸਤਕਾਰੀ ਦੀਆਂ ਵਸਤੂਆਂ ਦੀ ਵੱਡੀ ਨਿਰਯਾਤ ਕੀਤੀ ਜਾਂਦੀ ਸੀ ਜੋ ਅੱਜਕੱਲ੍ਹ ਘਟ ਗਈ ਹੈ। ਨਿਰਯਾਤ ਨੂੰ ਉਤਸ਼ਾਹਿਤ ਕਰਦੇ ਸਮੇਂ ਉਨ੍ਹਾਂ ਦਸਤਕਾਰੀਆਂ ਦੀ ਪਛਾਣ ਕਰਨੀ ਚਾਹੀਦੀ ਹੈ ਜਿਹੜੀਆਂ ਅਸਾਨੀ ਨਾਲ ਘੱਟ ਲਾਗਤ 'ਤੇ ਚੰਗੇ ਗੁਣਾਂ ਨਾਲ ਭਾਰਤ ਵਿਚ ਪੈਦਾ ਕੀਤੀਆਂ ਜਾ ਸਕਦੀਆਂ ਹਨ ਜਿਸ ਲਈ ਉਨ੍ਹਾਂ ਇਕਾਈਆਂ ਨੂੰ ਸਹੂਲਤ ਦੇ ਨਾਲ-ਨਾਲ ਸਬਸਿਡੀ ਵਰਗੀਆਂ ਸਕੀਮਾਂ ਨੂੰ ਵੀ ਵਿਚਾਰਨਾ ਚਾਹੀਦਾ ਹੈ। ਸਾਰਕ ਦੇਸ਼ਾਂ ਨਾਲ ਭਾਰਤ ਨੇ ਸਾਫਟਾ (ਖੁੱਲ੍ਹਾ ਵਪਾਰ ਸਮਝੌਤਾ) 2004 ਵਿਚ ਕੀਤਾ ਸੀ ਪਰ ਅਜੇ ਤਕ ਭਾਰਤ ਦਾ ਸਾਰਕ ਦੇਸ਼ਾਂ ਨਾਲ ਵਪਾਰ ਬਹੁਤ ਹੀ ਘੱਟ ਹੈ, ਨਵੀਂ ਨੀਤੀ ਸਦਕਾ ਸਾਰਕ ਦੇਸ਼ਾਂ ਨਾਲ ਵਪਾਰ ਵਧਾਉਣ ਦੇ ਮੌਕਿਆਂ ਵਿਚ ਵਾਧਾ ਕਰਨਾ ਚਾਹੀਦਾ ਹੈ।

ਨਵੀਂ ਅੰਤਰਰਾਸ਼ਟਰੀ ਵਪਾਰ ਨੀਤੀ ਜਿਸ ਦਾ ਮੁੱਖ ਉਦੇਸ਼ ਨਿਰਯਾਤ ਵਿਚ ਵਾਧਾ ਕਰਨਾ ਹੈ ਉਸ ਲਈ ਦੇਸ਼ ਦੀ ਅੰਦਰੂਨੀ ਆਰਥਿਕ ਨੀਤੀ ਨੂੰ ਵਪਾਰ ਨੀਤੀ ਨਾਲ ਜੋੜਨਾ ਚਾਹੀਦਾ ਹੈ ਤੁਲਨਾਤਮਕ ਲਾਗਤ ਦੇ ਸਿਧਾਂਤ ਨੂੰ ਸਾਹਮਣੇ ਰਖਦੇ ਹੋਏ ਉਹ ਵਸਤੂਆਂ ਜਿਹੜੀਆਂ ਵਿਦੇਸ਼ਾਂ ਦੇ ਮੁਕਾਬਲੇ 'ਤੇ ਭਾਰਤ ਵਿਚ ਘੱਟ ਲਾਗਤ 'ਤੇ ਚੰਗੇ ਗੁਣਾਂ ਵਾਲੀਆਂ ਪੈਦਾ ਕੀਤੀਆਂ ਜਾ ਸਕਦੀਆਂ ਹਨ। ਉਨ੍ਹਾਂ ਲਈ ਵਿਸ਼ੇਸ਼ ਰਿਆਇਤਾਂ ਦੇਣੀਆਂ ਚਾਹੀਦੀਆਂ ਹਨ ਜਿਸ ਤਰ੍ਹਾਂ ਭਾਰਤ ਵਿਚ ਦਾਲਾਂ ਅਤੇ ਤੇਲ ਬੀਜਾਂ ਦੀ ਆਯਾਤ ਦੇ ਬਦਲ ਵਜੋਂ ਇਨ੍ਹਾਂ ਵਸਤੂਆਂ ਦੇ ਉਤਪਾਦਨ ਵਧਾਉਣ 'ਤੇ ਧਿਆਨ ਦੇਣਾ ਚਾਹੀਦਾ ਹੈ। ਖੇਤੀ ਵਸਤੂਆਂ ਦਾ ਨਿਰਯਾਤ ਵਿਚ ਘੱਟ ਹਿੱਸਾ ਹੋਣ ਕਰਕੇ ਹੋਰ ਖੇਤੀ ਵਸਤੂਆਂ ਪਛਾਣ ਕਰਕੇ, ਉਨ੍ਹਾਂ ਦੇ ਉਤਪਾਦਨ ਵਿਚ ਵਾਧਾ ਕਰਨ 'ਤੇ ਧਿਆਨ ਦੇਣਾ ਚਾਹੀਦਾ ਹੈ ਤਾਂ ਕਿ ਖੇਤੀ ਵਸਤੂਆਂ ਦੀ ਨਿਰਯਾਤ ਦੇ ਮੌਕਿਆਂ ਦਾ ਲਾਭ ਲਿਆ ਜਾ ਸਕੇ। ਉਮੀਦ ਕੀਤੀ ਜਾਂਦੀ ਹੈ ਕਿ ਨਵੀਂ ਵਪਾਰ ਨੀਤੀ ਆਪਣੇ ਟੀਚੇ ਪ੍ਰਾਪਤ ਕਰਨ ਵਿਚ ਸਫਲ ਹੋਵੇਗੀ।

*(ਲੇਖਕ ਉੱਘਾ ਅਰਥਸ਼ਾਸਤਰੀ ਅਤੇ ਸੁਤੰਤਰ ਪੱਤਰਕਾਰ ਹੈ।)*

***ਸਫ਼ਾ 29 ਦੀ ਬਾਕੀ***

ਹਮਾਇਤ ਦੇਣ ਤੋਂ ਕਤਰਾ ਰਿਹਾ ਹੈ। ਚੀਨ ਵਲੋਂ ਸੁਰੱਖਿਆ ਪਰਿਸ਼ਦ ਵਿਚ ਸਥਾਈ ਮੈਂਬਰ ਦੀ ਭਾਰਤ ਦੀ ਦਾਅਵੇਦਾਰੀ ਦੀ ਹਮਾਇਤ ਕਰਨ ਨਾਲ ਦੁਵੱਲੇ ਸੰਬੰਧਾਂ ਵਿਚ ਬਦਲਾਅ ਵਿਚ ਨਾਟਕੀ ਮੋੜ ਆਵੇਗਾ ਅਤੇ ਅਵਿਸ਼ਵਾਸ ਦਾ ਉਹ ਪਾੜਾ ਪੂਰਿਆ ਜਾਵੇਗਾ ਜੋ ਦੋਨਾਂ ਦੇਸ਼ਾਂ ਦੇ ਸੰਵਾਦ ਨੂੰ ਢਾਹ ਲਾਉਂਦਾ ਹੈ।

ਭਵਿੱਖ ਵੱਲ ਵੇਖਦਿਆਂ ਆਸ ਕੀਤੀ ਜਾ ਸਕਦੀ ਹੈ ਕਿ ਦੋ ਏਸ਼ਿਆਈ ਸ਼ਕਤੀਆਂ ਦੁਵੱਲੇ ਆਯਾਮਾਂ ਨੂੰ ਪਾਰ ਕਰਨਗੀਆਂ ਅਤੇ ਮਿਲਾਪ ਦੇ ਦਾਇਰੇ ਨੂੰ ਵਧਾ ਕੇ "ਅੰਤਰਰਾਸ਼ਟਰੀ ਅਮਨ, ਸੁਰੱਖਿਆ ਅਤੇ ਵਿਕਾਸ" ਬਾਰੇ ਕ੍ਰਿਆਸ਼ੀਲ ਵਿਚ ਵਟਾਂਦਰੇ ਦਾ ਰਸਤਾ ਅਪਨਾ ਕੇ ਖੇਤਰੀ ਅਤੇ ਵਿਸ਼ਵ ਏਜੰਡੇ ਦੀ ਰੂਪ-ਰੇਖਾ ਤਿਆਰ ਕਰ ਸਕਦੀਆਂ ਹਨ। 'ਪ੍ਰਮੁੱਖ ਸ਼ਕਤੀਆਂ' ਦੇ ਵਾਰਤਾਲਾਪ ਦੀ ਕਹਾਣੀ, ਜਿਸ ਦੀ ਵਿਆਖਿਆ ਪ੍ਰਧਾਨ ਮੰਤਰੀ ਮੋਦੀ ਦੇ ਚੀਨ ਦੌਰੇ ਸਮੇਂ ਕੀਤੀ ਗਈ ਸੀ, ਅਹਿਮ ਭਾਈਵਾਲੀ ਦਾ ਖ਼ਾਕਾ ਤਿਆਰ ਕਰੇਗੀ ਜਦੋਂ ਏਸ਼ੀਆ ਦੇ ਦੋ ਮਹਾਂਰਥੀ ਆਪਣਾ ਵਧਦਾ ਆਰਥਿਕ ਪ੍ਰਭਾਵ ਅਤੇ ਅੰਤਰਰਾਸ਼ਟਰੀ ਰੂਪਰੇਖਾ, ਏਸ਼ੀਅਨ ਸਦੀ ਦਾ ਵਾਅਦਾ ਸਾਕਾਰ ਕਰਨ ਲਈ, ਸਾਰੇ ਖਿੱਤੇ ਨੂੰ ਨਾਲ ਤੋਰਨ ਵਿਚ ਲਾ ਦੇਣਗੇ। ਪਰ ਇਸ ਰਸਤੇ ਵਿਚ ਬਹੁਤ ਸਾਰੀਆਂ ਰੁਕਾਵਟਾਂ ਵੀ ਹਨ – ਅਣਸੁਲਝਿਆ ਸਰਹੱਦਾਂ ਦਾ ਝਗੜਾ ਗਾਹੇ-ਬਗਾਹੇ ਹੁੰਦੇ ਤਣਾਅ ਅਤੇ ਵਿਸ਼ਵਾਸ ਦੀ ਕਮੀ ਦਾ ਮੁੱਖ ਕਾਰਨ ਹੈ ਜਿਸ ਨੂੰ ਇਸ ਅਹਿਮ ਸੰਬੰਧ ਦੇ ਦੀਰਘਕਾਲੀ ਦ੍ਰਿਸ਼ਟੀਕੋਨ ਨੂੰ ਵੇਖਦਿਆਂ ਜਲਦੀ ਨਾਲ ਹੱਲ ਕਰਨ ਦੀ ਲੋੜ ਹੈ। ਵਿਸ਼ਵਾਸ ਦੀ ਕਮੀ ਦਾ ਪਾੜਾ ਜੇ ਇਸੇ ਤਰ੍ਹਾਂ ਵਧਦਾ ਗਿਆ ਤਾਂ ਇਹ ਵਧ ਰਹੇ ਆਰਥਿਕ ਸੰਬੰਧਾਂ ਨੂੰ ਵੀ ਪਟੜੀ ਤੋਂ ਲਾਹ ਸਕਦਾ ਹੈ। ਚੀਨ ਨੂੰ ਲਮੇ ਸਮੇਂ ਤੋਂ ਲਮਕਦੇ ਆ ਰਹੇ ਭਾਰਤ ਨੂੰ ਬਜ਼ਾਰ ਤਕ ਵਧੇਰੇ ਪਹੁੰਚ ਦੇਣ ਦਾ ਦਾਅਵਾ ਪੁਗਾਉਣਾ ਚਾਹੀਦਾ ਹੈ, ਖ਼ਾਸ ਕਰਕੇ ਆਈ ਟੀ, ਫਾਰਮਾਂ ਅਤੇ ਖਾਧ ਪਦਾਰਥਾਂ ਦੇ ਖੇਤਰਾਂ ਵਿਚ। ਚੀਨ ਦੀਆਂ ਲਮੇ ਸਮੇਂ ਦੇ ਨਿਵੇਸ਼ ਦੀਆਂ ਯੋਜਨਾਵਾਂ ਨੂੰ ਬੂਰ ਪੈਣਾ ਅਤੇ ਉਦਯੋਗਿਕ ਪਾਰਕਾਂ ਦੀ ਸਥਾਪਨਾ ਵਧਦੇ ਹੋਏ ਆਰਥਿਕ ਸੰਬੰਧਾਂ ਦੀ ਦੀਰਘਕਾਲੀ ਜੀਵਨ ਸ਼ਕਤੀ ਲਈ ਬਹੁਤ ਅਹਿਮ ਹੈ। ਦੋ ਏਸ਼ੀਅਨ ਅਹਿਮ ਦੇਸ਼ਾਂ ਨੂੰ ਹੋਰ ਦੇਸ਼ਾਂ ਨਾਲ ਸੰਬੰਧਿਤ ਆਪਣੇ ਤੌਖਲਿਆ ਅਤੇ ਚਿੰਤਾਵਾਂ ਦਾ ਵੀ ਲੇਖਾ ਜੋਖਾ ਕਰਨਾ ਪਵੇਗਾ। ਇਸ ਕਰਕੇ ਲਗਾਤਾਰ ਬਦਲ ਰਹੇ ਭਾਰਤ-ਚੀਨ ਸੰਬੰਧਾਂ ਵਿਚ ਸਿਰਜਣਾਤਮਕ ਤਰੀਕਿਆਂ ਅਤੇ ਵਿਲੱਖਣ ਹੱਲ ਨੂੰ ਧਿਆਨ ਵਿਚ ਰੱਖ ਕੇ, ਇਨ੍ਹਾਂ ਰਿਸਦੇ ਮੁੱਦਿਆਂ ਦਾ ਹੱਲ ਕਰਨਾ ਹੋਵੇਗਾ। ਜਿਵੇਂ ਕਿ ਇਕ ਚੀਨੀ ਕਹਾਵਤ ਹੈ ਕਿ ਹਜ਼ਾਰ ਮੀਲ ਦਾ ਸਫ਼ਰ ਇਕ ਛੋਟਾ ਜਿਹਾ ਕਦਮ ਪੁੱਟਣ ਨਾਲ ਸ਼ੁਰੂ ਹੁੰਦਾ ਹੈ। ਬਹੁਤ ਸਾਰੇ ਛੋਟੇ-ਛੋਟੇ ਕਦਮ ਪਹਿਲਾਂ ਹੀ ਪੁੱਟੇ ਜਾ ਚੁੱਕੇ ਹਨ ਅਤੇ ਦੋਵਾਂ ਦੇਸ਼ਾਂ ਦੇ ਨੇਤਾਵਾਂ ਲਈ ਹੁਣ ਸਮਾਂ ਹੈ ਕਿ ਹੋਰ ਅੱਗੇ ਤੁਰਿਆ ਜਾਵੇ, ਭਾਰਤ-ਚੀਨ ਸੰਬੰਧਾਂ ਨੂੰ ਨਵੇਂ ਆਯਾਮ ਤਕ ਲਿਜਾਉਣ ਅਤੇ ਮੁਕਾਬਲੇਬਾਜ਼ੀ ਦੀਆਂ ਇੱਛਾਵਾਂ ਅਤੇ ਭੂ-ਭੂਗੋਲਿਕ ਦਬਾਵਾਂ ਦੇ ਧੱਕਿਆਂ ਤੋਂ ਬਚਾਉਣ ਲਈ ਲਚਕੀਲਾ ਰਵੱਈਆ ਅਤੇ ਕਲਪਨਾ ਦੀਆਂ ਵੱਡੀਆਂ ਪੁਲਾਂਘਾਂ ਪੁੱਟਣੀਆਂ ਪੈਣਗੀਆਂ।

*(ਲੇਖਕ ਫਾਊਂਡਰ – ਸੀ ਈ ਓ ਅਤੇ ਐਡੀਟਰ-ਇਨ-ਚੀਫ, ਇੰਡੀਆ ਰਾਈਟਸ ਨੈੱਟਵਰਕ ਹੈ)*

*e-mail :manish.mchand@gmail.com*

# ਵਧਦੀ ਆਬਾਦੀ ਨੂੰ ਠੱਲ੍ਹ ਪਾਉਣੀ ਜ਼ਰੂਰੀ

ਮਨਧੀਰ ਸਿੰਘ ਦਿਓਲ

ਭਾਰਤ ਦੀਆਂ ਬਹੁਤ ਸਾਰੀਆਂ ਸਮੱਸਿਆਵਾਂ ਹਨ ਪਰ ਅਹਿਮ ਸਮੱਸਿਆ ਦੇਸ਼ ਦੀ ਵਧ ਰਹੀ ਆਬਾਦੀ ਵੀ ਹੈ ਜਿਸ ਨੂੰ ਕਾਬੂ ਕਰਨਾ ਸਿਰਫ਼ ਸਰਕਾਰਾਂ ਦੀ ਹੀ ਜ਼ਿੰਮੇਵਾਰੀ ਨਹੀਂ ਸਗੋਂ ਸਮਾਜ ਦੀ ਵੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਆਪਣੇ ਭਵਿੱਖ ਨੂੰ ਬਚਾਈ ਰੱਖਣ ਲਈ ਆਬਾਦੀ ਦੇ ਪਸਾਰੇ ਨੂੰ ਰੋਕਣ।

ਦੇਸ਼ ਅੰਦਰ ਹੁਣ ਲਗਭਗ ਸਵਾ ਸੌ ਕਰੋੜ ਦੀ ਆਬਾਦੀ ਹੈ ਤੇ ਆਉਣ ਵਾਲੇ ਦਹਾਕਿਆਂ ਦੌਰਾਨ ਭਾਰਤ ਚੀਨ ਦੇ ਸਭ ਤੋਂ ਵੱਧ ਆਬਾਦੀ ਵਾਲੇ ਦੇਸ਼ ਤੋਂ ਅੱਗੇ ਵਧ ਸਕਦਾ ਹੈ। ਭਾਰਤ ਦੀ ਆਬਾਦੀ ਦੇ ਵਾਧੇ ਦਾ ਅਨੁਪਾਤ ਚੀਨ ਨੂੰ ਮਾਤ ਪਾ ਦੇਵੇਗਾ। ਬੱਚੇ ਦਾ ਜਨਮ ਕੁਦਰਤ ਦੀ ਨਿਆਮਤ ਹੈ। ਆਦਿ ਮਨੁੱਖ ਨੂੰ ਇਹ ਸੋਝੀ ਨਹੀਂ ਸੀ ਕਿ ਉਹ ਬੱਚਿਆਂ ਦੇ ਜਨਮ ਨੂੰ ਕਾਬੂ ਕਰ ਸਕੇ।

ਦੁਨੀਆਂ ਵਿਕਸਤ ਹੋਈ ਤੇ ਮਨੁੱਖ ਸੱਭਿਅਕ ਹੋਇਆ। ਸੋਝੀ ਵਧੀ ਤਾਂ ਉਸ ਨੇ ਤਰੱਕੀ ਵੱਲ ਆਪਣੇ ਕਦਮ ਵਧਾਏ। ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਖੇਤੀ, ਅੰਨ, ਵਸਤਰ ਤੇ ਝੁੱਗੀਆਂ, ਢਾਰੇ ਬਣਾਉਣੇ ਸ਼ੁਰੂ ਕੀਤੇ। ਬੱਚਿਆਂ ਦੀ ਉਤਪਤੀ ਵਧੀ ਤੇ ਇਸ ਧਰਤੀ 'ਤੇ ਆਬਾਦੀ ਵਧਣ ਲੱਗੀ। ਪਿੰਡ, ਕਸਬੇ, ਛੋਟੇ ਸ਼ਹਿਰ, ਵੱਡੇ ਸ਼ਹਿਰ, ਮਹਾਂਨਗਰ ਤੇ ਦੇਸ਼ ਅਤੇ ਬਹੁ ਦੇਸ਼ਾਂ ਦੀ ਸੱਭਿਅਤਾ ਧਰਤੀ ਦੇ ਪੰਜਾਂ ਦੀਪਾਂ ਉਪਰ ਵਧਣ-ਫੁੱਲਣ ਲੱਗੀ। ਵਿਗਿਆਨ ਦੀ ਸੋਝੀ ਹੋਣ ਨਾਲ ਆਦਿ ਮਨੁੱਖ ਹੁਣ ਇਸ ਬ੍ਰਹਿਮੰਡ ਦਾ ਸਭ ਤੋਂ ਸੂਝਵਾਨ ਮਨੁੱਖ ਬਣ ਚੁੱਕਾ ਹੈ।

ਇਸੇ ਸਿਆਣਪ ਵਿਚੋਂ ਹੀ ਦੁਨੀਆਂ ਵਿਚ ਵਧ ਰਹੀ ਆਬਾਦੀ ਪ੍ਰਤਿ ਫ਼ਿਕਰਮੰਦੀ ਵਧੀ ਤੇ ਆਬਾਦੀ ਦੇ ਦੈਂਤ ਨੂੰ ਕਾਬੂ ਕਰਨ ਲਈ ਸਿਆਣੇ ਦਿਮਾਗ ਜੁੜ ਬੈਠੇ। ਹੁਣ ਵਿਸ਼ਵ ਪੱਧਰ 'ਤੇ ਵਧ ਰਹੀ ਆਬਾਦੀ ਨੂੰ ਕਾਬੂ ਕਰਨ ਲਈ ਸਰਕਾਰੀ, ਅਰਧ ਸਰਕਾਰੀ ਜਾਂ ਗ਼ੈਰ-ਸਰਕਾਰੀ ਯੋਜਨਾਵਾਂ ਲਾਗੂ ਕੀਤੀਆਂ ਜਾ ਰਹੀਆਂ ਹਨ।

ਆਬਦੀ ਦੇ ਵਾਧੇ ਦਾ ਅਸਰ ਮਨੁੱਖ ਦੇ ਜੀਵਨ ਦੇ ਹਰ ਪਹਿਲੂ ਉੱਪਰ ਪੈਂਦਾ ਹੈ। ਇਸੇ ਕਰਕੇ ਆਬਾਦੀ ਦੇ ਵਾਧੇ ਨੂੰ ਰੋਕਣ ਲਈ ਗੰਭੀਰ ਯਤਨਾਂ ਨੂੰ ਵਿਕਸਤ ਦੇਸ਼ਾਂ ਨੇ ਅਪਣਾਇਆ ਹੈ। ਸੰਯੁਕਤ ਰਾਸ਼ਟਰ ਸੰਘ ਵਲੋਂ ਵਧਦੀ ਆਬਾਦੀ ਉਪਰ ਕਾਬੂ ਪਾਉਣ ਲਈ ਕਈ ਯੋਜਨਾਵਾਂ ਉਲੀਕੀਆਂ ਗਈਆਂ ਹਨ।

ਭਾਰਤ ਕਿਉਂਕਿ ਦੁਨੀਆਂ ਵਿਚ ਆਬਾਦੀ ਪੱਖੋਂ ਦੂਜੇ ਨੰਬਰ ਦਾ ਦੇਸ਼ ਹੈ ਤੇ ਇਸ ਦੇਸ਼ ਦੀ ਆਬਾਦੀ ਦੀ ਰਫ਼ਤਾਰ ਪਹਿਲੇ ਨੰਬਰ ਵਾਲੇ ਦੇਸ਼ ਚੀਨ ਤੋਂ ਵੱਧ ਹੈ ਜਿਸ ਕਰਕੇ ਭਾਰਤ ਅੰਦਰ ਆਬਾਦੀ ਦੀ ਰਫ਼ਤਾਰ ਨੂੰ ਠੱਲ੍ਹ ਪਾਉਣਾ ਜ਼ਰੂਰੀ ਹੈ। ਭਾਰਤ ਵਿਕਾਸ ਕਰ ਰਿਹਾ ਦੇਸ਼ ਹੈ ਤੇ ਆਬਾਦੀ ਇਸ ਦੇਸ਼ ਦੀ ਤਰੱਕੀ ਦੇ ਰਾਹ ਵਿਚ ਰੁਕਾਵਟ ਇਸ ਲਈ ਵੀ ਹੈ ਕਿ ਸਰਕਾਰੀ ਯੋਜਨਾਵਾਂ ਨੂੰ ਸਹੀ ਅਰਥਾਂ ਵਿਚ ਲਾਗੂ ਕਰਨਾ ਮੁਸ਼ਕਿਲ ਹੋ ਜਾਂਦਾ ਹੈ। ਆਬਾਦੀ ਤੇ ਆਰਥਿਕਤਾ ਦਾ ਗੂੜ੍ਹਾ ਰਿਸ਼ਤਾ ਹੈ। ਪ੍ਰਤਿ ਜੀਅ ਆਮਦਨੀ ਤਾਂ ਹੀ ਵਧੇਗੀ ਜੇ ਆਬਾਦੀ ਦਾ ਅਨੁਪਾਤ ਉਤਪਾਦਨ ਮੁਤਾਬਕ ਹੋਵੇਗਾ। ਆਰਥਿਕ ਤਰੱਕੀ ਲਈ ਬਣਨ ਵਾਲੀਆਂ ਯੋਜਨਾਵਾਂ ਨੂੰ ਹਕੀਕਤ ਵਿਚ ਲਾਗੂ ਕਰਨ ਲਈ ਸਰਕਾਰਾਂ ਵਾਸਤੇ ਵਧਦੀ ਆਬਾਦੀ ਹੀ ਸਭ ਤੋਂ ਵੱਡੀ ਸਮੱਸਿਆ ਪੈਦਾ ਕਰਦੀ ਹੈ। ਹਰੇਕ ਵਿਅਕਤੀ ਤਕ ਸਰਕਾਰੀ ਯੋਜਨਾਵਾਂ ਲਾਗੂ ਕਰਨੀਆਂ ਮੁਸ਼ਕਿਲ ਹੋ ਜਾਂਦੀਆਂ ਹਨ।

ਜਿਸ ਰਫ਼ਤਾਰ ਨਾਲ ਭਾਰਤ ਦੀ ਆਬਾਦੀ ਵਧ ਰਹੀ ਹੈ ਉਸ ਮੁਤਾਬਕ ਰੁਜ਼ਗਾਰ ਪੈਦਾ ਕਰਨਾ ਮੁਸ਼ਕਿਲ ਹੋ ਜਾਂਦਾ ਹੈ। ਇਸੇ ਕਰਕੇ ਬੇਰੁਜ਼ਗਾਰੀ ਦਾ ਦੈਂਤ ਸਰਕਾਰੀ ਨੀਤੀਆਂ ਨੂੰ 'ਸਹੀ' ਰੂਪ ਤੇ ਆਕਾਰ ਵਿਚ ਲਾਗੂ ਕਰਨ ਵਿਚ ਰੁਕਾਵਟ ਪਾਉਂਦਾ ਹੈ। ਵਧ ਰਹੀ ਆਬਾਦੀ ਨੂੰ ਰੁਜ਼ਗਾਰ ਦੇ ਮੌਕੇ ਮੁਹੱਈਆ ਕਰਵਾਉਣ ਲਈ ਦੇਸ਼ ਦੀ ਆਰਥਿਕਤਾ ਮਜ਼ਬੂਤ ਹੋਣੀ ਚਾਹੀਦੀ ਹੈ ਪਰ ਵਧੀ ਆਬਾਦੀ ਹੀ ਆਰਥਿਕਤਾ ਨੂੰ ਖੋਰਾ ਲਾਉਂਦੀ ਹੈ। ਭਾਰਤ ਅੰਦਰ ਸਾਖਰਤਾ ਕਾਫ਼ੀ ਹੇਠਾਂ ਹੈ ਜਿਸ ਕਰਕੇ ਆਰਥਿਕ ਵਿਕਾਸ ਦੀ ਰਫ਼ਤਾਰ ਮੱਠੀ ਰਹੀ ਹੈ। ਹਰ ਸਾਲ ਅਸਿੱਖਿਅਤ ਅਤੇ ਗ਼ੈਰ ਹੁਨਰਮੰਦਾਂ ਦੀ ਫੌਜ ਵਿਚ ਵਾਧਾ ਆਰਥਿਕਤਾ ਨੂੰ ਮਜ਼ਬੂਤ ਕਰਨ ਲਈ ਮਨੁੱਖੀ ਸਾਧਨਾਂ ਦੀ ਵਰਤੋਂ ਨੂੰ ਵਰਤਣ ਲਈ ਭਾਰਤ ਸਰਕਾਰ ਨੇ ਅਜੇ ਹੋਰ ਠੋਸ ਕਦਮ ਪੁੱਟਣੇ ਹਨ। ਚੀਨ ਤੇ ਹੋਰ ਦੇਸ਼ਾਂ ਨੇ ਇਸ ਪਾਸੇ ਬਹੁਤ ਧਿਆਨ ਦਿਤਾ ਹੈ। ਸਰਕਾਰੀ ਨੀਤੀਆਂ ਹੇਠਲੀ ਪੱਧਰ ਤਕ ਤਦ ਹੀ ਲਾਗੂ ਹੋਣਗੀਆਂ ਜੇ ਆਬਾਦੀ ਕਾਬੂ ਹੇਠ ਰਹੇਗੀ।

ਪੜ੍ਹੀ-ਲਿਖੀ ਆਬਾਦੀ ਕਿਸੇ ਵੀ ਦੇਸ਼ ਕੋਲ ਵੱਡਾ ਸਾਧਨ ਹੁੰਦੀ ਹੈ। ਭਾਰਤ ਅੰਦਰ ਬਹੁਤੀ ਆਬਾਦੀ ਦਾ ਪੜ੍ਹਾਈ ਦਾ ਪੱਧਰ ਹੇਠਲੇ ਵਰਗਾਂ ਤਕ ਹੀ ਹੈ ਜਿਸ ਕਰਕੇ ਸਿੱਖਿਅਤ ਆਬਾਦੀ ਨੂੰ ਵੀ ਨੁਕਸਾਨ ਝੱਲਣਾ ਪੈਂਦਾ ਹੈ।

ਛਾਲਾਂ ਮਾਰਦੀ ਆਬਾਦੀ ਦਾ ਬਹੁਤਾ ਦਬਾਅ ਬੁਨਿਆਦੀ ਢਾਂਚੇ ਉਪਰ ਪੈਂਦਾ ਹੈ। ਵਧਦੀ ਜਨਸੰਖਿਆ ਦਾ ਦਬਾਅ ਮਕਾਨ ਉਸਾਰੀ, ਆਵਾਜਾਈ ਦੇ ਸਾਧਨਾਂ, ਸਿਹਤ ਸਹੂਲਤਾਂ ਤੇ ਸਿੱਖਿਆ ਸਹੂਲਤਾਂ ਉਪਰ ਵੀ ਪੈਂਦਾ ਹੈ। ਭਾਰਤ ਅੰਦਰ ਰੋਜ਼ਾਨਾ ਹੀ ਉਪਜਾਊ ਧਰਤੀ ਮਕਾਨਾਂ ਜਾਂ ਹੋਰ ਉਸਾਰੀਆਂ ਦੀ ਲਪੇਟ ਵਿਚ ਆ ਜਾਂਦੀ ਹੈ।

ਇਸ ਤਰ੍ਹਾਂ ਧਰਤੀ ਦਾ ਸੋਮਾ ਘਟ ਰਿਹਾ ਹੈ ਤੇ ਆਬਾਦੀ ਦਾ ਵਿਸਥਾਰ ਧਰਤੀ ਉਪਰਲੇ ਦਰਖ਼ਤਾਂ, ਨਦੀਆਂ, ਪਹਾੜਾਂ ਤੇ ਵਾਯੂਮੰਡਲ ਉਪਰ ਵੀ ਪ੍ਰਭਾਵ ਪਾ ਰਿਹਾ ਹੈ।

ਭਾਰਤ ਅੰਦਰ ਸ਼ਹਿਰੀਕਰਨ ਦੀ ਰਫ਼ਤਾਰ ਪਿਛਲੇ ਦੋ ਦਹਾਕਿਆਂ ਤੋਂ ਵਧੀ ਹੈ। ਸ਼ਹਿਰ ਆਪਣਾ ਵਿਸਥਾਰ ਕਰਨ ਲੱਗੇ ਹੋਏ ਹਨ। ਜਦੋਂ ਤੋਂ ਨਿੱਜੀ ਉਸਾਰੀ ਕੰਪਨੀਆਂ ਨੇ ਵਿਕਾਸ ਕਰਦੇ ਸ਼ਹਿਰਾਂ ਦੇ ਕਰੀਬੀ ਇਲਾਕਿਆਂ ਅੰਦਰ ਕਾਲੋਨੀਆਂ ਉਸਾਰੀਆਂ ਹਨ, ਉਦੋਂ ਤੋਂ ਸ਼ਹਿਰੀਕਰਨ ਨੇ ਖੰਭ ਫੈਲਾਏ ਹਨ। ਵਧੀ ਆਬਾਦੀ ਕਾਰਨ ਤੇ ਸ਼ਹਿਰੀਕਰਨ ਦੀ ਮਾਰ ਹੇਠ ਉਪਜਾਊ ਖੇਤ ਕਾਲੋਨੀਆਂ ਵਿਚ ਤਬਦੀਲ ਹੋ ਰਹੇ ਹਨ।

ਮਹਾਂਨਗਰਾਂ ਤੋਂ ਵੱਡੇ ਸ਼ਹਿਰਾਂ ਵਿਚ ਲੋਕਾਂ ਦੀ ਭੀੜ, ਟ੍ਰੈਫ਼ਿਕ ਜਾਮ, ਰੇਲ ਗੱਡੀਆਂ ਉਪਰ ਵਾਧੂ ਯਾਤਰੀਆਂ ਦਾ ਭਾਰ, ਹਸਪਤਾਲਾਂ ਅੰਦਰ ਮਰੀਜ਼ਾਂ ਦੀਆਂ ਲੰਬੀਆਂ ਕਤਾਰਾਂ ਤੇ ਇਲਾਜ ਖੁਣੋਂ ਮਰਦੇ ਲੋਕ, ਸਕੂਲਾਂ ਅੰਦਰ ਦਾਖ਼ਲੇ ਲੈਣ ਲਈ ਲੱਗੀਆਂ ਵੱਡੀਆਂ ਕਤਾਰਾਂ ਭਾਰਤ ਅੰਦਰ ਆਮ ਦੇਖੀਆਂ ਜਾ ਸਕਦੀਆਂ ਹਨ। ਘਰਾਂ ਅੰਦਰ ਵੀ ਜੀਆਂ ਦੀ ਭੀੜ ਦੇਖੀ ਜਾ ਸਕਦੀ ਹੈ। ਇਸ ਤਰ੍ਹਾਂ ਆਬਾਦੀ ਦਾ ਪਸਾਰ ਮਨੁੱਖੀ ਗੁੰਝਲਾਂ ਵਿਚ ਵਾਧਾ ਹੀ ਕਰਦਾ ਹੈ।

ਜਨਸੰਖਿਆ ਦੇ ਵਾਧੇ ਦਾ ਅਸਰ ਕੁਦਰਤੀ ਸਾਧਨਾਂ ਉਪਰ ਵੀ ਪੈਂਦਾ ਹੈ। ਜੰਗਲਾਂ ਹੇਠਲਾ ਰਕਬਾ ਦਿਨੋ-ਦਿਨ ਘਟ ਰਿਹਾ ਹੈ। ਪਾਣੀ ਦੀ ਵਰਤੋਂ ਵੱਧ ਹੋਣ ਕਰਕੇ ਇਸ ਅਨਮੋਲ ਕੁਦਰਤੀ ਸਾਧਨਾਂ ਦੀ ਕਮੀ ਆਉਣ ਵਾਲੀਆਂ ਪੀੜ੍ਹੀਆਂ ਨੂੰ ਦੇਖਣੀ ਪਵੇਗੀ। ਪਾਣੀ ਦਾ ਲੋੜੋਂ ਵੱਧ ਸ਼ੋਸ਼ਣ, ਇਸੇ ਤਰ੍ਹਾਂ ਧਰਤੀ ਹੇਠੋਂ ਨਿਕਲਦੇ ਪੈਟਰੋਲ, ਡੀਜ਼ਲ ਵਰਗੇ ਕੀਮਤੀ ਸਾਧਨਾਂ ਦਾ ਸ਼ੋਸ਼ਣ ਵੀ ਮਨੁੱਖ ਵਲੋਂ ਲਗਾਤਾਰ ਕੀਤਾ ਜਾ ਰਿਹਾ ਹੈ। ਭਵਿੱਖ ਵਿਚ ਇਹ ਕੁਦਰਤੀ ਸਾਧਨ ਖਤਮ ਹੋਣ ਲਈ ਮੌਜੂਦਾ ਪੀੜ੍ਹੀਆਂ ਜ਼ਿੰਮੇਵਾਰ ਹੋਣਗੀਆਂ। ਇਸੇ ਤਰ੍ਹਾਂ ਖਣਿਜ ਪਦਾਰਥਾਂ ਨੂੰ ਮੌਜੂਦਾ ਪੀੜ੍ਹੀ ਜਿਸ ਬੇਕਿਰਕੀ ਨਾਲ ਵਰਤ ਰਹੀ ਹੈ, ਉਸ ਦਾ ਖਾਮਿਆਜ਼ਾ ਵੀ ਆਉਣ ਵਾਲੀਆਂ ਨਸਲਾਂ ਨੇ ਹੀ ਭੁਗਤਣਾ ਹੈ। ਇਨ੍ਹਾਂ ਵਰਤੇ ਜਾ ਰਹੇ ਕੁਦਰਤੀ ਸਾਧਨਾਂ ਦਾ ਬਦਲ ਅਜੇ 'ਪੂਰਨ ਰੂਪ' ਵਿਚ ਤਿਆਰ ਹੋਣਾ ਹੈ। ਕੋਲਾ, ਲੋਹਾ, ਸੋਨਾ, ਚਾਂਦੀ ਤੇ ਹੋਰ ਖਣਿਜ ਵੀ ਘਟ ਰਹੇ ਹਨ।

ਬਿਜਲੀ ਹੁਣ ਹਰ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹੈ। ਇਹ ਕੋਲਾ, ਦਰਿਆਵਾਂ ਦੇ ਪਾਣੀ ਤੇ ਪ੍ਰਮਾਣੂ ਊਰਜਾ ਤੋਂ ਬਣਦੀ ਹੈ। ਕੋਲੇ ਦੀਆਂ ਖਾਣਾਂ ਵੀ ਇਕ ਦਿਨ ਖਤਮ ਹੋ ਜਾਣਗੀਆਂ। ਆਬਾਦੀ ਦਾ ਵਾਧਾ ਅਜਿਹੇ ਕੁਦਰਤੀ ਸਾਧਨਾਂ ਨੂੰ ਖੋਰਾ ਲਾ ਰਿਹਾ ਹੈ।

ਜਨਸੰਖਿਆ ਦਾ ਮਾੜਾ ਅਸਰ ਸਾਡੇ ਚੁਗਿਰਦੇ ਉਪਰ ਵੀ ਪੈ ਰਿਹਾ ਹੈ। ਵਾਤਾਵਰਨ ਪਲੀਤ ਹੋ ਰਿਹਾ ਹੈ। ਸਾਹ ਲੈਣਾ ਦੁਸ਼ਵਾਰ ਹੋ ਗਿਆ ਹੈ। ਸ਼ਹਿਰੀਕਰਨ ਦਾ ਸਿੱਧਾ ਅਸਰ ਸਾਡੇ ਚੁਗਿਰਦੇ ਉਪਰ ਪੈ ਰਿਹਾ ਹੈ। ਸ਼ਹਿਰਾਂ ਵਿਚੋਂ ਰੋਜ਼ਾਨਾ ਕਰੋੜਾਂ ਟਨ ਕਚਰਾ ਤੇ ਗੰਦ-ਮੰਦ ਨਿਕਲਦਾ ਹੈ ਜਿਸ ਨੂੰ ਸਾਂਭਣਾ ਸਰਕਾਰਾਂ, ਨਗਰ ਨਿਗਮਾਂ ਲਈ ਵੱਡੀ ਚੁਨੌਤੀ ਹੈ। ਇਹ ਕਚਰਾ ਚੁਗਿਰਦੇ ਅੰਦਰ ਜ਼ਹਿਰੀਲੀਆਂ ਗੈਸਾਂ ਛੱਡਦਾ ਹੈ ਜਿਸ ਦਾ ਉਲਟਾ ਪ੍ਰਭਾਵ ਮਨੁੱਖਾਂ ਉਪਰ ਪੈਂਦਾ ਹੈ। ਯਾਨੀ ਮਨੁੱਖ ਆਪਣੀ ਹੋਣੀ ਆਪ ਹੀ ਸਿਰਜ ਰਿਹਾ ਹੈ। ਆਪਣੇ ਹੱਥੀਂ ਹੀ ਭਵਿੱਖ ਉਪਰ ਕੁਹਾੜਾ ਚਲਾ ਰਿਹਾ ਹੈ।

ਪੈਦਾ ਹੋਏ ਮੂੰਹਾਂ ਨੂੰ ਅੰਨ ਦੇਣਾ ਹਰੇਕ ਅਰਥਵਿਵਸਥਾ ਦੀ ਜ਼ਿੰਮੇਵਾਰੀ ਰਹੀ ਹੈ। ਸਰਕਾਰਾਂ ਵਲੋਂ ਖੁਰਾਕ ਉਤਪਾਦਨ ਵਧਾਉਣ ਦੇ ਯਤਨ ਤਾਂ ਜਾਰੀ ਹਨ ਪਰ ਉਨ੍ਹਾਂ ਲਈ ਕੁਦਰਤੀ ਸਾਧਨਾਂ ਦਾ ਸ਼ੋਸ਼ਣ ਵੀ ਵਧ ਗਿਆ ਹੈ। ਤਕਨੀਕੀ ਗਿਆਨ ਵਿਚ ਵਾਧਾ ਮਨੁੱਖ ਲਈ ਖੁਰਾਕ ਤੇ ਸੇਵਾਵਾਂ ਤਾਂ ਮੁਹੱਈਆ ਕਰਵਾਉਣ ਲੱਗਾ ਹੈ ਤੇ ਇਸ ਲਈ ਰਸਾਇਣਾਂ ਦੀ ਬੇਹਿਸਾਬੀ ਵਰਤੋਂ ਹੋ ਰਹੀ ਹੈ। ਖੁਰਾਕ ਦੀ ਲਾਗਤ ਕੀਮਤ ਵਧ ਰਹੀ ਹੈ ਤੇ ਗੁਣਵੱਤਾ ਘਟ ਰਹੀ ਹੈ ਜੋ ਆਬਾਦੀ ਦੇ ਵਧੇ ਅਸੰਤੁਲਨ ਦੌਰਾਨ ਬੀਮਾਰੀਆਂ ਦਾ ਵਾਧਾ ਕਰਦੀ ਹੈ। ਅਜਿਹਾ ਵਰਤਾਰਾ ਅਣਵਿਕਸਤ ਦੇਸ਼ਾਂ ਅੰਦਰ ਵੱਧ ਹੈ।

ਭਾਰਤ ਅੰਦਰ ਡਾਕਟਰੀ ਸਹੂਲਤਾਂ ਵਿਚ ਵਾਧਾ ਹੋਇਆ ਹੈ ਤੇ ਮੌਤ ਦਰ ਘਟੀ ਹੈ ਪਰ ਜਨਮ ਦਰ ਨੂੰ ਕਾਬੂ ਕਰਨਾ ਅਜੇ ਬਾਕੀ ਹੈ। ਭਾਰਤ ਅੰਦਰ ਵਿਆਹ ਪ੍ਰਥਾ ਵੱਖ-ਵੱਖ ਵਰਗਾਂ, ਧਰਮਾਂ ਤੇ ਫਿਰਕਿਆਂ ਦੌਰਾਨ ਅਲਗ ਹੈ। ਵਿਆਹ ਦੀ ਕਾਨੂੰਨੀ ਉਮਰ 18 ਸਾਲ ਹੈ ਪਰ ਅਜੇ ਵੀ ਕਈ ਜਾਤੀਆਂ ਤੇ ਕਬੀਲਿਆਂ ਵਿਚ ਬਾਲ ਵਿਆਹਾਂ ਦੀ ਪ੍ਰਥਾ ਹੈ। ਅਜੇ ਵੀ ਇਹ ਵਿਹਾਰ ਤੁਰਿਆ ਆ ਰਿਹਾ ਹੈ ਕਿ ਜਿੰਨੇ ਬੱਚੇ ਵੱਧ ਹੋਣਗੇ, ਖ਼ਾਸ ਕਰਕੇ ਪੁੱਤਰ ਵੱਧ ਹੋਣ ਦੀ ਸੂਰਤ ਵਿਚ ਮਾਪਿਆਂ ਦਾ ਬੁਢਾਪਾ ਦੇਖਣ ਵਾਲਾ ਕੋਈ ਹੋਵੇਗਾ। ਇਹ ਵੀ ਤਰਕ ਦਿਤਾ ਜਾਂਦਾ ਹੈ ਕਿ ਪਰਿਵਾਰ ਦੇ ਜ਼ਿਆਦਾ ਮੈਂਬਰ ਹੋਣਗੇ ਤਾਂ ਕਮਾਈ ਵੀ ਵੱਧ ਹੋਵੇਗੀ। ਇਸ ਲਈ ਆਬਾਦੀ ਦਾ ਵਾਧਾ ਪੇਂਡੂ ਖੇਤਰਾਂ ਵਿਚ ਤੇ ਘੱਟ ਵਿਕਸਤ ਰਾਜਾਂ ਅੰਦਰ ਦੇਖਿਆ ਜਾ ਸਕਦਾ ਹੈ। ਅਨਪੜ੍ਹਤਾ ਜਨਸੰਖਿਆ ਵਾਧੇ ਦਾ ਕਾਰਨ ਬਣੀ ਹੋਈ ਹੈ। ਭਾਰਤ ਅੰਦਰ ਹਰ ਸਾਲ ਬੇਰੁਜ਼ਗਾਰਾਂ ਦੀ ਗਿਣਤੀ ਵਧ ਜਾਂਦੀ ਹੈ ਪਰ ਉਨ੍ਹਾਂ ਲਈ ਰੁਜ਼ਗਾਰ ਦੇ ਮੌਕੇ ਮੁਹੱਈਆ ਕਰਵਾਉਣਾ ਸੌਖਾ ਨਹੀਂ ਹੈ। ਬੁਨਿਆਦੀ ਢਾਂਚੇ ਦੇ ਵਿਕਾਸ ਲਈ ਕੀਤੇ ਜਾਂਦੇ ਅਮਲ ਹਰ ਸਾਲ ਜਨਸੰਖਿਆ ਦੇ ਵਾਧੇ ਨਾਲ ਅਧੂਰੇ ਰਹਿੰਦੇ ਹਨ। ਕੁਦਰਤੀ ਸੋਮਿਆਂ ਨੂੰ ਜਨਸੰਖਿਆ ਦੇ ਵਾਧੇ ਦਬਾਅ ਤੋਂ ਬਚਾਉਣਾ ਔਖਾ ਹੋ ਗਿਆ ਹੈ।

ਭਾਰਤ ਵਿਚ ਮੱਧ ਵਰਗ ਤੇਜ਼ੀ ਨਾਲ ਵਧ ਰਿਹਾ ਹੈ ਤੇ ਇਹ ਮੱਧ ਵਰਗ ਆਉਣ ਵਾਲੇ ਦਹਾਕਿਆਂ ਵਿਚ ਚੀਨ ਦੇ ਮੱਧ ਵਰਗ ਨੂੰ ਟੱਕਰ ਦੇਣ ਲੱਗੇਗਾ। ਇਸ ਮੱਧ ਵਰਗ ਦੇ ਪਸਾਰ ਨਾਲ ਕਈ ਖੇਤਰਾਂ ਉਪਰ ਅਸਰ ਪਿਆ ਹੈ। ਜਿਵੇਂ ਕਿ ਉਪਰ ਜ਼ਿਕਰ ਕੀਤਾ ਹੈ ਕਿ ਸ਼ਹਿਰੀਕਰਨ ਵਧ ਰਿਹਾ ਹੈ ਇਵੇਂ ਹੀ ਪੇਂਡੂ ਖੇਤਰਾਂ ਤੋਂ ਸ਼ਹਿਰੀ ਖੇਤਰਾਂ ਨੂੰ ਹਿਜਰਤ ਹੋ ਰਹੀ ਹੈ। ਮੱਧ ਵਰਗ ਦੇਸ਼ ਦੀ ਆਰਥਿਕਤਾ ਦਾ ਮੁੱਖ ਸਰੋਤ ਵੀ ਹੈ। ਇਸ ਨਵੇਂ ਮੱਧ ਵਰਗ ਦੇ ਵੀ ਦੋ ਹਿੱਸੇ ਹਨ 'ਉਪਰਲਾ ਮੱਧ ਵਰਗ' ਤੇ 'ਹੇਠਲਾ ਮੱਧ ਵਰਗ'। ਇਨ੍ਹਾਂ ਦੋਨਾਂ ਵਰਗਾਂ ਦੇ ਚਲਦਿਆਂ ਭਾਰਤ ਅੰਦਰ ਸਮਾਜਿਕ ਤਬਦੀਲੀ ਆਈ ਹੈ। ਸ਼ਹਿਰੀਕਰਨ ਦੀ ਵਜਹ ਵੀ ਇਹੀ ਮੱਧ ਵਰਗ ਹੈ। ਇਹ ਵਰਗ ਰਹਿਣ-ਸਹਿਣ ਦੀਆਂ ਆਦਤਾਂ ਬਦਲ ਰਿਹਾ ਹੈ। ਇਸ ਵਰਗ ਦੀ ਖਰੀਦ ਸ਼ਕਤੀ ਵਧ ਰਹੀ ਹੈ ਤੇ ਉਹ ਸਿੱਖਿਆ ਪ੍ਰਤਿ ਆਪਣੀਆਂ ਆਦਤਾਂ ਵੀ ਬਦਲ ਰਿਹਾ ਹੈ, ਜਾਂ ਸਿੱਖਿਅਤ ਹੋਣ ਵੱਲ ਰੁਚਿਤ ਹੈ। ਸਿੱਖਿਅਤ ਹੋਣ ਕਰਕੇ ਉਹ ਖਪਤਵਾਦ ਵੱਲ ਵੀ ਵਧੀ ਜਾ ਰਿਹਾ ਹੈ ਜਿਸ ਕਰਕੇ ਸਾਡੇ ਸਾਧਨਾਂ ਉਪਰ ਦਬਾਅ ਪੈਣ ਲੱਗਾ ਹੈ। ਸ਼ਹਿਰੀਕਰਨ ਹੇਠ ਭਾਰਤ ਦੀ ਆਬਾਦੀ ਦਾ ਵੱਡਾ ਹਿੱਸਾ ਅਗਲੇ ਦਹਾਕਿਆਂ ਵਿਚ ਆ ਜਾਵੇਗਾ ਇਸ ਵਰਗ ਦੀ ਖਰੀਦ ਸ਼ਕਤੀ ਵੀ ਵਧੀ ਹੈ।

ਭਾਰਤ ਅੰਦਰ ਵਧੀ ਆਬਾਦੀ ਨੂੰ ਕਾਬੂ

ਹੇਠ ਰੱਖਣ ਲਈ ਸਰਕਾਰੀ ਪੱਧਰ 'ਤੇ ਕੋਸ਼ਿਸ਼ਾਂ 1952 ਤੋਂ ਹੀ ਸ਼ੁਰੂ ਹੋ ਗਈਆਂ ਸਨ, ਆਜ਼ਾਦ ਭਾਰਤ ਅੰਦਰ ਜਨਮ ਦਰ ਨੂੰ ਕਾਬੂ ਕਰਨ ਲਈ ਪਰਿਵਾਰ ਕਲਿਆਣ ਯੋਜਨਾਵਾਂ ਰਾਜ ਸਰਕਾਰਾਂ ਅਤੇ ਕੇਂਦਰ ਸਰਕਾਰ ਵਲੋਂ ਬਣਾਈਆਂ ਗਈਆਂ ਸਨ। ਇਨ੍ਹਾਂ ਪਰਿਵਾਰ ਕਲਿਆਣ ਯੋਜਨਾਵਾਂ ਹੇਠ ਪਰਿਵਾਰ ਨਿਯੋਜਨ ਵੀ ਅਹਿਮ ਪੜਾਅ ਸੀ। ਸੰਨ 1966 ਵਿਚ ਭਾਰਤ ਸਰਕਾਰ ਦੇ ਸਿਹਤ ਮੰਤਰਾਲਾ ਨੇ ਵੱਖਰਾ 'ਪਰਿਵਾਰ ਕਲਿਆਣ' ਪ੍ਰੋਗਰਾਮ ਸ਼ੁਰੂ ਕੀਤਾ ਸੀ।

ਹੁਣ ਕੇਂਦਰ ਸਰਕਾਰ ਵਲੋਂ ਰਾਜ ਸਰਕਾਰਾਂ ਨਾਲ ਮਿਲ ਕੇ ਪੇਂਡੂ ਖੇਤਰਾਂ ਵਿਚ ਸਿਹਤ ਸੇਵਾਵਾਂ ਵਧਾਉਣ ਦੇ ਉਪਰਾਲੇ ਕੀਤੇ ਜਾ ਰਹੇ ਹਨ। ਪ੍ਰਚਾਰ ਸਾਧਨਾਂ ਰਾਹੀਂ ਦੋ ਬੱਚਿਆਂ ਦਰਮਿਆਨ ਅੰਤਰ ਰੱਖਣ ਲਈ ਪ੍ਰੇਰਿਆ ਜਾ ਰਿਹਾ ਹੈ। ਪਰਿਵਾਰ ਨੂੰ ਦੋ ਬੱਚੇ ਪੈਦਾ ਕਰਨ ਲਈ ਉਤਸ਼ਾਹਤ ਕੀਤਾ ਗਿਆ ਹੈ। ਆਂਗਨਵਾੜੀ ਕਾਮਿਆਂ ਰਾਹੀਂ ਬੱਚਿਆਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਬੱਚਿਆਂ ਦੇ ਛੋਟੀ ਉਮਰ ਵਿਚ ਵਿਆਹਾਂ ਉਪਰ ਰੋਕ ਲਾਈ ਜਾ ਚੁੱਕੀ ਹੈ।

ਭਾਰਤ ਅੰਦਰ ਸਭ ਤੋਂ ਵੱਧ ਜਨਸੰਖਿਆ ਘਣਤਾ ਵਾਲਾ ਰਾਜ ਪੱਛਮੀ ਬੰਗਾਲ ਹੈ ਤੇ ਇਸ ਅੰਦਰ ਇਕ ਕਿਲੋਮੀਟਰ ਖੇਤਰ ਵਿਚ 900 ਦੇ ਲਗਭਗ ਵਿਅਕਤੀ ਰਹਿੰਦੇ ਹਨ। ਦਿੱਲੀ ਉਹ ਕੇਂਦਰ ਸ਼ਾਸ਼ਤ ਪ੍ਰਦੇਸ਼ ਹੈ ਜਿਥੇ ਜਨਸੰਖਿਆ ਦੇ ਹਿਸਾਬ ਨਾਲ 6300 ਵਿਅਕਤੀ ਵਰਗ ਕਿਲੋਮੀਟਰ ਵਿਚ ਰਹਿੰਦੇ ਹਨ। ਇਸ ਅੰਕੜੇ ਤੋਂ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਰਾਜਧਾਨੀ ਦਿੱਲੀ ਅੰਦਰ ਕੁਦਰਤੀ ਸਾਧਨਾਂ ਉਪਰ ਆਬਾਦੀ ਦਾ ਕਿੰਨਾ ਦਬਾਅ ਹੈ। ਇੰਨੀ ਸੰਘਣੀ ਆਬਾਦੀ ਲਈ ਪਾਣੀ ਦੀ ਪੂਰਤੀ, ਸੀਵਰ ਦੀ ਸਹੂਲਤ, ਸਕੂਲ, ਕਾਲਜ, ਹਸਪਤਾਲ ਬਣਾਉਣੇ ਤੇ ਹੋਰ ਬੁਨਿਆਦੀ ਸਹੂਲਤਾਂ ਦੇਣਾ ਅਤੇ ਬੁਨਿਆਦੀ ਢਾਂਚਾ ਵਿਕਸਤ ਕਰਨਾ ਕਾਫ਼ੀ ਮਹਿੰਗਾ ਤੇ ਔਖਾ ਕਾਰਜ ਹੈ।

ਦੂਜੇ ਪਾਸੇ, ਅਰੁਣਾਚਲ ਪ੍ਰਦੇਸ਼ ਸਭ ਤੋਂ ਘੱਟ ਆਬਾਦੀ ਘਣਤਾ ਵਾਲਾ ਰਾਜ ਮੰਨਿਆ ਜਾਂਦਾ ਹੈ ਜਿਥੇ ਲਗਭਗ 10 ਵਿਅਕਤੀ ਪ੍ਰਤਿ ਵਰਗ ਕਿਲੋਮੀਟਰ ਵਿਚ ਰਹਿੰਦੇ ਹਨ। ਇਸੇ ਤਰ੍ਹਾਂ ਕੇਂਦਰ ਸ਼ਾਸ਼ਤ ਪ੍ਰਦੇਸ਼ ਅੰਡੇਮਾਨ ਤੇ ਨਿਕੋਬਾਰ ਸਭ ਤੋਂ ਘੱਟ ਆਬਾਦੀ ਘਣਤਾ ਵਾਲਾ ਖੇਤਰ ਹੈ, ਉਥੇ 34 ਵਿਅਕਤੀ ਪ੍ਰਤਿ ਵਰਗ ਕਿਲੋਮੀਟਰ ਵਿਚ ਰਹਿੰਦੇ ਹਨ।

ਉਮਰ ਦੇ ਮੋਟੇ-ਮੋਟੇ ਅੰਕੜੇ ਇਹ ਸਾਬਤ ਕਰਦੇ ਹਨ ਕਿ ਆਬਾਦੀ ਦਾ ਵਾਧਾ ਉਨ੍ਹਾਂ ਇਲਾਕਿਆਂ, ਖਿੱਤਿਆਂ ਵਿਚ ਜ਼ਿਆਦਾ ਹੁੰਦਾ ਹੈ ਜਿਥੇ ਮਨੁੱਖ ਦੀਆਂ ਮੁੱਢਲੀਆਂ ਲੋੜਾਂ ਕੁੱਲੀ, ਗੁੱਲੀ ਤੇ ਜੁੱਲੀ ਮੁਹੱਈਆ ਹੋਵੇ ਤੇ ਆਧੁਨਿਕ ਦੌਰ ਵਿਚ ਰੁਜ਼ਗਾਰ ਮੁੱਖ ਤੌਰ ਤੇ ਮਿਲਦਾ ਹੋਵੇ।

ਮੌਜੂਦਾ ਅਰਥਸ਼ਾਸ਼ਤਰੀ ਆਬਾਦੀ ਨੂੰ ਵੀ ਸਾਧਨ (ਏ ਐੱਸ ਐੱਸ ਈ ਟੀ ਐੱਸ) ਮੰਨ ਕੇ ਚੱਲਦੇ ਹਨ ਤੇ ਇਨ੍ਹਾਂ ਸਾਧਨਾਂ ਨੂੰ ਸਿੱਖਿਅਤ ਕਰਕੇ ਚੀਨ ਵਾਂਗ ਰੁਜ਼ਗਾਰ ਮੁਖੀ ਬਣਾਉਣਾ ਭਾਰਤ ਲਈ ਵੱਡੀ ਚੁਣੌਤੀ ਹੈ। ਭਾਰਤ ਦੀ 50 ਪ੍ਰਤਿਸ਼ਤ ਆਬਾਦੀ 25 ਸਾਲ ਤੋਂ ਘੱਟ ਹੈ। ਜਦ ਕਿ ਲਗਭਗ 65 ਪ੍ਰਤਿਸ਼ਤ ਆਬਾਦੀ 35 ਸਾਲ ਤੋਂ ਘੱਟ ਉਮਰ ਦੀ ਹੈ। ਇਹ ਵੀ ਉਮੀਦ ਕੀਤੀ ਜਾ ਰਹੀ ਹੈ ਕਿ 2020 ਤਕ ਨੌਜਵਾਨ ਆਬਾਦੀ ਲਗਭਗ 29 ਪ੍ਰਤਿਸ਼ਤ ਹੋ ਜਾਵੇਗੀ। ਦੂਜੇ ਪਾਸੇ ਦੁਨੀਆਂ ਦੇ ਸਭ ਤੋਂ ਵੱਧ ਆਬਾਦੀ ਵਾਲੇ ਦੇਸ਼ ਚੀਨ ਵਿਚ ਇਹੀ ਅੰਕੜਾ 37 ਸਾਲ ਹੈ ਤੇ ਜਾਪਾਨ ਵਿਚ 48 ਸਾਲ ਔਸਤਨ ਉਮਰ ਹੈ।

ਇਹ ਵੀ ਇਕ ਵਿਲੱਖਣ ਤੱਥ ਹੈ ਕਿ ਭਾਰਤ ਵਿਚ 2 ਹਜ਼ਾਰ ਤੋਂ ਵੱਧ ਜਾਤੀ ਸਮੂਹ ਰਹਿੰਦੇ ਹਨ ਜੋ ਅਨੇਕਤਾ ਵਿਚ ਏਕਤਾ ਦੀ ਝਲਕ ਪੇਸ਼ ਕਰਦੇ ਹਨ। ਦੁਨੀਆਂ ਵਿਚ ਚਾਰ ਵੱਡੇ ਧਰਮਾਂ ਦੇ ਲੋਕ ਵੀ ਭਾਰਤ ਦੀ ਇੰਨੀ ਵੱਡੀ ਆਬਾਦੀ ਦਾ ਹਿੱਸਾ ਹਨ। ਵਿਸ਼ਵ ਦੇ ਚਾਰ ਵੱਡੇ ਭਾਸ਼ਾ ਪਰਿਵਾਰ ਇੰਡੋ-ਯੂਰਪੀਅਨ, ਦ੍ਰਾਵਿੜ, ਅਸਟਰੋ-ਏਸ਼ੀਆਟਿਕ ਤੇ ਤਿੱਬਤੀ-ਬਰਮੀ ਬੋਲਣ ਵਾਲਿਆਂ ਦੀ ਚੋਖੀ ਗਿਣਤੀ ਵੀ ਭਾਰਤ ਵਿਚ ਰਹਿੰਦੀ ਹੈ। ਯਾਨਿ ਭਾਰਤ ਅੰਦਰ ਭਾਸ਼ਾਈ, ਸੱਭਿਆਚਾਰਕ, ਵੰਸ਼ ਪ੍ਰਣਾਲੀ ਦੀ ਵਿਲੱਖਣਤਾ ਵਿਚ ਅਫਰੀਕੀ ਮਹਾਂਦੀਪ ਹੀ ਸਾਡੇ ਤੋਂ ਅੱਗੇ ਹੈ।

ਜੋ ਰਫ਼ਤਾਰ ਹੁਣ ਆਬਾਦੀ ਵਧਣ ਦੀ ਹੈ ਉਸ ਤੋਂ ਜਾਪਦਾ ਹੈ ਕਿ 2025 ਤਕ ਭਾਰਤ ਦੀ ਜਨਸੰਖਿਆ 1.5 ਅਰਬ ਹੋ ਜਾਵੇਗੀ। ਇਹ ਵੀ ਕਿਆਸ ਲਾਏ ਜਾ ਰਹੇ ਹਨ ਕਿ 2030 ਤਕ ਭਾਰਤ ਚੀਨ ਨੂੰ ਪਿੱਛੇ ਛੱਡ ਕੇ ਆਬਾਦੀ ਵਿਚ ਨੰਬਰ ਇਕ ਬਣ ਜਾਵੇਗਾ। ਇਸ ਦੇ ਉਲਟੇ ਪ੍ਰਭਾਵ ਪੈਣ ਦੀ ਭਵਿੱਖਬਾਣੀ ਵੀ ਨਾਲ ਹੀ ਕੀਤੀ ਜਾ ਰਹੀ ਹੈ ਕਿ 2030 ਤਕ ਸ਼ਹਿਰੀ ਆਬਾਦੀ ਦੇ ਦੋ ਤਿਹਾਈ ਹਿੱਸੇ ਨੂੰ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣਾ ਵੱਡੀ ਚੁਣੌਤੀ ਬਣ ਜਾਵੇਗਾ। ਡਾਕਟਰੀ ਸਹੂਲਤਾਂ ਤੇ ਰੁਜ਼ਗਾਰ ਦੇਣਾ ਮੁਸ਼ਕਿਲ ਕਾਰਜ ਬਣ ਜਾਵੇਗਾ।

ਆਂਧਰ ਪ੍ਰਦੇਸ਼, ਕਰਨਾਟਕ, ਤਮਿਲਨਾਡੂ ਤੇ ਕੇਰਲ ਵਿਚ ਹੀ ਭਾਰਤ ਦੀ ਆਬਾਦੀ ਦਾ 14 ਪ੍ਰਤਿਸ਼ਤ ਹਿੱਸਾ ਰਹਿੰਦਾ ਹੈ ਤੇ ਇਨ੍ਹਾਂ ਰਾਜਾਂ ਅੰਦਰ ਆਬਾਦੀ ਤੋਂ ਪੈਦਾ ਹੁੰਦੀਆਂ ਸਮੱਸਿਆਵਾਂ ਹੱਲ ਕਰਨ ਲਈ ਸਥਾਨਕ ਸਰਕਾਰਾਂ ਦਾ ਵੱਡਾ ਬਜਟ ਖਰਚ ਹੋ ਰਿਹਾ ਹੈ। ਦੋ ਰਾਜ ਮਹਾਂਰਾਸ਼ਟਰ ਤੇ ਗੁਜਰਾਤ ਵੀ ਲਗਭਗ 11 ਪ੍ਰਤਿਸ਼ਤ ਦਾ ਉਪਰੋਕਤ ਅੰਕੜੇ ਵਿਚ ਵਾਧਾ ਕਰਦੇ ਹਨ। ਇਹ ਵੀ ਸਾਹਮਣੇ ਆ ਰਿਹਾ ਹੈ ਕਿ ਦੱਖਣੀ ਰਾਜਾਂ ਅੰਦਰ ਆਬਾਦੀ ਵਧਣ ਦੀ ਦਰ ਘਟ ਰਹੀ ਹੈ ਤੇ ਉੱਤਰੀ ਰਾਜਾਂ ਅੰਦਰ ਦਰ ਵਧ ਰਹੀ ਹੈ।

ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼ ਦੇਸ਼ ਦੇ ਅੰਨ ਭੰਡਾਰ ਨੂੰ ਭਰ ਰਹੇ ਹਨ ਪਰ ਆਬਾਦੀ ਦੇ ਵਾਧੇ ਦਾ ਦਬਾਅ ਹੋਣ ਕਰਕੇ ਧਰਤੀ ਤੋਂ ਅੰਨ ਪ੍ਰਾਪਤ ਕਰਨ ਲਈ ਰਸਾਇਣਾਂ ਦੀ ਬੇਹਿਸਾਬੀ ਵਰਤੋਂ ਕਰ ਕੇ ਇਨ੍ਹਾਂ ਰਾਜਾਂ ਦੀ ਜ਼ਰਖੇਜ਼ ਧਰਤੀ ਹੁਣ ਕਮਜ਼ੋਰ ਹੋ ਰਹੀ ਹੈ। ਪੰਜਾਬ ਦੀ ਧਰਤੀ ਇਸ ਦੀ ਪ੍ਰਤੱਖ ਉਦਾਹਰਣ ਹੈ ਜਿਥੇ ਹੁਣ ਬਿਨਾਂ ਰਸਾਇਣਕ ਖਾਦਾਂ ਦੀ ਵਰਤੋਂ ਕੀਤੇ ਅੰਨ ਪੈਦਾ ਕਰਨਾ ਮੁਸ਼ਕਿਲ ਕਾਰਜ ਬਣ ਗਿਆ ਹੈ। ਧਰਤੀ ਹੇਠਲੇ ਪਾਣੀ ਦਾ ਪੱਧਰ ਖ਼ਤਰਨਾਕ ਹੱਦ ਤੋਂ ਹੇਠਾਂ ਜਾ ਰਿਹਾ ਹੈ।

**ਮਨੁੱਖੀ ਜੀਵਨ ਦੇ ਮੁੱਲਾਂ ਵਿਚ ਗਿਰਾਵਟ ਆ ਰਹੀ ਹੈ ਅਪਰਾਧਾਂ ਵਿਚ ਵਾਧਾ, ਭੁੱਖਮਰੀ ਤੇ ਬੇਰੁਜ਼ਗਾਰੀ ਕਾਰਨ ਵੀ ਹੋ ਰਿਹਾ ਹੈ। ਮਾਨਵੀ ਜ਼ਰੂਰਤਾਂ ਤੇ ਸਾਧਨਾਂ ਦੀ ਪੂਰਤੀ ਕਰਨਾ ਮੁਸ਼ਕਿਲ ਹੁੰਦਾ ਹੈ ਜਿਸੇ ਕਰਕੇ ਮਨੁੱਖੀ ਜੀਵਨ ਵਿਚ ਗਿਰਾਵਟ ਆਈ ਹੈ। ਵਾਤਾਵਰਨ ਉਪਰ ਵੱਡਾ ਅਸਰ ਪੈ ਰਿਹਾ ਹੈ। ਆਉਣ ਵਾਲੀਆਂ ਪੀੜ੍ਹੀਆਂ ਲਈ ਸ਼ੁੱਧ ਪਾਣੀ ਤੇ ਆਬੋ-ਹਵਾ ਸ਼ੁੱਧ ਵੱਡੀ ਚੁਣੌਤੀ ਹੋਵੇਗੀ। ਸਰੋਤਾਂ ਨੂੰ ਸਹੀ ਅਨੁਪਾਤ ਵਿਚ ਵਰਤਣ ਲਈ ਹੁਣ ਆਪਣਾ ਚੁਗਿਰਦਾ, ਧਰਤੀ ਤੇ ਜੰਗਲ ਹੀ ਤਬਾਹ ਨਾ ਕਰ ਲਈਏ।**

*(ਲੇਖਕ ਸੁਤੰਤਰ ਪੱਤਰਕਾਰ ਹੈ।)*

# ਗਰਮੀ ਰੁੱਤੇ ਮੌਨਸੂਨ ਤੇ ਮੀਂਹ ਦੀ ਅਨਿਯਮਤਾ

ਪ੍ਰਭਜੋਤ ਕੌਰ, ਹਰਪ੍ਰੀਤ ਸਿੰਘ ਤੇ ਕੁਲਵਿੰਦਰ ਕੌਰ ਗਿੱਲ

ਪੰਜਾਬੀ ਦੀ ਮਸ਼ਹੂਰ ਕਹਾਵਤ ਹੈ ਕਿ 'ਕਿਤੇ ਸੋਕਾ ਕਿਤੇ ਡੋਬਾ'। ਜਿਵੇਂ ਹੀ ਗਰਮੀ ਦਾ ਮਹੀਨਾ ਮਈ-ਜੂਨ ਸ਼ੁਰੂ ਹੁੰਦਾ ਹੈ ਤਾਂ ਲੋਕ ਮੀਂਹ ਦੀਆਂ ਗੱਲਾਂ ਕਰਨ ਲੱਗ ਪੈਂਦੇ ਹਨ। ਪਹਿਲੀ ਗੱਲ ਤਾਂ ਇਹ ਹੁੰਦੀ ਹੈ : ਕੀ ਮੌਨਸੂਨ ਸਮੇਂ ਸਿਰ ਆਵੇਗੀ? ਜੇ ਸਮੇਂ ਸਿਰ ਆਵੇਗੀ ਤਾਂ ਕਿਸ ਤਰ੍ਹਾਂ ਦੀ ਆਵੇਗੀ? ਕੀ ਸਾਰੇ ਹੀ ਇਕੋ ਜਿਹਾ ਸਾਵਾਂ ਮੀਂਹ ਪਵੇਗਾ ਜਾਂ ਕਿਤੇ ਹੜ੍ਹਾਂ ਵਾਲੇ ਗੰਭੀਰ ਹਾਲਾਤ ਬਣ ਜਾਣਗੇ? ਇਨ੍ਹਾਂ ਸਾਰੀਆਂ ਗੱਲਾਂ ਦੇ ਜਵਾਬ ਲਈ ਭਾਰਤ ਦਾ ਮੌਸਮ ਵਿਭਾਗ (ਆਈ ਐੱਮ ਡੀ) ਦੇ ਮੌਸਮ ਵਿਗਿਆਨੀ ਹੀ ਨਿਸ਼ਾਨਾ ਬਣਦੇ ਹਨ। ਚਾਹੇ ਇਹ ਪ੍ਰਸ਼ਨ ਇਕ ਕਿਸਾਨ ਜਾਂ ਆਮ ਆਦਮੀ ਦੇ ਹੋਣ ਜਾਂ ਇਕ ਦੇਸ਼ ਲਈ ਨੀਤੀ ਬਣਾਉਣ ਵਾਲੇ ਦੇ। ਮੁੱਖ ਪ੍ਰਸ਼ਨ ਇਹ ਹੈ : ਕਿ ਮੌਨਸੂਨ ਅਨਿਯਮਤ ਕਿਉਂ ਹੈ?

ਮੌਨਸੂਨ ਦੀ ਰਵਾਇਤੀ ਪਰਿਭਾਸ਼ਾ ਦੇਖੀਏ ਤਾਂ ਇਹ ਹਵਾਵਾਂ ਇਕ ਮੌਸਮੀ ਬਦਲਾਅ ਦੀਆਂ ਉਲਟਾਵੀਆਂ ਹਵਾਵਾਂ ਹਨ ਜੋ ਬਦਲਦੀਆਂ ਰੁੱਤਾਂ ਦੇ ਪ੍ਰਭਾਵ ਹੇਠ ਸਮੁੰਦਰ ਵਲੋਂ ਚਲਦੀਆਂ ਹਨ। ਇਨ੍ਹਾਂ ਦੀ ਹੋਂਦ ਹੇਠ ਦਿਤੇ ਕਾਰਨਾਂ ਕਰਕੇ ਹੁੰਦੀ ਹੈ:

- ਸਮੁੱਚੇ ਏਸ਼ੀਆ ਦੇ ਧਰਤੀ ਪੁੰਜ ਅਤੇ ਹਿੰਦ ਮਹਾਂਸਾਰਗ ਉੱਪਰ ਗਰਮੀ – ਤਾਪ ਦੀ ਵਿਲੱਖਣਤਾ।
- ਹਿਮਾਲਿਆ ਪਰਬਤ ਮਾਲਾ ਅਤੇ ਤਿੱਬਤੀ ਪਲੈਟੂ ਦੀ ਹੋਂਦ।
- ਤਿੱਬਤੀ ਪਲੈਟੂ ਉੱਪਰ ਭਾਰੀ ਤੋਂ ਹਲਕੀ ਬਰਫ਼ਬਾਰੀ।
- ਉੱਪਰਲੇ ਵਾਯੂਮੰਡਲ ਵਿਚ ਚੱਕਰਵਾਤਾਂ ਦੀ ਹੋਂਦ।

ਸਰ ਗਿਲਬਰਟ ਥਾਮਸ ਵਾਕਰ ਪਹਿਲਾ ਵਿਗਿਆਨੀ ਸੀ ਜਿਸ ਨੇ ਮੌਨਸੂਨ ਵਰਖਾ ਦੀ ਭਵਿੱਖਬਾਣੀ ਕਰਨ ਲਈ ਇਕ ਸੂਤਰ ਤਿਆਰ ਕੀਤਾ ਜੋ ਕਿ 'ਸਦਰਨ ਓਸੀਲੇਸ਼ਨ' ਅਤੇ 'ਵਾਲਕਰ ਸਰਕੁਲੇਸ਼ਨ' ਦੇ ਨਾਂ ਨਾਲ ਜਾਣਿਆ ਗਿਆ। ਇਸ ਤੱਤ ਦਾ ਸੰਬੰਧ ਹਿੰਦ ਮਹਾਂਸਾਗਰ ਅਤੇ ਸ਼ਾਂਤ ਮਹਾਂਸਾਗਰ ਵਿਚਕਾਰ ਹਵਾ ਦੇ ਦਬਾਅ ਦਾ ਉਤਾਰ-ਚੜ੍ਹਾ ਹੁੰਦਾ ਹੈ। ਇਸ ਉਤਾਰ-ਚੜ੍ਹਾ ਨੂੰ ਧਰਤੀ ਦੇ ਗਰਮ ਅਤੇ ਜ਼ਿਆਦਾ ਵਰਖਾ ਵਾਲੇ ਇਲਾਕਿਆਂ ਦਾ ਤਾਪਮਾਨ ਅਤੇ ਪਿਛਲੇ ਸਾਲਾਂ ਦੀ ਰਵਾਇਤੀ ਵਰਖਾ ਨਾਲ ਜੋੜ ਕੇ ਦੇਖਿਆ ਜਾਂਦਾ ਹੈ। ਜਿਸ ਨਾਲ ਆਉਣ ਵਾਲੀ ਮੌਨਸੂਨ ਵਰਖਾ ਦੀ ਭਵਿੱਖਬਾਣੀ ਕੀਤੀ ਜਾਂਦੀ ਹੈ।

ਆਮ ਤੌਰ ਤੇ ਦੱਖਣ-ਪੂਰਬੀ ਮੌਨਸੂਨ ਹਵਾਵਾਂ ਦੀ ਜੂਨ ਮਹੀਨੇ ਦੇ ਸ਼ੁਰੂ ਵਿਚ ਹੀ ਆਉਣ ਦੀ ਆਸ ਕੀਤੀ ਜਾਂਦੀ ਹੈ ਅਤੇ ਇਹ ਸਤੰਬਰ ਮਹੀਨੇ ਦੇ ਅੰਤ ਤਕ ਖਤਮ ਹੋ ਜਾਂਦੀਆਂ ਹਨ। ਭੂਗੋਲਿਕ ਸਥਿਤੀ ਕਾਰਨ ਇਹ ਨਮੀ ਭਰਪੂਰ ਹਵਾਵਾਂ ਜਦੋਂ ਦੱਖਣੀ ਤੱਟ ਦੇ ਉਸ ਬਿੰਦੂ 'ਤੇ ਪਹੁੰਚਦੀਆਂ ਹਨ ਜਿਸ ਨੂੰ ਇੰਡੀਅਨ ਪੇਨੀਸੁਲਾ ਕਿਹਾ ਜਾਂਦਾ ਹੈ ਤਾਂ ਭੂਗੋਲਿਕ ਸਥਿਤੀ ਕਾਰਨ ਇਹ ਦੋ ਹਿੱਸਿਆਂ ਵਿਚ ਵੰਡੀਆਂ ਜਾਂਦੀਆਂ ਹਨ : ਅਰਬ ਸਾਗਰ ਸ਼ਾਖਾ ਅਤੇ ਖਾੜੀ ਬੰਗਾਲ ਸ਼ਾਖਾ। ਅਰਬ ਸਾਗਰ ਵਾਲੀਆਂ ਦੱਖਣ ਪੂਰਬੀ ਮੌਨਸੂਨ ਹਵਾਵਾਂ ਸਭ ਤੋਂ ਪਹਿਲਾਂ ਪੱਛਮੀ ਤੱਟ 'ਤੇ ਸਥਿਤ ਤੱਟੀ ਪ੍ਰਾਂਤ ਕੇਰਲ ਉਪਰ ਪਹੁੰਚਦੀਆਂ ਹਨ ਅਤੇ ਇਸ ਤਰ੍ਹਾਂ ਕੇਰਲ ਭਾਰਤ ਦਾ ਪਹਿਲਾ ਰਾਜ ਹੁੰਦਾ ਹੈ ਜਿਥੇ ਸਭ ਤੋਂ ਪਹਿਲੀ ਮੌਨਸੂਨ ਵਰਖਾ ਹੁੰਦੀ ਹੈ। ਖਾੜੀ ਬੰਗਾਲ ਵਾਲੀਆਂ ਦੱਖਣੀ-ਪੂਰਬੀ ਮੌਨਸੂਨ ਹਵਾਵਾਂ ਖਾੜੀ ਬੰਗਾਲ ਦੇ ਉਪਰ ਤੋਂ ਹੁੰਦੀਆਂ ਹੋਈਆਂ ਉੱਤਰ-ਪੂਰਬੀ ਭਾਰਤ ਅਤੇ ਬੰਗਾਲ ਵੱਲ ਵਧਦੀਆਂ ਹਨ। ਖਾੜੀ ਬੰਗਾਲ ਦੇ ਉੱਪਰ ਤੋਂ ਜਾਂਦੀਆਂ ਹੋਈਆਂ ਇਨ੍ਹਾਂ ਹਵਾਵਾਂ ਵਿਚ ਹੋਰ ਨਮੀ ਭਰੀ ਜਾਂਦੀ ਹੈ। ਬਹੁਤ ਜ਼ਿਆਦਾ ਨਮੀ ਨਾਲ ਭਰੀਆਂ ਹੋਈਆਂ ਇਹ ਮੌਨਸੂਨ ਹਵਾਵਾਂ ਪੂਰਬੀ ਹਿਮਾਲਿਆ 'ਤੇ ਪਹੁੰਚਦੀਆਂ ਹਨ। ਮੇਘਾਲਿਆ ਵਿਚ ਦੱਖਣੀ ਢਲਾਨ 'ਤੇ ਸਥਿਤ ਮੋਇਸਨਰਾਮ ਸਥਾਨ ਧਰਤੀ ਦਾ ਸਭ ਤੋਂ ਵੱਧ ਵਰਖਾ ਪੈਣ ਵਾਲਾ ਸਥਾਨ ਹੈ।

ਭਾਰਤ ਦਾ ਮੌਸਮ ਵਿਭਾਗ ਹੀ ਸਿਰਫ਼ ਇਕ ਮਾਤਰ ਵਿਭਾਗ ਹੈ ਜੋ ਕਿ ਮੌਸਮ ਬਾਰੇ ਭਵਿੱਖਬਾਣੀ ਕਰ ਸਕਦਾ ਹੈ। 1988 ਵਿਚ ਇਸ ਵਿਭਾਗ ਨੇ 16 ਪੈਰਾਮੀਟਰ ਵਾਲਾ ਮਾਡਲ ਮੌਨਸੂਨ ਦੀ ਭਵਿੱਖਬਾਣੀ ਕਰਨ ਲਈ ਵਰਤਣਾ ਸ਼ੁਰੂ ਕੀਤਾ। ਫਿਰ ਇਸ ਤੋਂ ਬਾਅਦ 2003 ਵਿਚ ਇਕ ਨਵੀਂ ਦੋ ਪੜਾਵਾਂ ਵਾਲੀ ਤਕਨੀਕ ਵਰਤਣੀ ਸ਼ੁਰੂ ਕੀਤੀ। ਜਿਸ ਵਿਚ ਮੌਨਸੂਨ (ਜੂਨ ਤੋਂ ਸਤੰਬਰ) ਵਰਖਾ ਬਾਰੇ ਪਹਿਲੀ ਭਵਿੱਖਬਾਣੀ ਅਪ੍ਰੈਲ ਵਿਚ ਕਰ ਦਿਤੀ ਜਾਂਦੀ ਸੀ ਅਤੇ ਉਸ ਨੂੰ ਸੋਧ ਕੇ ਜੂਨ ਵਿਚ ਦੁਬਾਰਾ ਪ੍ਰਸਾਰਿਤ ਕਰ ਦਿਤਾ ਜਾਂਦਾ ਸੀ। ਇਹ ਨਵੀਂ ਭਵਿੱਖਬਾਣੀ ਸਮੁੱਚੇ ਭਾਰਤੀ ਖਿੱਤੇ ਦੀ ਮੌਸਮੀ ਵਰਖਾ ਦੀ ਭਵਿੱਖਬਾਣੀ ਹੁੰਦੀ ਸੀ। ਇਸ ਹੇਠ ਉੱਤਰ-ਪੱਛਮੀ ਭਾਰਤ, ਮੱਧ ਭਾਰਤ, ਦੱਖਣੀ ਅਤੇ ਉੱਤਰ ਪੂਰਬੀ ਭਾਰਤ ਆ ਜਾਂਦੇ ਹਨ। ਸਮੁੱਚੇ ਦੇਸ਼ ਵਿਚ ਜੁਲਾਈ ਮਹੀਨੇ ਹੋਣ ਵਾਲੀ ਵਰਖਾ ਵੀ ਇਸੇ ਦੂਸਰੀ ਭਵਿੱਖਬਾਣੀ ਹੇਠ ਆ ਜਾਂਦੀ ਸੀ। ਹੁਣੇ-ਹੁਣੇ 2007 ਵਿਚ ਇਕ ਨਵੀਂ ਅੰਕੜਿਆਂ ਦੇ ਆਧਾਰ ਵਾਲੀ ਮਲਟੀ ਮਾਡਲ ਅਸੈਂਬਲ 5 (ਐੱਮ ਐੱਮ ਈ 5) ਤਕਨੀਕ ਹੋਂਦ ਵਿਚ ਆਈ। ਇਸ ਤਕਨੀਕ ਵਿਚ ਕਿਸੇ ਵੀ ਇਕ ਮਾਡਲ ਦੇ ਨਤੀਜਿਆਂ ਨਾਲ ਨਹੀਂ ਸਗੋਂ ਜਿੰਨੇ ਵੀ ਪ੍ਰਾਪਤ ਮਾਡਲਾਂ ਦੇ ਨਤੀਜਿਆਂ ਨੂੰ ਮੁੱਖ ਰੱਖ ਕੇ ਮੌਨਸੂਨ ਵਰਖਾ ਅਤੇ ਮੌਸਮ ਦੀ ਭਵਿੱਖਬਾਣੀ ਕੀਤੀ ਜਾਂਦੀ ਹੈ। ਇਸ


ਵਿਚ 47 ਜਲਵਾਯੂ ਪੈਰਾਮੀਟਰਜ਼ ਤੋਂ 1000, 850, 700 ਅਤੇ 500 ਹਾਪਾ ਲੈਵਲ ਇਕ ਸੰਭਵ ਭਵਿੱਖਬਾਣੀ ਕਰਨ ਵਾਲਿਆਂ ਦਾ ਗਰੁੱਪ ਚੁਣਿਆ ਜਾਂਦਾ ਹੈ।

ਭਾਰਤ ਦਾ ਮੌਸਮ ਵਿਭਾਗ ਆਪਣੀ ਪਹਿਲੀ ਵਿਸ਼ਾਲ ਭਵਿੱਖਬਾਣੀ ਅਪ੍ਰੈਲ, ਦੂਜੀ ਮਈ ਅਤੇ ਤੀਜੀ ਜੂਨ ਵਿਚ ਕਰਦਾ ਹੈ। ਜੇ 10 ਮਈ ਤੋਂ ਬਾਅਦ ਦੱਖਣੀ ਭਾਰਤ ਦੇ ਮੌਜੂਦਾ 14 ਸਟੇਸ਼ਨ ਲਗਾਤਾਰ ਦੋ ਦਿਨ ਦੀ 2.5 ਐੱਮ ਐੱਮ ਜਾਂ ਇਸ ਤੋਂ ਵੱਧ ਵਰਖਾ ਦਾ ਅਨੁਮਾਨ ਲਗਾਉਂਦੇ ਹਨ ਤਾਂ ਤੱਟੀ ਪ੍ਰਾਂਤ ਕੇਰਲ ਉੱਤਰ ਮੌਨਸੂਨ ਆਉਣ ਦੀ ਘੋਸ਼ਣਾ ਕੀਤੀ ਜਾ ਸਕਦੀ ਹੈ। ਹਰ ਸਾਲ ਭਾਰਤ ਵਿਚ ਦੱਖਣ-ਪੱਛਮੀ ਮੌਨਸੂਨ ਪੌਣਾਂ ਪੱਛਮੀ ਤੱਟੀ ਇਲਾਕੇ ਵਿਚ ਪਹਿਲੀ ਜੂਨ ਨੂੰ ਆ ਜਾਂਦੀਆਂ ਹਨ ਅਤੇ ਫਿਰ 15 ਜੁਲਾਈ ਤਕ ਸਮੁੱਚੇ ਭਾਰਤ ਵਿਚ ਛਾ ਜਾਂਦੀਆਂ ਹਨ। ਮੌਨਸੂਨ ਪੌਣਾਂ ਦੀ ਸਾਡੇ ਦੇਸ਼ ਵਿਚੋਂ ਵਾਪਸੀ ਪਹਿਲੀ ਸਤੰਬਰ ਤੋਂ ਸ਼ੁਰੂ ਹੋ ਜਾਂਦੀ ਹੈ ਅਤੇ ਪਹਿਲੀ ਅਕਤੂਬਰ ਤਕ ਇਹ ਸੰਪੂਰਨ ਰੂਪ ਵਿਚ ਖਤਮ ਹੋ ਜਾਂਦੀ ਹੈ। ਪੰਜਾਬ ਵਿਚ ਮੌਨਸੂਨ ਪੌਣਾਂ ਦਾ ਆਗਮਨ ਕੇਰਲ ਵਿਚ ਆਉਣ ਤੋਂ ਲਗਭਗ ਇਕ ਮਹੀਨਾ ਬਾਅਦ ਹੁੰਦਾ ਹੈ। ਅਰਥਾਤ ਪੰਜਾਬ ਵਿਚ ਮੌਨਸੂਨ ਪਹਿਲੀ ਜੁਲਾਈ ਤੋਂ ਸਕ੍ਰਿਆ ਹੁੰਦੀ ਹੈ ਅਤੇ ਸਾਰੇ ਦੇਸ਼ ਵਿਚ ਫੈਲ ਜਾਂਦੀ ਹੈ। ਭਾਵੇਂ ਮੌਨਸੂਨ ਪੌਣਾਂ ਦੀ ਇਹ ਨਿਯਮਤਾ ਹੈ ਪਰ ਫਿਰ ਵੀ ਇਸ ਦੇ ਆਗਮਨ ਵਿਚ ਬਹੁਤ ਅਨਿਯਮਤਾ ਹੈ। ਇਸ ਅਨਿਯਮਤਾ ਦੇ ਬਹੁਤ ਸਾਰੇ ਕਾਰਨ ਹਨ ਜਿਵੇਂ ਕਿ ਹਵਾ ਦੇ ਦਬਾਅ ਵਿਚ ਸਮੇਂ-ਸਮੇਂ ਬਦਲਾਅ ਆਉਣਾ, ਹਵਾ ਦੀ ਦਿਸ਼ਾ ਦਾ ਬਦਲਣਾ ਅਤੇ ਹਵਾ ਦੀ ਗਤੀ ਦਾ ਬਦਲਣਾ। ਇਨ੍ਹਾਂ ਕਾਰਨਾਂ ਕਰਕੇ ਹੀ ਪੰਜਾਬ ਵਿਚ ਕਦੇ ਮੌਨਸੂਨ ਸਮੇਂ ਸਿਰ ਆਉਂਦੀ ਹੈ ਅਤੇ ਕਦੇ ਕਾਫੀ ਦੇਰ ਨਾਲ। ਮੌਨਸੂਨ ਦਾ ਚੰਗਾ ਜਾਂ ਮਾੜਾ ਹੋਣਾ ਵੀ ਇਨ੍ਹਾਂ ਕਾਰਨਾਂ 'ਤੇ ਹੀ ਨਿਰਭਰ ਕਰਦਾ ਹੈ। ਇਨ੍ਹਾਂ ਵਿਚੋਂ ਪ੍ਰਮੁੱਖ ਕਾਰਨ ਹਨ ਐਲ-ਨੀਨੋ ਅਤੇ ਲਾ-ਨੀਨਾ।

ਐਲ-ਨੀਨੋ ਅਤੇ ਲਾ-ਨੀਨਾ ਧਰਤੀ ਉੱਪਰ ਬਹੁਤ ਹੀ ਸ਼ਕਤੀਸ਼ਾਲੀ ਤੱਤ ਹਨ ਜੋ ਕਿ ਸਮੁੱਚੇ ਗ੍ਰਹਿ ਖੰਡ ਦੇ ਮੌਸਮ ਵਿਚ ਤਬਦੀਲੀ ਲਿਆ ਸਕਦੇ ਹਨ। ਐੱਲ-ਨੀਨੋ ਸਪੇਨ ਦੇ ਲੋਕਾਂ ਦੁਆਰਾ ਬੋਲਿਆ ਜਾਣ ਵਾਲਾ ਸ਼ਬਦ ਹੈ ਜੋ ਕਿ ਸ਼ਾਂਤ ਮਹਾਂਸਾਗਰ ਦੇ ਤੱਟੀ ਇਲਾਕੇ ਪੀਰੂ ਵਿਚ ਰਹਿੰਦੇ ਹਨ ਅਤੇ ਇਸ ਦਾ ਅਰਥ ਹੈ 'ਛੋਟਾ ਲੜਕਾ'। ਕਾਰੋਬਾਰੀ ਭਾਸ਼ਾ ਵਿਚ ਇਸ ਨੂੰ ਐਨਸੋ (ਐੱਲ ਨੀਨੋ ਸਦਰਨ ਓਸੀਲੇਸ਼ਨ) ਕਹਿੰਦੇ ਹਨ। ਜਨਵਰੀ ਤੋਂ ਮਾਰਚ ਤਕ ਆਮ ਨਾਲੋਂ ਵੱਧ ਤਾਪਮਾਨ ਵਾਲਾ ਪਾਣੀ ਸ਼ਾਂਤ ਮਹਾਂਸਾਗਰ ਦੀ ਸਤਹ 'ਤੇ ਦੱਖਣੀ ਅਮਰੀਕਾ ਤੋਂ ਦੱਖਣ ਵੱਲ ਪੀਰੂ ਦੇ ਤੱਟੀ ਇਲਾਕੇ ਵੱਲ ਚਲਦਾ ਹੈ ਜਦੋਂ ਸਮੁੰਦਰ ਦਾ ਤਾਪਮਾਨ ਘਟ ਜਾਂਦਾ ਹੈ। ਪਰ ਕਈ ਵਾਰੀ ਕਿਸੇ ਸਾਲ ਇਹ ਤਾਪਮਾਨ ਜ਼ਿਆਦਾ ਹੀ ਰਹਿੰਦਾ ਹੈ ਅਤੇ ਸ਼ਾਂਤ ਮਹਾਂਸਾਗਰ ਦੇ ਉਪਰਲੀ ਸਤਹ ਦੇ ਪਾਣੀ ਨੂੰ ਬਹੁਤ ਗਰਮ ਕਰ ਦਿੰਦਾ ਹੈ। ਇਸ ਨਾਲ ਮੱਛੀਆਂ ਦਾ ਕਾਰੋਬਾਰ ਬਿਲਕੁਲ ਠੱਪ ਹੋ ਜਾਂਦਾ ਹੈ। ਸਤਹ ਦੇ ਤਾਪਮਾਨ ਅਤੇ ਦੱਖਣੀ ਉਤਾਰ-ਚੜ੍ਹਾ ਦਾ ਆਪਸ ਵਿਚ ਡੂੰਘਾ ਸੰਬੰਧ ਹੈ। ਜੋ ਕਿ ਇਕ ਕਿਸਮ ਦਾ ਗਲੋਬਲ ਉਤਾਰ-ਚੜ੍ਹਾ ਹੈ ਜੋ ਕਿ ਹਿੰਦ ਮਹਾਂਸਾਗਰ ਅਤੇ ਸ਼ਾਂਤ ਮਹਾਂਸਾਗਰ ਉਪਰ ਵਾਤਾਵਰਨ ਦਾ ਦਬਾਅ ਕਾਰਨ ਹੁੰਦਾ ਹੈ। ਜਦੋਂ ਸ਼ਾਂਤ ਮਹਾਂਸਾਗਰ ਉੱਪਰ ਤਾਪਮਾਨ ਵੱਧ ਹੁੰਦਾ ਹੈ ਤਾਂ ਹਿੰਦ ਮਹਾਂਸਾਗਰ ਉਪਰ ਤਾਪਮਾਨ ਘੱਟ ਹੁੰਦਾ ਹੈ। ਜਿਵੇਂ ਕਿ ਦਬਾਅ ਦਾ ਵਰਖਾ ਨਾਲ ਉਲਟੇ ਕ੍ਰਮ ਦਾ ਸੰਬੰਧ ਹੁੰਦਾ ਹੈ। ਨਤੀਜੇ ਵਜੋਂ, ਜੇ ਹਿੰਦ ਮਹਾਂਸਾਗਰ ਉਪਰ ਦਬਾਅ ਘੱਟ ਹੈ ਤਾਂ ਇਸ ਦਾ ਮਤਲਬ ਬਹੁਤ ਹੀ ਵਧੀਆ ਮੌਨਸੂਨ ਆਉਣ ਦੀ ਸੰਭਾਵਨਾ ਹੈ। ਇਹ ਤਰੁੱਟੀ ਹਰ ਦੋ ਤੋਂ ਸੱਤ ਸਾਲ ਵਿਚ ਆਉਂਦੀ ਹੈ ਅਤੇ ਇਸ ਦੇ ਨਾਲ ਸੋਕਾ ਪੈਣ ਦੀ ਸੰਭਾਵਨਾ ਵਧ ਜਾਂਦੀ ਹੈ ਪਰ ਇਸ ਦੇ ਨਾਲ ਹੀ ਇਸ ਦਾ ਇਹ ਮਤਲਬ ਵੀ ਹੁੰਦਾ ਹੈ ਕਿ ਅਗਲੇ ਸਾਲ ਚੰਗੀ ਵਰਖਾ ਹੋਵੇਗੀ। ਕੁਝ ਵੀ ਕਹੋ ਚੰਗੀ ਮੌਨਸੂਨ ਦਾ ਸੰਬੰਧ ਲਾ-ਨੀਨਾ (ਛੋਟੀ ਲੜਕੀ) ਨਾਲ ਹੈ ਜੋ ਕਿ ਐਲਨੀਨੋ ਦਾ ਉਲਟਾ ਹੈ। ਇਹ ਚੰਗੀ ਵਰਖਾ ਅਤੇ ਕਈ ਵਾਰ ਹੜ੍ਹਾਂ ਵਰਗੀ ਸਥਿਤੀ ਵੀ ਲਿਆ ਦਿੰਦੀ ਹੈ।

ਪੰਜਾਬ ਵਿਚ 1901–2000 ਦੇ ਲੰਬੇ ਸਮੇਂ ਦੀ ਔਸਤ ਵਰਖਾ 500 ਮਿਲੀਮੀਟਰ ਹੈ। ਜਿਨ੍ਹਾਂ ਸਾਲਾਂ ਵਿਚ ਮੌਨਸੂਨ ਵਰਖਾ 19 ਪ੍ਰਤਿਸ਼ਤ ਤੋਂ ਘੱਟ ਰਹਿੰਦੀ ਹੈ ਉਨ੍ਹਾਂ ਨੂੰ ਸੋਕੇ ਦੇ ਸਾਲ ਕਿਹਾ ਜਾਂਦਾ ਹੈ ਅਤੇ 19 ਪ੍ਰਤਿਸ਼ਤ ਤੋਂ ਵੱਧ ਵਰਖਾ ਵਾਲੇ ਸਾਲਾਂ ਨੂੰ ਹੜ੍ਹ ਵਾਲੇ ਸਾਲ ਕਿਹਾ ਜਾਂਦਾ ਹੈ। ਬਾਕੀ ਦੇ ਸਾਲ ਜੋ ਉੱਪਰ ਵਾਲੀ ਰੇਂਜ ਵਿਚ ਨਹੀਂ ਆਉਂਦੇ ਉਨ੍ਹਾਂ ਨੂੰ ਨਾਰਮਲ ਮੌਨਸੂਨ ਸਾਲ ਕਿਹਾ ਜਾਂਦਾ ਹੈ। 1901 ਤੋਂ 2014 ਦੇ ਵਕਫੇ ਵਿਚ ਸਭ ਤੋਂ ਘੱਟ ਵਰਖਾ 1987 ਵਿਚ (–68 ਪ੍ਰਤਿਸ਼ਤ ਘੱਟ), 1918 ਵਿਚ (–49 ਪ੍ਰਤਿਸ਼ਤ ਘੱਟ) ਵਰਖਾ ਹੋਈ। ਦੂਜੇ ਪਾਸੇ ਪੰਜਾਬ ਵਿਚ ਸਾਲ 1988 ਵਿਚ ਸਭ ਤੋਂ ਵੱਧ (+ 119 ਪ੍ਰਤਿਸ਼ਤ) ਅਤੇ 1950 ਵਿਚ (+91 ਪ੍ਰਤਿਸ਼ਤ) ਵਰਖਾ ਹੋਈ। (1901–2014) ਦੇ ਲੰਬੇ ਸਮੇਂ ਦੌਰਾਨ 23 ਸਾਲ ਸੋਕੇ ਦੇ ਆਏ ਅਤੇ ਇਸੇ ਸਮੇਂ ਦੇ 13 ਸਾਲ ਦਾ ਰਿਕਾਰਡ (56 ਪ੍ਰਤਿਸ਼ਤ) ਐਲ-ਨੀਨੋ ਨਾਲ ਜੋੜਿਆ ਜਾਂਦਾ ਹੈ। ਸਭ ਤੋਂ ਘੱਟ ਵਰਖਾ ਰਿਕਾਰਡ ਵਾਲਾ ਸਾਲ 1987 ਰਿਹਾ ਜੋ ਕਿ (–68 ਪ੍ਰਤਿਸ਼ਤ ਘੱਟ) ਅਤੇ ਸਾਲ 2004 (44 ਪ੍ਰਤਿਸ਼ਤ ਘੱਟ) ਰਿਹਾ 2009 ਵਿਚ ਪੰਜਾਬ ਵਿਚ 35 ਪ੍ਰਤਿਸ਼ਤ ਘੱਟ ਵਰਖਾ ਰਿਕਾਰਡ ਹੋਈ (2–3 ਜ਼ਿਲ੍ਹੇ ਛੱਡ ਕੇ) ਇਸੇ ਤਰ੍ਹਾਂ ਵੱਧ ਵਰਖਾ ਵਾਲੇ 13 ਸਾਲਾਂ ਵਿਚੋਂ 6 ਸਾਲ ਦਾ ਰਿਕਾਰਡ (46 ਪ੍ਰਤਿਸ਼ਤ) ਲਾ-ਨੀਨਾ ਨਾਲ ਜੋੜਿਆ ਜਾਂਦਾ ਹੈ। ਇਨ੍ਹਾਂ ਹੀ 13 ਸਾਲਾਂ ਦਾ ਵੱਧ

*ਬਾਕੀ ਸਫ਼ਾ 51 ਉੱਤੇ*



# ਕੀ ਤੁਸੀਂ ਜਾਣਦੇ ਹੋ?

## ਟਰਿੱਪਸ

ਟਰਿੱਪਸ ਦਾ ਅਰਥ ਹੈ ਬੌਧਿਕ ਸੰਪਤੀ ਅਧਿਕਾਰਾਂ ਦੇ ਵਪਾਰ ਸੰਬੰਧਿਤ ਮੁੱਦੇ। ਇਹ ਇਕ ਅੰਤਰਰਾਸ਼ਟਰੀ ਸਮਝੌਤਾ ਹੈ ਜੋ ਦੁਨੀਆਂ ਦੀ ਬੌਧਕ ਸੰਪਤੀ ਅਧਿਕਾਰ ਪ੍ਰਣਾਲੀ ਨੂੰ ਇਕ ਸਾਵੇਂ ਅਤੇ ਸਭ ਨੂੰ ਮਨਜ਼ੂਰਸ਼ੁਦਾ ਅੰਤਰਰਾਸ਼ਟਰੀ ਨੇਮਾਂ ਅਤੇ ਜ਼ਾਬਤਿਆਂ ਦੇ ਨੈੱਟ ਤਹਿਤ ਲਿਆਉਂਦੀ ਹੈ ਜੋ ਅੰਤਰਰਾਸ਼ਟਰੀ ਸਾਹਿਤਕ ਸਮੱਗਰੀ ਦੀ ਚੋਰੀ ਅਤੇ ਉਸ ਦੀ ਵਰਤੋਂ, ਉਪਲਬਧਤਾ, ਬੌਧਿਕ ਸੰਪਤੀ ਅਧਿਕਾਰਾਂ ਦਾ ਪਸਾਰ ਅਤੇ ਪੇਟੈਂਟਸ ਦੀ ਸੁਰੱਖਿਆ ਨਾਲ ਸੰਬੰਧਿਤ ਹੈ। ਇਹ ਮਿਆਰ ਵਿਸ਼ਵ ਵਪਾਰ ਸੰਸਥਾਨ ਦੇ ਹਰ ਮੈਂਬਰ ਦੇਸ਼ ਦੇ ਕਾਨੂੰਨਾਂ ਵਿਚ ਸ਼ਾਮਿਲ ਹੋਣੇ ਚਾਹੀਦੇ ਹਨ ਅਤੇ 'ਸਭ ਤੋਂ ਵੱਧ ਪਹਿਲ ਦੇ ਦੇਸ਼' ਦੇ ਅਸੂਲ ਅਤੇ ਰਾਸ਼ਟਰੀ ਵਤੀਰੇ ਨਾਲ ਮੇਲ ਖਾਣ ਵਾਲੇ ਹੋਣੇ ਚਾਹੀਦੇ ਹਨ।

ਇਸ ਸਮਝੌਤੇ ਦੇ ਮੁੱਖ ਪਹਿਲੂ ਹਨ ਮਿਆਰ, ਲਾਗੂਕਰਨ ਅਤੇ ਝਗੜੇ ਨਿਪਟਾਉਣਾ। ਇਸ ਸਮਝੌਤੇ ਨੇ ਇਕ ਵੱਖਰਾ ਮਿਆਰ ਹਾਸਲ ਕੀਤਾ ਹੈ – ਉਸ ਵਿਸ਼ੇ-ਸੂਚੀ ਲਈ ਜਿਸ ਨੂੰ ਸੁਰੱਖਿਆ ਦੇਣੀ ਹੋਵੇ, ਉਨ੍ਹਾਂ ਅਧਿਕਾਰਾਂ ਲਈ ਜੋ ਦਿਤੇ ਜਾਣ ਅਤੇ ਉਨ੍ਹਾਂ ਅਧਿਕਾਰਾਂ ਵਿਚ ਦੇਣ ਲਾਇਕ ਮੁਨਾਸਬਤਾ ਲਈ ਅਤੇ ਸੁਰੱਖਿਆ ਦੇ ਘੱਟ ਤੋਂ ਘੱਟ ਸਮੇਂ ਲਈ। ਇਨ੍ਹਾਂ ਮੁੱਦਿਆਂ ਦਾ ਸਭ ਤੋਂ ਹਾਲ ਹੀ ਦੇ ਪੈਰਿਸ ਸੰਮੇਲਨ ਅਤੇ ਬਾਰਨ ਸੰਮੇਲਨ ਅਨੁਸਾਰ ਨਿਪਟਾਰਾ ਕੀਤਾ ਜਾਂਦਾ ਹੈ।

ਲਾਗੂਕਰਨ ਆਮ ਤੌਰ ਤੇ ਮੈਂਬਰ ਦੇਸ਼ਾਂ ਵਲੋਂ ਸਮਝੌਤੇ ਵਿਚ ਦਰਸਾਏ ਉਨ੍ਹਾਂ ਸਾਰੇ ਤਰੀਕਿਆਂ ਅਤੇ ਹੱਲਾਂ ਉੱਪਰ ਪੱਕੀ ਤਰ੍ਹਾਂ ਅਡਿੱਗ ਰਹਿਣ ਨਾਲ ਸੰਬੰਧਿਤ ਹੁੰਦਾ ਹੈ। ਅਧਿਕਾਰ ਪ੍ਰਾਪਤਕਾਰਾਂ ਵਲੋਂ ਆਪਣੇ ਅਧਿਕਾਰ ਅਸਰਦਾਰ ਤਰੀਕੇ ਲਾਗੂ ਕਰਨ ਲਈ ਉਨ੍ਹਾਂ ਦੀ ਪਹੁੰਚ ਸਿਵਲ ਅਤੇ ਪ੍ਰਬੰਧਕੀ ਤਰੀਕਿਆਂ ਦੀਆਂ ਵਿਵਸਥਾਵਾਂ, ਸਰਹੱਦੀ ਕਾਨੂੰਨ, ਫੌਜਦਾਰੀ ਕਾਰਜ ਪ੍ਰਣਾਲੀ ਤਕ ਹੋਣੀ ਚਾਹੀਦੀ ਹੈ।

ਇਕ ਹੋਰ ਵਿਸ਼ੇਸ਼ਤਾ ਝਗੜੇ ਨਿਪਟਾਉਣ ਬਾਰੇ ਹੈ ਜਿਸ ਵਿਚ ਵਿਸ਼ਵ ਵਪਾਰ ਸੰਗਠਨ ਦੇ ਮੈਂਬਰ ਦੇਸ਼, ਟਰਿੱਪਸ ਦੀ ਕਾਰਜ ਪ੍ਰਣਾਲੀ ਅਨੁਸਾਰ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਂਦੇ ਹੋਏ ਆਪਸੀ ਝਗੜੇ ਨਿਪਟਾਉਂਦੇ ਹਨ। ਇਸ ਤੋਂ ਇਲਾਵਾ, ਅਜਿਹੇ ਕਾਇਦੇ ਕਾਨੂੰਨ ਹਨ ਜੋ ਇਹ ਯਕੀਨੀ ਬਣਾਉਂਦੇ ਹਨ ਕਿ ਬੌਧਿਕ ਸੰਪਤੀ ਅਧਿਕਾਰਾਂ ਦੀ ਪ੍ਰਾਪਤੀ ਅਤੇ ਲਾਗੂਕਰਨ ਵਿਚ ਕਾਰਜ ਪ੍ਰਣਾਲੀ ਦੀਆਂ ਗੁੰਝਲਾਂ ਅਤੇ ਮੁਸ਼ਕਿਲਾਂ ਇਸ ਸਮਝੌਤੇ ਤਹਿਤ ਮਿਲਣ ਵਾਲੇ ਲਾਭਾਂ ਉਪਰ ਭਾਰੂ ਨਾ ਹੋ ਜਾਣ। ਹਰ ਮੈਂਬਰ ਨੂੰ ਆਪਣੀ ਕਾਨੂੰਨੀ ਪ੍ਰਕਿਰਿਆ ਅਨੁਸਾਰ ਇਸ ਸਮਝੌਤੇ ਦੀਆਂ ਮਦਾਂ ਨੂੰ ਲਾਗੂ ਕਰਨ ਲਈ ਢੁਕਵੇਂ ਤਰੀਕੇ ਦਾ ਫ਼ੈਸਲਾ ਕਰਨ ਦੀ ਖੁੱਲ੍ਹ ਹੁੰਦੀ ਹੈ।

ਹਰ ਸ਼੍ਰੇਣੀ ਦੇ ਸੰਪਤੀ ਅਧਿਕਾਰਾਂ ਦੀ ਸੁਰੱਖਿਆ ਲਈ ਘੱਟੋ-ਘੱਟ ਮਿਆਰ ਨਿਸ਼ਚਤ ਹਨ। ਇਨ੍ਹਾਂ ਵਿਚ ਸ਼ਾਮਿਲ ਹਨ ਕਾਪੀਰਾਈਟ ਅਤੇ ਸੰਬੰਧਿਤ ਅਧਿਕਾਰ (ਪ੍ਰਦਰਸ਼ਨਕਾਰਾਂ, ਧੁਨੀ ਪੇਸ਼ਕਾਰਾਂ ਅਤੇ ਰਿਕਾਰਡ ਕਰਨ ਵਾਲਿਆਂ, ਪ੍ਰਸਾਰਨ ਸੰਸਥਾਵਾਂ ਲਈ), ਟਰੇਡ ਮਾਰਕਸ ਜਿਨ੍ਹਾਂ ਵਿਚ ਸੇਵਾ ਮਾਰਕ ਵੀ ਸ਼ਾਮਿਲ ਹਨ, ਉਦਯੋਗਿਕ ਡਿਜ਼ਾਈਨ, ਉਤਪਤੀ ਦੀ ਪਰਿਭਾਸ਼ਾ ਸਮੇਤ ਭੂਗੋਲਿਕ ਸੰਕੇਤਕ, ਪੌਦਿਆਂ ਦੀਆਂ ਨਵੀਆਂ ਕਿਸਮਾਂ ਦੀ ਸੁਰੱਖਿਆ ਲਈ ਪੇਟੈਂਟ, ਏਕੀਕ੍ਰਿਤ ਸਰਕਟਾਂ ਦਾ ਲੇਆਊਟ ਅਤੇ ਇਥੋਂ ਤਕ ਕਿ ਟੈਸਟ ਅੰਕੜਿਆਂ ਅਤੇ ਵਪਾਰਕ ਭੇਤਾਂ ਸਮੇਤ ਨਿੱਜੀ ਅਤੇ ਬਿਨਾਂ ਜ਼ਾਹਰ ਕੀਤੇ ਗਿਆਨ ਆਦਿ। ਪਰ *ਟਰਿੱਪਸ* ਵਿਚ ਸਭ ਤੋਂ ਵੱਧ ਗੁੰਝਲਾਂ ਦਵਾਈਆਂ ਦੇ ਉਤਪਾਦਨ ਅਤੇ ਉਨ੍ਹਾਂ ਦੀ ਵਰਤੋਂ ਵਿਚ ਹੈ, ਖ਼ਾਸ ਤੌਰ ਤੇ ਵਿਕਾਸਸ਼ੀਲ ਦੇਸ਼ਾਂ ਵਿਚ। ਆਮ ਤੌਰ ਤੇ ਬੌਧਿਕ ਸੰਪਤੀ ਅਧਿਕਾਰ ਪੇਟੈਂਟ ਦਾਖ਼ਲ ਕਰਨ ਦੀ ਮਿਤੀ ਤੋਂ 20 ਸਾਲ ਤਕ ਲਾਗੂ ਰਹਿੰਦੇ ਹਨ। ਪਰ ਸਭ ਤੋਂ ਘੱਟ ਵਿਕਸਤ ਦੇਸ਼ਾਂ ਲਈ ਸਮਝੌਤੇ ਦੀਆਂ ਮਦਾਂ ਅਨੁਸਾਰ ਇਹ ਸਮਾਂ ਵਧੇਰੇ ਵੀ ਦਿਤਾ ਜਾਂਦਾ ਹੈ।

## ਮਰਕੋਸੂਰ

ਮਰਕੋਸੂਰ ਜਾਂ ਮਰਕੋਸੂਲ ਲਾਤੀਨੀ ਅਮਰੀਕਾ ਵਿਚ ਇਕ ਵਪਾਰਕ ਬਲਾਕ ਹੈ ਜਿਸ ਵਿਚ ਬ੍ਰਾਜ਼ੀਲ, ਅਰਜਨਟੀਨਾ, ਉਰੂਗੁਏ ਅਤੇ ਪੈਰਾਗੁਏ ਅਤੇ ਵਨਜ਼ੁਏਲਾ (ਜੋ ਪੈਰਾਗੁਏ ਦੀ ਮੁਅੱਤਲੀ ਤੋਂ ਬਾਅਦ ਸ਼ਾਮਿਲ ਹੋਣ ਵਾਲਾ ਆਖਰੀ ਦੇਸ਼ ਸੀ। ਉਨ੍ਹਾਂ ਨੂੰ ਵੋਟ ਦੇ ਪੂਰੇ ਅਧਿਕਾਰ ਜਾਂ ਮਰਕੋਸੂਰ ਮੈਂਬਰ ਦੇਸ਼ਾਂ ਦੀਆਂ ਮੰਡੀਆਂ ਤਕ ਪੂਰੀ ਪਹੁੰਚ ਹਾਸਲ ਨਹੀਂ ਹੈ ਪਰ ਉਨ੍ਹਾਂ ਨੂੰ ਘੱਟ ਕਰਾਂ ਦੀ ਸਹੂਲਤ ਪ੍ਰਾਪਤ ਹੈ। ਇਸ ਦੀ ਸਥਾਪਨਾ 1991 ਵਿਚ ਮਾਲ ਅਸਬਾਬ, ਸੇਵਾਵਾਂ, ਪੂੰਜੀ ਅਤੇ ਲੋਕਾਂ ਦੀ ਮੈਂਬਰ ਦੇਸ਼ਾਂ ਵਿਚ ਬੇਰੋਕਟੋਕ ਆਵਾਜਾਈ ਦੇ ਉਦੇਸ਼ ਨਾਲ ਕੀਤੀ ਗਈ ਸੀ। ਮਰਕੋਸੂਰ ਦੇ ਪੰਜ ਭਾਈਵਾਲ ਮੈਂਬਰ ਹਨ – ਚਿਲੀ, ਬੋਲੀਵੀਆ, ਕੰਬੋਡੀਆ, ਈਕੂਆਡੋਰ ਅਤੇ ਪੇਰੂ।

ਭਾਰਤ ਅਤੇ ਮਰਕੋਸੂਰ ਵਿਚਕਾਰ ਪੈਰਾਗੁਏ ਵਿਚ ਇਕ ਢਾਂਚਾਗਤ ਸਮਝੌਤਾ ਹੋਇਆ ਸੀ। ਇਸ ਸਮਝੌਤੇ ਦਾ ਉਦੇਸ਼, ਪਹਿਲੇ ਪੜਾਅ 'ਤੇ ਗੱਲਬਾਤ ਅਤੇ ਵਿਧੀ ਲਈ ਹਾਲਾਤ ਪੈਦਾ ਕਰਨਾ ਸੀ ਜੋ ਆਪਸੀ ਕਰ ਸਹੂਲਤਾਂ ਦੇ ਕੇ ਕੀਤੇ ਜਾ ਸਕਦੇ ਹਨ। ਦੂਸਰੇ ਪੜਾਅ ਵਿਚ, ਵਿਸ਼ਵ ਵਪਾਰ ਸੰਗਠਨ ਦੇ ਅਸੂਲਾਂ ਅਨੁਸਾਰ ਦੋਹਾਂ ਧਿਰਾਂ ਵਿਚਕਾਰ ਗੱਲਬਾਤ ਰਾਹੀਂ ਮੁਕਤ ਵਪਾਰ ਖੇਤਰ ਸਥਾਪਤ ਕਰਨਾ। ਇਸ ਤੋਂ ਬਾਅਦ 2004 ਵਿਚ ਨਵੀਂ ਦਿੱਲੀ ਵਿਚ ਤਰਜੀਹੀ ਵਪਾਰ ਸਮਝੌਤਾ ਕੀਤਾ ਗਿਆ। ਇਸ ਤਰਜੀਹੀ ਵਪਾਰ ਸਮਝੌਤੇ ਦਾ ਉਦੇਸ਼ ਮਰਕੋਸੂਰ ਦੇਸ਼ਾਂ ਅਤੇ ਭਾਰਤ ਵਿਚਕਾਰ ਚਾਲੂ ਰਿਸ਼ਤਿਆਂ ਦਾ ਪਸਾਰ ਅਤੇ ਉਨ੍ਹਾਂ ਨੂੰ ਹੋਰ ਮਜ਼ਬੂਤ ਕਰਨਾ ਅਤੇ ਦੋਹਾਂ ਧਿਰਾਂ ਵਿਚਕਾਰ ਮੁਕਤ ਵਪਾਰ ਖੇਤਰ ਲਈ ਆਪਸੀ ਨਿਸ਼ਚਤ ਕਰ ਤਰਜੀਹਾਂ ਨੂੰ ਮਨਜ਼ੂਰੀ ਦੇ ਕੇ ਵਪਾਰ ਵਧਾਉਣ ਨੂੰ ਉਤਸ਼ਾਹਤ ਕਰਨਾ ਹੈ। ਭਾਰਤ ਮਰਕੋਸੂਰ ਤਰਜੀਹੀ ਵਪਾਰ ਸਮਝੌਤੇ ਦੇ ਪੰਜ ਜ਼ਮੀਮੇ ਹਨ ਜੋ ਨਵੀਂ ਦਿੱਲੀ ਵਿਚ 2005 ਵਿਚ ਜੀ–20 ਦੀ ਬੈਠਕ ਬਾਅਦ ਤੇ ਦੌਰ ਦੀ ਗੱਲਬਾਤ ਤੋਂ ਬਾਅਦ ਉਤਾਰੇ ਗਏ ਹਨ। ਵਿੱਤ ਵਰ੍ਹੇ, 2012–13 ਵਿਚ ਲਾਤੀਨੀ ਅਮਰੀਕਾ ਨਾਲ ਭਾਰਤ ਦਾ ਵਪਾਰ 46.7 ਬਿਲੀਅਨ ਡਾਲਰ ਸੀ। ਭਾਰਤ ਦਾ ਇਸ ਖੇਤਰ ਨਾਲ ਵਪਾਰ ਉਸ ਦੇ ਕੁੱਲ ਵਿਸ਼ਵ ਵਪਾਰ ਦਾ ਲਗਭਗ 6 ਪ੍ਰਤਿਸ਼ਤ ਹਿੱਸਾ ਸੀ ਜਿਸ ਵਿਚੋਂ

***ਬਾਕੀ ਸਫ਼ਾ 51 ਉੱਤੇ***

## ਵਾਰਾਨਸੀ 'ਚ ਊਰਜਾ ਕੁਸ਼ਲਤਾ ਰੌਸ਼ਨੀ ਪਹਿਲਕਦਮੀ

ਵਾਰਾਨਸੀ ਸ਼ਹਿਰ ਵਿਚ ਘਰੇਲੂ ਕੁਸ਼ਲ ਬਿਜਲੀ ਰੌਸ਼ਨੀ ਪ੍ਰੋਗਰਾਮ ਅਤੇ ਐੱਲ ਈ ਡੀ ਆਧਾਰਿਤ ਸ਼ਹਿਰੀ ਬਿਜਲੀ ਪ੍ਰੋਗਰਾਮ ਊਰਜਾ ਬਚਤ ਦੀ ਇਕ ਵੱਡੀ ਪਹਿਲ ਦੇ ਤੌਰ ਤੇ ਸ਼ੁਰੂ ਕੀਤੇ ਗਏ। ਇਨ੍ਹਾਂ ਪਹਿਲਾਂ ਦੀ ਸ਼ੁਰੂਆਤ ਸਰਕਾਰ ਦੀ ਉਸ ਵਚਨਬੱਧਤਾ ਨੂੰ ਪੂਰਾ ਕਰਨ ਵੱਲ ਇਕ ਮਹੱਤਵਪੂਰਨ ਕਦਮ ਹੈ ਜਿਸ ਵਿਚ ਉਸ ਨੇ ਸਮੁੱਚੇ ਦੇਸ਼ ਵਿਚ ਬਿਜਲੀ ਦੀ ਸਿਖਰ ਖਪਤ ਦੇ ਸਮੇਂ ਬਚਤ ਕਰਕੇ 10,000 ਮੈਗਾਵਾਟ ਬਿਜਲੀ ਬਚਾਉਣ ਦਾ ਵਾਅਦਾ ਕੀਤਾ ਹੈ। ਕੇਂਦਰ ਅਤੇ ਰਾਜ ਸਰਕਾਰ ਜਨਤਕ ਖੇਤਰ ਦੇ ਅਦਾਰੇ ਊਰਜਾ ਬਚਤ ਸੇਵਾਵਾਂ ਲਿਮਟਿਡ ਜੋ ਊਰਜਾ ਮੰਤਰਾਲਾ ਤਹਿਤ ਹੈ, ਨਾਲ ਮਿਲ ਕੇ ਵਾਰਾਨਸੀ ਸ਼ਹਿਰ ਵਿਚ 2,28,496 ਘਰੇਲੂ ਖਪਤਕਾਰਾਂ ਨੂੰ ਲਗਭਗ 13 ਲੱਖ ਐੱਲ ਈ ਡੀ ਬਲਬ ਵੰਡਣਗੀਆਂ ਅਤੇ 36,077 ਰਸਮੀ ਗਲੀਆਂ ਦੀਆਂ ਲਾਈਟਾਂ ਨੂੰ ਊਰਜਾ ਕਿਫ਼ਾਇਤੀ ਐੱਲ ਈ ਡੀ ਨਾਲ ਬਦਲਣਗੀਆਂ।

ਊਰਜਾ ਕਿਫ਼ਾਇਤੀ ਐੱਲ ਈ ਡੀ ਲਾਈਟਾਂ ਲੱਗਣ ਨਾਲ 68 ਕਰੋੜ ਰੁਪਏ ਦੀ ਬਚਤ ਹੋ ਸਕੇਗੀ। ਗਲੀਆਂ ਵਿਚ ਰਵਾਇਤੀ ਲਾਈਟਾਂ ਬਦਲਣ ਦੇ ਇਸ ਨਵੀਨਤਾਕਾਰੀ ਵਪਾਰਕ ਮਾਡਲ ਦਾ ਅਸਰ ਹੋਰ ਜਗ੍ਹਾ ਵੀ ਹੋ ਸਕਦਾ ਹੈ ਕਿਉਂਕਿ ਇਸ ਮਾਡਲ ਵਿਚ ਨਗਰਪਾਲਿਕਾਵਾਂ ਨੂੰ ਕੋਈ ਵੀ ਪੂੰਜੀ ਨਿਵੇਸ਼ ਨਹੀਂ ਕਰਨਾ ਪੈਂਦਾ ਅਤੇ ਮੰਗ ਦੇ ਸਭ ਤੋਂ ਵੱਧ ਸਮੇਂ ਵਿਚ ਬਿਜਲੀ ਬਚਤ ਵੀ ਬਹੁਤ ਹੁੰਦੀ ਹੈ ਅਤੇ ਇਸ ਦੇ ਨਾਲ-ਨਾਲ ਲਾਈਟਾਂ ਦੀ ਸੇਵਾ ਦੇਣ ਦੀ ਕੁਸ਼ਲਤਾ ਵੀ ਵਧ ਜਾਂਦੀ ਹੈ।

ਊਰਜਾ ਬਚਤ ਸੇਵਾਵਾਂ ਲਿਮਟਿਡ ਅੰਦਾਜ਼ਨ ਸਮੁੱਚੇ ਸ਼ਹਿਰ ਵਿਚ 36,077 ਪਰੰਪਰਾਗਤ ਗਲੀਆਂ ਦੀਆਂ ਬਿਜਲੀਆਂ ਨੂੰ ਊਰਜਾ ਬਚਤ ਅਤੇ ਸਮਾਰਟ ਐੱਲ ਈ ਡੀ ਲਾਈਟਾਂ ਨਾਲ ਆਪਣੇ ਖਰਚੇ 'ਤੇ ਬਦਲੇਗੀ। ਅਗਲੇ 5-7 ਸਾਲਾਂ ਦੇ ਸਮੇਂ ਵਿਚ, ਨਗਰਪਾਲਿਕਾਵਾਂ ਬਚਤ ਹੋਈ ਪੂੰਜੀ ਦਾ ਕੁੱਝ ਹਿੱਸਾ ਊਰਜਾ ਬੱਚਤ ਸੇਵਾਵਾਂ ਲਿਮਟਿਡ ਨੂੰ ਅਦਾ ਕਰਨਗੀਆਂ। ਲਾਈਟਾਂ ਦੇ ਰੱਖ-ਰਖਾਅ ਵਿਚ ਕੋਈ ਖਰਚਾ ਨਾ ਹੋਣ ਅਤੇ ਮੁਫ਼ਤ ਬਦਲਣ ਨਾਲ, ਨਗਰਪਾਲਿਕਾਵਾਂ ਉੱਚ ਤਕਨਾਲੋਜੀ ਵਾਲੀਆਂ ਅਤੇ ਦੇਰ ਤਕ ਚਲਣ ਵਾਲੀਆਂ ਗਲੀਆਂ ਦੀਆਂ ਲਾਈਟਾਂ ਬਿਨਾਂ ਪੂੰਜੀ ਖਰਚਾ ਕੀਤੇ ਲਗਾ ਸਕਦੀਆਂ ਹਨ। ਇਸ ਤਰ੍ਹਾਂ ਨਗਰਪਾਲਿਕਾਵਾਂ ਉੱਚ ਤਕਨਾਲੋਜੀ ਅਤੇ ਬਿਜਲੀ ਬਚਤ ਕਰਨ ਵਾਲੀਆਂ ਐੱਲ ਈ ਡੀ ਗਲੀਆਂ ਦੀਆਂ ਲਾਈਟਾਂ ਭਵਿੱਖ ਵਿਚ ਬਿਨਾਂ ਕੋਈ ਵਾਧੂ ਖਰਚਾ ਕਰੇ ਹਾਸਲ ਕਰ ਸਕਦੀਆਂ ਹਨ ਅਤੇ 5-7 ਸਾਲ ਉਨ੍ਹਾਂ ਦਾ ਰਖ-ਰਖਾਅ ਵੀ ਹੋਵੇਗਾ।

ਊਰਜਾ ਬੱਚਤ ਸੇਵਾਵਾਂ ਲਿਮਟਿਡ ਪੂਰਵਾਂਚਲ ਵਿਦਯੁਤ ਵਿਤਰਣ ਨਿਗਮ ਲਿਮਟਿਡ ਨਾਲ ਮਿਲ ਕੇ ਸ਼ਹਿਰ ਵਿਚ ਘਰੇਲੂ ਕੁਸ਼ਲ ਬਿਜਲੀ ਰੌਸ਼ਨੀ ਪ੍ਰੋਗਰਾਮ ਨੂੰ ਵੀ ਲਾਗੂ ਕਰੇਗੀ। ਵਾਰਾਨਸੀ ਵਿਚ, ਗਰਿਡ ਨਾਲ ਜੁੜੇ ਘਰੇਲੂ ਉਪਭੋਗਤਾਵਾਂ ਨੂੰ 13 ਲੱਖ ਐੱਲ ਈ ਡੀ ਬਲਬ ਮੁਹੱਈਆ ਕੀਤੇ ਜਾਣਗੇ। ਘਰੇਲੂ ਕੁਸ਼ਲ ਬਿਜਲੀ ਰੌਸ਼ਨੀ ਪ੍ਰੋਗਰਾਮ ਤਹਿਤ 2 ਕਿਲੋਵਾਟ ਜਾਂ ਉਸ ਤੋਂ ਘੱਟ ਬਿਜਲੀ ਲੋਡ ਨਾਲ ਜੁੜੇ ਘਰ ਪਰਿਵਾਰਾਂ ਨੂੰ 7 ਵਾਟ ਦੇ ਉੱਚ ਦਰਜੇ ਦੇ 5 ਬਲਬ ਤਕ ਹਰ ਬਲਬ ਲਈ 10 ਰੁਪਏ ਦੇ ਮੁੱਢਲੇ ਮੁੱਲ 'ਤੇ ਦਿਤੇ ਜਾਣਗੇ। ਹਰ ਬਲਬ ਲਈ 110 ਰੁਪਏ ਅਗਲੇ 11 ਮਹੀਨਿਆਂ ਵਿਚ ਬਿਜਲੀ ਬਿਲ ਰਾਹੀਂ ਵਸੂਲੇ ਜਾਣਗੇ। ਸੰਖੇਪ ਵਿਚ, ਹਰ ਘਰ ਪਰਿਵਾਰ 120 ਰੁਪਏ ਮੁੱਲ 'ਤੇ ਐੱਲ ਈ ਡੀ ਖਰੀਦ ਸਕਦਾ ਹੈ ਜਿਸ ਦੀ ਕੀਮਤ ਬਾਜ਼ਾਰ ਵਿਚ 350-600 ਰੁਪਏ ਤਕ ਹੈ। ਇਸ ਦੇ ਨਾਲ-ਨਾਲ ਤਿੰਨ ਸਾਲਾਂ ਦੀ ਮੁਫ਼ਤ ਬਦਲਣ ਦੀ ਵਰੰਟੀ ਵੀ ਮਿਲਦੀ ਹੈ। ਅੰਦਾਜ਼ਾ ਹੈ ਕਿ ਹਰ ਘਰ ਪਰਿਵਾਰ ਦੀ ਇਸ ਤਰ੍ਹਾਂ 162 ਰਪਏ ਪ੍ਰਤਿ ਸਾਲ ਪ੍ਰਤਿ ਐੱਲ ਈ ਡੀ ਬਲਬ ਬਿਜਲੀ ਬਿਲ 'ਚ ਬਚਤ ਹੋ ਸਕੇਗੀ (ਅੱਜ ਦੀਆਂ ਔਸਤ ਬਿਜਲੀ ਦਰਾਂ ਦੇ ਹਿਸਾਬ) ਜੋ 120 ਰੁਪਏ ਪ੍ਰਤਿ ਐੱਲ ਈ ਡੀ ਬਲਬ ਦੇ ਖਰੀਦ ਮੁੱਲ ਤੋਂ ਵਾਧੂ ਹੋਵੇਗੀ।

ਸਰਕਾਰ ਦੀਆਂ ਇਨ੍ਹਾਂ ਦੋ ਪਹਿਲਾਂ ਦੇ ਕੁੱਲ ਅਸਰ ਹੇਠ ਵਾਰਾਨਸੀ 10 ਕਰੋੜ 40 ਲੱਖ ਕਿਲੋਵਾਟ ਘੰਟੇ ਬਿਜਲੀ ਬਚਤ ਕਰ ਸਕੇਗਾ ਜੋ ਲਗਭਗ 68 ਕਰੋੜ ਪ੍ਰਤਿ ਸਾਲ ਬੱਚਤ ਬਣਦਾ ਹੈ।

ਊਰਜਾ ਬਚਤ ਕੇਂਦਰ ਅਤੇ ਰਾਜ ਸਰਕਾਰ ਦਾ ਮੁੱਖ ਜ਼ੋਰ ਖੇਤਰ ਹੈ ਅਤੇ ਇਸ ਦੇ ਲਾਗੂ ਕਰਨ ਨੂੰ ਵਧਾਉਣ ਵੱਲ ਵਿਸ਼ੇਸ਼ ਧਿਆਨ ਦਿਤਾ ਜਾ ਰਿਹਾ ਹੈ। ਰਾਸ਼ਟਰੀ ਪੱਧਰ 'ਤੇ, ਬਹੁਤ ਤੇਜ਼ ਗਰਮੀ ਪੈਦਾ ਕਰਨ ਵਾਲੇ ਬਲਬ ਅਗਲੇ ਤਿੰਨ ਸਾਲਾਂ ਵਿਚ ਐੱਲ ਈ ਡੀ ਬਲਬਾਂ ਨਾਲ ਬਦਲ ਦਿਤੇ ਜਾਣਗੇ।

## ਭਾਰਤ ਤੇ ਨੀਦਰਲੈਂਡ ਵਿਚਾਲੇ ਚੇਚਕ ਦੇ ਟੀਕਿਆਂ ਦੀ ਦਵਾਈ ਵਿਕਸਤ ਕਰਨ ਲਈ ਸਮਝੌਤਾ

ਭਾਰਤ ਅਤੇ ਨੀਦਰਲੈਂਡ ਨੇ ਚੇਚਕ ਟੀਕਿਆਂ ਦੀ ਦਵਾਈ ਦਾ ਵਿਕਾਸ ਕਰਨ ਲਈ ਇਕ ਸਮਝੌਤੇ ਉਪਰ ਦਸਤਖ਼ਤ ਕੀਤੇ ਹਨ। ਇਹ ਸਮਝੌਤਾ ਪੱਤਰ ਭਾਰਤ ਸਰਕਾਰ ਦੀ 'ਭਾਰਤ ਵਿਚ ਬਣਾਓ' ਮੁਹਿੰਮ ਦੇ ਤਹਿਤ ਕੀਤਾ ਗਿਆ ਹੈ। ਇਸ ਤਹਿਤ ਕੇਂਦਰ ਸਰਕਾਰ ਦੇ ਬਾਇਓ ਟੈਕਨਾਲੋਜੀ ਵਿਭਾਗ ਤਹਿਤ ਕੇਂਦਰੀ ਜਨਤਕ ਖੇਤਰ ਦੇ ਅਦਾਰੇ ਭਾਰਤ ਇਮੂਨੋਲੋਜੀਕਲਜ਼ ਐਂਡ ਬਾਇਓਲੋਜੀਕਲਜ਼ ਕਾਰਪੋਰੇਸ਼ਨ ਲਿਮਟਿਡ ਆਪਣੇ ਚੋਲਾ, ਬੁਲੰਦਸ਼ਹਿਰ, ਉੱਤਰ ਪ੍ਰਦੇਸ਼ ਵਿਚ ਸਥਿਤ ਪਲਾਂਟ ਵਿਚ ਖਸਰਾ, ਛੋਟਾ ਖਸਰਾ (ਛੋਟੀ ਸੀਤਲਾ) ਟੀਕੇ ਦੀ ਦਵਾਈ ਬਣਾਉਣਾ ਸੰਭਵ ਹੋਵੇਗਾ। ਪਰੰਪਰਾਗਤ ਵੈਕਸੀਨੋਲੋਜੀ (ਇੰਟਰਾਵਾਕ) ਜੋ ਨੀਦਰਲੈਂਡ ਦਾ ਸਰਕਾਰ ਆਧਾਰਿਤ ਸੰਸਥਾਨ ਹੈ, ਇਸ ਟੀਕੇ ਦੀ ਦਵਾਈ ਬਣਾਉਣ ਲਈ ਤਕਨੀਕੀ ਸਹਾਇਤਾ ਉਪਲਬਧਤਾ ਕਰਵਾਏਗਾ। ਇਸ ਸਮਝੌਤੇ ਤਹਿਤ, ਦੂਸਰੇ ਟੀਕਿਆਂ ਦੀਆਂ ਦਵਾਈਆਂ ਅਤੇ ਬਾਇਓਲੋਜੀਕਲਜ਼ ਦੇ ਵਿਕਾਸ ਲਈ ਬਾਇਓ-ਟੈਕਨਾਲੋਜੀ ਵਿਭਾਗ ਦੇ ਦੂਸਰੇ ਖੋਜ ਸੰਸਥਾਨਾਂ ਨਾਲ ਵੀ ਸਹਿਯੋਗ ਕਰਨ ਦੀ ਸੰਭਾਵਨਾ ਦਾ ਅੰਦਾਜ਼ਾ ਲਗਾਇਆ ਜਾਵੇਗਾ।

ਨੀਦਰਲੈਂਡ ਸਰਕਾਰ ਦੇ ਸਿਹਤ, ਕਲਿਆਣ ਅਤੇ ਖੇਡ ਮੰਤਰਾਲਾ ਦੇ ਹਿੱਸੇ ਵਜੋਂ ਇੰਟਰਵਾਕ ਸੰਸਥਾਨ ਦੁਨੀਆਂ ਭਰ ਵਿਚ ਚੇਚਕ ਦੇ ਟੀਚਿਆਂ ਦੀਆਂ ਦਵਾਈਆਂ ਬਣਾਉਣ ਲਈ ਪ੍ਰਸਿੱਧ ਹੈ

ਅਤੇ ਇਸ ਦੀ ਤਕਨਾਲੋਜੀ ਦੂਸਰੇ ਦੇਸ਼ਾਂ ਨੂੰ ਦੇਣ ਦਾ ਲੰਬਾ ਇਤਿਹਾਸ ਹੈ। ਭਾਰਤ ਇਮੁਨੋਲੋਜੀ-ਕਲਜ਼ ਅਤੇ ਬਾਇਓਲੋਜੀਕਲਜ਼ ਕਾਰਪੋਰੇਸ਼ਨ ਲਿਮਟਿਡ (ਬਿਬਕੋਲ) ਜੋ ਬੁਲੰਦਸ਼ਹਿਰ, ਯੂ.ਪੀ. ਵਿਚ ਸਥਿਤ ਹੈ, ਭਾਰਤ ਸਰਕਾਰ ਦੇ ਵਿਗਿਆਨ ਅਤੇ ਤਕਨਾਲੋਜੀ ਮੰਤਰਾਲਾ ਦੇ ਬਾਇਓਟੈਕਨਾਲੋਜੀ ਵਿਭਾਗ ਤਹਿਤ ਜਨਤਕ ਖੇਤਰ ਦਾ ਇਕ ਅਦਾਰਾ ਹੈ। ਸਰਕਾਰ ਦੀ 'ਭਾਰਤ ਵਿਚ ਬਣਾਓ' ਪਹਿਲ ਦੇ ਤਹਿਤ, ਬਿਬਕੋਲ ਨੇ ਖਸਰਾ, ਛੋਟਾ ਖਸਰਾ (ਛੋਟੀ ਸੀਤਲਾ) ਟੀਕੇ ਦੀ ਦਵਾਈ ਬਣਾਉਣ ਲਈ ਤਕਨਾਲੋਜੀ ਅਤੇ ਉਤਪਾਦਨ ਸਮਰਥਾ ਹਾਸਲ ਕਰਨ ਦਾ ਸਫ਼ਰ ਸ਼ੁਰੂ ਕਰ ਦਿਤਾ ਹੈ।

ਵਿਗਿਆਨ ਅਤੇ ਤਕਨਾਲੋਜੀ ਅਤੇ ਧਰਤ-ਵਿਗਿਆਨ ਮੰਤਰੀ ਹਰਸ਼ ਵਰਧਨ ਨੇ ਦੱਸਿਆ ਕਿ ਇਸ ਸਹਿਯੋਗ ਨਾਲ ਖਸਰਾ, ਛੋਟਾ ਖਸਰਾ (ਛੋਟੀ ਸੀਤਲਾ) ਅਤੇ ਹੋਰ ਉੱਚ ਕੋਟੀ ਦੇ ਲੋੜੀਂਦੇ ਟੀਕਿਆਂ ਦੀਆਂ ਦਵਾਈਆਂ ਦਾ ਵੱਡੇ ਪੈਮਾਨੇ 'ਤੇ ਉਤਪਾਦਨ ਯੂ.ਪੀ. ਦੇ ਬੁਲੰਦਸ਼ਹਿਰ ਵਿਚ ਸ਼ੁਰੂ ਹੋ ਜਾਵੇਗਾ ਜਿਸ ਨਾਲ ਦੇਸ਼ ਵਿਚ ਲੱਖਾਂ-ਕਰੋੜਾਂ ਬੱਚਿਆਂ ਨੂੰ ਨਾਮੁਰਾਦ ਬੀਮਾਰੀਆਂ ਤੋਂ ਬਚਾਇਆ ਜਾ ਸਕੇਗਾ। ਉਨ੍ਹਾਂ ਕਿਹਾ ਕਿ ਦੇਸ਼ ਵਿਚ ਪੋਲੀਓ ਖਤਮ ਹੋ ਜਾਣ ਤੋਂ ਬਾਅਦ ਦੇ ਸਮੇਂ ਵਿਚ ਦੂਸਰੇ ਟੀਕਿਆਂ ਨਾਲ ਖਤਮ ਹੋ ਜਾਣ/ਕਾਬੂ ਹੇਠ ਆਉਣ ਵਾਲੀਆਂ ਬੀਮਾਰੀਆਂ ਜਿਵੇਂ ਕਿ ਖਸਰਾ ਤੇ ਛੋਟਾ ਖਸਰਾ ਉਪਰ ਵਧੇਰੇ ਜ਼ੋਰ ਦਿਤਾ ਜਾਵੇਗਾ। ❑❑

*ਸਫ਼ਾ 49 ਦੀ ਬਾਕੀ*

60 ਪ੍ਰਤਿਸ਼ਤ ਭਾਗ ਮਾਰਕੋਸੂਰ ਦੇਸ਼ਾਂ ਦਾ ਸੀ (ਅਰਜਨਟੀਨਾ 1.7 ਬਿਲੀਅਨ ਡਾਲਰ, ਬ੍ਰਾਜ਼ੀਲ 10.9 ਬਿਲੀਅਨ ਡਾਲਰ, ਪੈਰਾਗੁਏ 0.09 ਬਿਲੀਅਨ ਡਾਲਰ, ਉਰੂਗੁਏ 0.17 ਬਿਲੀਅਨ ਡਾਲਰ ਅਤੇ ਵੈਨਜ਼ੁਏਲਾ 14.35 ਬਿਲੀਅਨ ਡਾਲਰ।

ਮਰਕੋਸੂਰ ਵਲੋਂ ਜੋ ਉਤਪਾਦਨ ਭਾਰਤ ਨੂੰ ਨਿਰਯਾਤ ਲਈ ਪੇਸ਼ਕਸ਼ ਕੀਤੇ ਜਾਂਦੇ ਹਨ ਉਨ੍ਹਾਂ ਵਿਚ ਖੁਰਾਕ ਉਤਪਾਦਨ, ਸਜੀਵੀ ਰਸਾਇਣਾਂ, ਦਵਾਈਆਂ, ਜ਼ਰੂਰੀ ਤੇਲ, ਪਲਾਸਟਿਕ ਅਤੇ ਉਸ ਦਾ ਸਾਜ਼-ਸਾਮਾਨ, ਰਬੜ ਅਤੇ ਰਬੜ ਦੇ ਉਤਪਾਦਨ, ਔਜ਼ਾਰ ਅਤੇ ਹਿੱਸੇ-ਪੁਰਜ਼ੇ, ਮਸ਼ੀਨਰੀ ਦਾ ਸਾਮਾਨ ਅਤੇ ਬਿਜਲੀ ਦੀ ਮਸ਼ੀਨਰੀ ਅਤੇ ਬਿਜਲੀ ਦਾ ਸਾਮਾਨ ਸ਼ਾਮਿਲ ਹਨ।

ਭਾਰਤ ਵਲੋਂ ਮਰਕੋਸੂਰ ਦੇਸ਼ਾਂ ਨੂੰ ਭੇਜਣ ਵਾਲੇ ਸਾਮਾਨ ਵਿਚ ਸ਼ਾਮਿਲ ਹਨ ਸਜੀਵੀ ਅਤੇ ਗ਼ੈਰ-ਸਜੀਵੀ ਰਸਾਇਣ, ਰੰਗ ਅਤੇ ਕੁਦਰਤੀ ਰੰਗਾਂ ਦੇ ਪਦਾਰਥ, ਕੱਚੀਆਂ ਖੱਲਾਂ ਅਤੇ ਚਮੜਾ, ਚਮੜੇ ਦਾ ਸਾਮਾਨ, ਮਾਸ ਅਤੇ ਮਾਸ ਉਤਪਾਦਨ, ਊਨੀ ਅਤੇ ਸੂਤੀ ਧਾਗਾ, ਬਿਜਲੀ ਦੀ ਮਸ਼ੀਨਰੀ ਅਤੇ ਸਾਜ਼ ਸਾਮਾਨ, ਲੋਹੇ ਅਤੇ ਸਟੀਲ ਦਾ ਸਾਮਾਨ, ਫੋਟੋਗਰਾਫ਼ੀ ਅਤੇ ਸਿਨਮਾ ਦਾ ਸਾਜ਼-ਸਾਮਾਨ, ਮਸ਼ੀਨਰੀ, ਅੱਖਾਂ ਦੀ ਦ੍ਰਿਸ਼ਟੀ ਦਾ ਸਾਮਾਨ ਅਤੇ ਕੱਚ ਅਤੇ ਕੱਚ ਦਾ ਸਾਮਾਨ।

*(ਸੰਗ੍ਰਹਿਕਰਤਾ : ਵਾਟਿਕਾ ਚੰਦਰਾ, ਉਪ-ਸੰਪਾਦਕ)*
*e-mail :vchandra.iis2014@gmail.com*

*ਸਫ਼ਾ 48 ਦੀ ਬਾਕੀ*

ਵਰਖਾ ਦੇ ਰਿਕਾਰਡ ਵਿਚੋਂ ਸਭ ਤੋਂ ਵੱਧ ਵਰਖਾ 1988 ਵਿਚ 119 ਪ੍ਰਤਿਸ਼ਤ ਅਤੇ ਦੂਜੇ ਨੰਬਰ 'ਤੇ 90 ਪ੍ਰਤਿਸ਼ਤ ਆਮ ਨਾਲੋਂ ਵੱਧ ਵਰਖਾ 1917 ਵਿਚ ਰਿਕਾਰਡ ਕੀਤੀ ਗਈ। ਇਸ ਤੋਂ ਇਹ ਸੰਕੇਤ ਮਿਲਦਾ ਹੈ ਕਿ ਪੰਜਾਬ ਵਿਚ ਘੱਟ ਵਰਖਾ ਅਤੇ ਐਲ-ਨੀਨੋ ਦਾ ਸੰਬੰਧ, ਵੱਧ ਮੌਨਸੂਨ ਵਰਖਾ ਅਤੇ ਲਾ-ਨੀਨਾ ਦੇ ਸੰਬੰਧ ਨਾਲੋਂ ਮਜ਼ਬੂਤ ਹੈ।

ਪੰਜਾਬ ਰਾਜ ਦੇ ਲੁਧਿਆਣਾ ਜ਼ਿਲ੍ਹੇ ਵਿਚ ਵਰਖਾ ਦੀ ਵਿਭਿੰਨਤਾ ਬਾਰੇ 114 ਸਾਲ (1901-2014) ਦੇ ਸਮੇਂ ਕਾਲ ਦਾ ਅਧਿਅਨ ਕਰਨ 'ਤੇ ਇਹ ਤੱਤ ਕੱਢਿਆ ਗਿਆ ਹੈ ਕਿ ਜੂਨ, ਜੁਲਾਈ, ਅਗਸਤ ਅਤੇ ਸਤੰਬਰ ਮਹੀਨਿਆਂ ਵਿਚ ਕ੍ਰਮਵਾਰ 63, 206, 181 ਅਤੇ 110 ਮਿਲੀਮੀਟਰ ਨਾਰਮਲ ਵਰਖਾ ਹੁੰਦੀ ਹੈ। ਨਾਰਮਲ ਵਰਖਾ 560 ਮਿਲੀਮੀਟਰ ਦੇ ਮੁਕਾਬਲੇ 1988 ਵਿਚ ਵੱਧ ਤੋਂ ਵੱਧ ਵਰਖਾ (1242 ਮਿਲੀਮੀਟਰ) ਅਤੇ 1987 ਵਿਚ ਘੱਟੋ-ਘੱਟ ਵਰਖਾ (164 ਮਿਲੀਮੀਟਰ) ਹੋਈ। ਮੌਨਸੂਨ ਵਰਖਾ 1917, 1945, 1962, 1964, 1988, 1990, 1995 ਅਤੇ 2011 ਦੇ ਸਾਲਾਂ ਵਿਚ 1000 ਮਿਲੀਮੀਟਰ ਤੋਂ ਵੀ ਵੱਧ ਵਰਖਾ ਰਿਕਾਰਡ ਹੋਈ ਜਦ ਕਿ 1905, 1906, 1911, 1913, 1915, 1918, 1928, 1938, 1939, 1951, 1979, 1987 ਅਤੇ 2002 ਵਿਚ 300 ਮਿਲੀਮੀਟਰ ਤੋਂ ਘੱਟ ਵਰਖਾ ਰਿਕਾਰਡ ਹੋਈ।

ਭਾਰਤ ਦੇ ਮੌਸਮ ਵਿਭਾਗ ਨੇ ਚਾਲੂ ਸਾਲ 2015 ਲਈ ਤਕਨੀਕੀ ਗਲਤੀ $\pm$4 ਪ੍ਰਤਿਸ਼ਤ ਮੰਨ ਕੇ ਐੱਲ ਪੀ ਏ ਦੇ ਆਧਾਰ 'ਤੇ ਪੂਰੇ ਭਾਰਤ ਲਈ 88 ਪ੍ਰਤਿਸ਼ਤ ਵਰਖਾ ਦਾ ਅਨੁਮਾਨ ਲਗਾਇਆ ਹੈ। ਸਾਰੇ ਦੇਸ਼ ਦੀ ਮੌਸਮੀ ਵਰਖਾ ਦਾ ਐੱਲ ਪੀ ਏ 1951 ਤੋਂ 2000 ਤਕ 890 ਮਿਲੀਮੀਟਰ ਹੈ। ਇਸ ਭਵਿੱਖਬਾਣੀ ਨੇ ਜੋ ਕਿ ਔਸਤ ਵਰਖਾ ਤੋਂ ਘੱਟ ਹੈ, ਪੂਰੇ ਦੇਸ਼ ਨੂੰ ਹਿਲਾ ਕੇ ਰੱਖ ਦਿਤਾ ਹੈ। ਕਿਉਂਕਿ ਸਾਡਾ ਖੇਤੀ ਪ੍ਰਧਾਨ ਦੇਸ਼ (ਜੋ 25 ਪ੍ਰਤਿਸ਼ਤ ਕੁੱਲ ਘਰੇਲੂ ਉਤਪਾਦ ਅਤੇ 70 ਪ੍ਰਤਿਸ਼ਤ ਰੁਜ਼ਗਾਰ) ਫ਼ਸਲਾਂ ਉਗਾਉਣ ਲਈ ਵਰਖਾ 'ਤੇ ਹੀ ਨਿਰਭਰ ਕਰਦਾ ਹੈ। ਖ਼ਾਸ ਕਰਕੇ ਕਪਾਹ, ਝੋਨਾ, ਤੇਲ ਬੀਜ ਅਤੇ ਖੁਰਦਰੇ ਅਨਾਜਾਂ ਵਾਲੀਆਂ ਫ਼ਸਲਾਂ ਵਰਖਾ 'ਤੇ ਹੀ ਨਿਰਭਰ ਕਰਦੀਆਂ ਹਨ।

ਮੌਨਸੂਨ ਦਾ ਪਿਛਲਾ ਰਿਕਾਰਡ ਇਹ ਬੋਲਦਾ ਹੈ ਕਿ ਜਦੋਂ ਵੀ ਪੱਛਮੀ ਹਲਚਲ ਅਤੇ ਮੌਨਸੂਨ ਉਦਾਸੀਨਤਾ ਵਿਚ ਆਪਸੀ ਖਿਚਾਅ ਵਧਦਾ ਹੈ ਤਾਂ ਉੱਤਰੀ-ਪੱਛਮੀ ਭਾਰਤ ਵਿਚ ਦੂਰ-ਦੂਰ ਤਕ ਭਾਰੀ ਬਾਰਸ਼ ਹੁੰਦੀ ਹੈ। ਇਨ੍ਹਾਂ ਦੋ ਪ੍ਰਣਾਲੀਆਂ ਵਿਚ ਇਸ ਤਰ੍ਹਾਂ ਦੇ ਆਪਸੀ ਖਿਚਾਅ ਕਾਰਨ 1988 ਵਿਚ ਉੱਤਰ ਪੱਛਮੀ ਭਾਰਤ ਵਿਚ ਸਤੰਬਰ ਮਹੀਨੇ ਬਹੁਤ ਭਾਰੀ ਵਰਖਾ ਹੋਈ।

ਮੌਨਸੂਨ ਵਰਖਾ ਦਾ ਵੱਧ ਹੋਣਾ ਹੜ੍ਹਾਂ ਦਾ ਕਾਰਨ ਬਣਦਾ ਹੈ ਅਤੇ ਘੱਟ ਹੋਣਾ ਸੋਕਾ, ਕਾਲ , ਖਾਧ ਪਦਾਰਥਾਂ ਦੀ ਕਮੀ ਦਾ ਕਾਰਨ ਬਣਦਾ ਹੈ ਜਿਸ ਕਾਰਨ ਵਿੱਤੀ ਘਾਟਾ ਵੀ ਪੈਂਦਾ ਹੈ। ਕੁਝ ਸਾਲਾਂ ਵਿਚ ਔਸਤਨ ਵਰਖਾ ਠੀਕ ਹੋਣ ਦੇ ਬਾਵਜੂਦ ਇਸ ਦੀ ਵੰਡ ਅਸਾਨੀ ਹੋਣ ਨਾਲ ਸੰਤੁਲਨ ਵਿਗੜਦਾ ਹੈ। ਕਈ ਵਾਰ ਮੌਨਸੂਨ ਦੇਰ ਨਾਲ ਆਉਂਦੀ ਹੈ ਅਤੇ ਕਈ ਵਾਰੀ ਮੌਨਸੂਨ ਆ ਕੇ ਵਿਚੋਂ ਹੀ ਵਾਪਸ ਹੋ ਜਾਂਦੀ ਹੈ ਅਤ ਦੁਬਾਰਾ ਫਿਰ ਆ ਜਾਂਦੀ ਹੈ। ਇਸ ਨਾਲ ਟੁੱਟਵੀਂ ਵਰਖਾ ਹੁੰਦੀ ਹੈ। ਇਸ ਸਾਰਾ ਕੁੱਝ ਕੁਦਰਤ ਵਿਚ ਹੁੰਦੇ ਰਹਿੰਦੇ ਬਦਲਾਅ ਕਾਰਨ ਹੁੰਦਾ ਹੈ। ਪਰ ਹਰ ਕਿਸੇ ਦੀ ਇੱਛਾ ਹੁੰਦੀ ਹੈ ਕਿ ਮੌਨਸੂਨ ਠੀਕ ਸਮੇਂ 'ਤੇ ਆਵੇ ਅਤੇ ਠੀਕ ਮਾਤਰਾ ਵਿਚ ਵਰਖਾ ਹੋਵੇ 'ਛਮ-ਛਮ ਮੀਂਹ ਵੱਸੇ ਤੇ ਸਾਰਾ ਜੱਗ ਹੱਸੇ'। ਵਰਖਾ ਰੁੱਤ ਨਾਲ ਸਾਡਾ ਸੱਭਿਆਚਾਰ ਵੀ ਜੁੜਿਆ ਹੋਇਆ ਹੈ। ਖ਼ਾਸ ਕਰਕੇ ਪੰਜਾਬ ਵਿਚ ਤੀਆਂ ਦਾ ਤਿਉਹਾਰ, ਸਾਡੇ ਗੀਤ, ਬੋਲੀਆਂ, ਟੱਪੇ ਇਸੇ ਹੀ ਰੁੱਤ ਨਾਲ ਜੁੜੇ ਹੋਏ ਹਨ। ਰੱਬ ਕਰੇ ਹਰ ਸਾਲ ਖ਼ੁਸ਼ੀਆਂ ਵੰਡਦੀ ਸਾਵੀਂ ਮੌਨਸੂਨ ਆਵੇ।

*(ਲੇਖਕ ਜਲਵਾਯੂ ਪਰਿਵਰਤਨ ਅਤੇ ਖੇਤੀ ਮੌਸਮ ਸਕੂਲ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਨਾਲ ਸੰਬੰਧਿਤ ਹਨ।)*

# ਪੰਜਾਬ : ਲੱਖਾਂ ਬੂਟੇ ਵੰਡਦੀ ਨਰਸਰੀ

ਪਾਲ ਸਿੰਘ ਨੌਲੀ

ਪੰਜਾਬ ਦਾ ਛੋਟਾ ਜਿਹਾ ਪਿੰਡ ਸੀਚੇਵਾਲ ਰਾਜ ਦੇ ਵਾਤਾਵਰਨ ਨੂੰ ਸ਼ੁੱਧ ਰੱਖਣ ਵਿਚ ਵੱਡੀ ਭੂਮਿਕਾ ਨਿਭਾਅ ਰਿਹਾ ਹੈ। ਨਿਰਮਲ ਗ੍ਰਾਮ ਪੁਰਸਕਾਰ ਪ੍ਰਾਪਤ ਕਰ ਚੁੱਕਾ ਇਹ ਪਿੰਡ ਪੰਜਾਬ ਨੂੰ ਹਰਿਆ ਭਰਿਆ ਕਰਨ ਦੇ ਰਾਹ ਪਿਆ ਹੋਇਆ ਹੈ। ਇਥੇ ਸਥਿਤ ਨਿਰਮਲ ਕੁਟੀਆ ਵਿਚ ਸੰਤ ਬਲਬੀਰ ਸਿੰਘ ਸੀਚੇਵਾਲ ਦੁਆਰਾ ਸੰਤ ਅਵਤਾਰ ਸਿੰਘ ਯਾਦਗਾਰੀ ਨਰਸਰੀ ਸਥਾਪਿਤ ਕੀਤੀ ਹੋਈ ਹੈ ਜਿਥੇ 42 ਕਿਸਮ ਦੇ ਫੁੱਲ-ਬੂਟੇ ਤਿਅਰ ਕੀਤੇ ਜਾ ਰਹੇ ਹਨ। ਸਭ ਤੋਂ ਵੱਡੀ ਇਹ ਗੱਲ ਹੈ ਕਿ ਇਸ ਨਰਸਰੀ ਵਿਚੋਂ ਹਰ ਸਾਲ 70 ਹਜ਼ਾਰ ਤੋਂ ਲੈ ਕੇ ਇਕ ਲੱਖ ਤਕ ਬੂਟੇ ਬਿਲਕੁਲ ਮੁਫਤ ਦਿਤੇ ਜਾਂਦੇ ਹਨ ਤਾਂ ਕਿ ਪੰਜਾਬ ਦੀ ਆਬੋ-ਹਵਾ ਤੰਦਰੁਸਤ ਹੋਵੇ ਤੇ ਇਸੇ ਤੰਦਰੁਸਤੀ ਵਿਚ ਹੀ ਪੰਜਾਬ ਦੇ ਲੋਕਾਂ ਦੇ ਸਿਹਤਯਾਬ ਹੋਣ ਤੇ ਰਹਿਣ ਦਾ ਭੇਦ ਛੁਪਿਆ ਹੋਇਆ ਹੈ।

ਸੰਤ ਅਵਤਾਰ ਸਿੰਘ ਯਾਦਗਾਰੀ ਨਰਸਰੀ ਦੇ ਫੁੱਲ-ਬੂਟੇ ਤਿਆਰ ਕਰਨ ਵਿਚ ਨੰਨ੍ਹੇ ਹੱਥਾਂ ਦਾ ਵੱਡਾ ਯੋਗਦਾਨ ਹੈ। ਇਹ ਹੱਥ ਜਦੋਂ ਇਸ ਨਰਸਰੀ ਦੀ ਪੌਦ ਤਿਆਰ ਕਰ ਰਹੇ ਹੁੰਦੇ ਹਨ ਤਾਂ ਇਸ ਨਾਲ ਇਹ ਸੰਕੇਤ ਬੜਾ ਹੀ ਸਪੱਸ਼ਟ ਜਾਂਦਾ ਹੈ ਕਿ ਉਹ ਆਪਣਾ ਭਵਿੱਖ ਸੰਵਾਰ ਰਹੇ ਹੁੰਦੇ ਹਨ। ਬੂਟਿਆਂ ਪ੍ਰਤਿ ਬੱਚਿਆਂ ਦਾ ਪਿਆਰ, ਸਨੇਹ ਤੇ ਲਗਾਅ ਪੈਦਾ ਕਰਨ ਦੀ ਜੁਗਤੀ ਤੇ ਗੁੜ੍ਹਤੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਸਹਿਜ ਵਿਚ ਹੀ ਦਿਤੀ ਹੋਈ ਹੈ। ਇਸ ਵਰਤਾਰੇ ਨਾਲ ਇਸ ਨਰਸਰੀ ਵਿਚ ਚੰਗੇ ਗੁਣਾਂ ਵਾਲੇ ਇਨਸਾਨ ਪੈਦਾ ਹੋ ਰਹੇ ਹਨ ਜਿਨ੍ਹਾਂ ਦੇ ਹੱਥਾਂ ਨਾਲ ਸਮਾਜ ਦੀ ਨਿੱਗਰ ਤੇ ਉਸਾਰੂ ਸੋਚ ਦੀ ਸਿਰਜਣਾ ਵੀ ਹੋਵੇਗੀ।

ਪਹਿਲਾਂ ਇਹੀ ਨਰਸਰੀ ਕੇਵਲ ਸਿੰਘ ਦੀ ਮੋਟਰ 'ਤੇ ਹੁੰਦੀ ਸੀ ਜਿਸ ਨੇ ਆਪਣੀ ਜ਼ਮੀਨ



ਇਸ ਧਰਮ-ਕਰਮ ਦੇ ਲੇਖੇ ਲਾਉਂਦਿਆਂ ਦਾਨ ਕੀਤੀ ਸੀ। ਫਿਰ ਇਸ ਨਰਸਰੀ ਨੂੰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਸਿੱਧੇ ਤੌਰ ਤੇ ਆਪਣੀ ਨਿਗਰਾਨੀ ਹੇਠ ਲੈ ਆਂਦਾ ਤੇ ਨਿਰਮਲ ਕੁਟੀਆ ਦੇ ਦੋ ਪਾਸੀਂ ਇਸ ਦਾ ਵਿਸ਼ਾਲ ਭੰਡਾਰ ਖੜ੍ਹਾ ਕਰ ਦਿਤਾ। ਇਥੇ ਇਹ ਨਰਸਰੀ ਹੋਣ ਨਾਲ ਉਨ੍ਹਾਂ ਦੀਆਂ ਨਜ਼ਰਾਂ 24 ਘੰਟੇ ਇਨ੍ਹਾਂ ਬੂਟਿਆਂ 'ਤੇ ਰਹਿੰਦੀਆਂ ਹਨ। ਜਿਸ ਦਾ ਫ਼ਾਇਦਾ ਇਹ ਹੋ ਰਿਹਾ ਹੈ ਕਿ ਹਜ਼ਾਰਾਂ ਦੀ ਤਾਦਾਦ ਵਿਚ ਰੱਖੇ ਬੂਟੇ ਨਿਗਰਾਨੀ ਹੇਠ ਰਹਿੰਦੇ ਹਨ। ਸੇਵਾਦਾਰਾਂ ਨੂੰ ਬਾਕਾਇਦਾ ਨਰਸਰੀ ਸੰਭਾਲਣ ਦੀਆਂ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ ਹਨ।

ਸੰਤ ਅਵਤਾਰ ਸਿੰਘ ਯਾਦਗਾਰੀ ਨਰਸਰੀ ਵਿਚੋਂ ਜਾਂਦੇ ਬੂਟੇ ਪੰਜਾਬ ਦੇ ਕੋਨੇ-ਕੋਨੇ ਨੂੰ ਹਰਿਆ-ਭਰਿਆ ਬਣਾ ਰਹੇ ਹਨ।

ਇਸ ਨਰਸਰੀ ਦੀ ਸਭ ਤੋਂ ਵੱਡੀ ਤੇ ਵਿਲੱਖਣ ਖ਼ੂਬਸੂਰਤੀ ਇਹ ਹੈ ਕਿ ਇਥੇ ਪੰਜਾਬ ਦੇ ਰਵਾਇਤੀ ਬੂਟਿਆਂ ਨੂੰ ਤਰਜੀਹ ਦਿਤੀ ਜਾ ਰਹੀ ਹੈ। ਪਿੱਪਲ ਤੇ ਬੋਹੜ ਆਮ ਨਰਸਰੀਆਂ ਵਿਚੋਂ ਨਹੀਂ ਮਿਲਦੇ ਪਰ ਇਸ ਨਰਸਰੀ ਦੀ ਪਹਿਲ ਹੀ ਇਹ ਬੂਟੇ ਹਨ। ਪਿੰਡਾਂ ਦੇ ਵਿਹੜਿਆਂ ਵਿਚੋਂ ਖਤਮ ਹੁੰਦੀ ਜਾ ਰਹੀ ਨਿੰਮ ਤੇ ਜਾਮਣ ਨੇ ਇਸ ਨਰਸਰੀ ਸਦਕਾ ਮੁੜ ਆਪਣੀ ਹੋਂਦ ਦਰਸਾਉਣੀ ਸ਼ੁਰੂ ਕਰ ਦਿਤੀ ਹੈ।

ਪਿੰਡ ਸੀਚੇਵਾਲ ਦੀਆਂ ਦੋ ਅਹਿਮ ਸੜਕਾਂ 'ਤੇ ਜਾਮਣ ਦੇ ਹਰੇ-ਭਰੇ ਰੁੱਖ ਆਪਣੇ ਜ਼ੋਬਨ 'ਤੇ ਦੇਖਣ ਵਾਲੇ ਹੁੰਦੇ ਹਨ। ਇਸੇ ਤਰਾਂ ਇਸ ਨਰਸਰੀ ਨੇ ਬਾਬੇ ਨਾਨਕ ਦੀ ਵੇਈਂ ਨੂੰ ਹਰਿਆ-ਭਰਿਆ ਬਣਾ ਦਿਤਾ ਹੈ। ਕਈ ਪਿੰਡਾਂ ਦੀਆਂ ਸੜਕਾਂ, ਸ਼ਮਸ਼ਾਨਘਾਟਾਂ ਵਿਚ ਹਰਿਆਲੀ ਆ ਗਈ ਹੈ। ਸਕੂਲਾਂ ਤੇ ਹੋਰ ਸਾਂਝੀਆਂ ਥਾਂਵਾਂ 'ਤੇ ਸੰਤ ਅਵਤਾਰ ਸਿੰਘ ਯਾਦਗਾਰੀ ਨਰਸਰੀ ਆਪਣੀਆ ਮਹਿਕਾਂ ਖਿਲਾਰ ਰਹੀ ਹੈ। ਲੋਕ ਨਿਰਮਲ ਕੁਟੀਆ ਵਿਚ ਲਗਦੇ ਜੋੜ ਮੇਲਿਆਂ ਦੌਰਾਨ ਵੱਡੀ ਪੱਧਰ 'ਤੇ ਪ੍ਰਸ਼ਾਦ ਦੇ ਰੂਪ ਵਿਚ ਇਥੋਂ ਬੂਟੇ ਸ਼ਰਧਾ ਨਾਲ ਲੈ ਕੇ ਜਾਂਦੇ ਹਨ।

ਪਿੰਡਾਂ ਦੀਆਂ ਪੰਚਾਇਤਾਂ, ਯੂਥ ਕਲੱਬਾਂ, ਧਾਰਮਿਕ ਸ਼ਖ਼ਸੀਅਤਾਂ ਤੇ ਹੋਰ ਵਾਤਾਵਰਨ ਪ੍ਰੇਮੀਆਂ ਦੀਆਂ ਜੱਥੇਬੰਦੀਆਂ ਵੱਡੀ ਗਿਣਤੀ ਵਿਚ ਇਸ ਨਰਸਰੀ ਵਿਚੋਂ ਬੂਟੇ ਲੈ ਕੇ ਜਾਂਦੀਆਂ ਹਨ। ਇਹ ਵਰਤਾਰਾ ਪਿਛਲੇ ਕਈ ਸਾਲਾਂ ਤੋਂ ਲਗਾਤਾਰ ਜਾਰੀ ਹੈ। ਇਸ ਨਾਲ ਪੰਜਾਬ ਦੀ ਆਬੋ-ਹਵਾ ਵਿਚ ਬਦਲਾਅ ਦੀ ਦਸਤਕ ਸੁਣਾਈ ਦੇਣ ਲੱਗ ਪਈ ਹੈ। ਇਹ ਲੋਕਾਂ ਦੀ ਸੋਚ ਵਿਚ ਆਈ ਵੱਡੀ ਤਬਦੀਲੀ ਦਾ ਸੰਕੇਤ ਹੈ ਜੋ ਸਹੀ ਰਸਤੇ 'ਤੇ ਇਸ ਲਹਿਰ ਨੂੰ ਮੁੜ ਲਿਆ ਰਿਹਾ ਹੈ।

ਇਸ ਨਰਸਰੀ ਦੀ ਸਭ ਤੋਂ ਵੱਡੀ ਪ੍ਰਾਪਤੀ ਇਹੀ ਹੈ ਕਿ ਲੋਕਾਂ ਵਿਚ ਬੂਟੇ ਲਗਾਉਣ ਦੀ ਚੇਟਕ ਪੈਦਾ ਹੋਈ। ਸੰਤ ਬਲਬੀਰ ਸਿੰਘ ਸੀਚੇਵਾਲ ਨੇ ਦੇਸ਼-ਵਿਦੇਸ਼ ਦੇ ਲੋਕਾਂ ਨੂੰ ਬੂਟੇ ਲਗਾਉਣ ਤੇ ਉਨ੍ਹਾਂ ਨੂੰ ਸੰਭਾਲਣ ਦੀ ਜੋ ਜਾਗ ਲਾਈ ਹੈ ਉਹ ਇਸ ਨਰਸਰੀ ਦਾ ਅਮਿਟ ਹਸਤਾਖਰ ਹੋ ਨਿਬੜੀ ਹੈ।

*(ਲੇਖਕ ਸੁਤੰਤਰ ਪੱਤਰਕਾਰ ਹੈ।)*

# ਕੁਦਰਤੀ ਇਲਾਜ - ਦਵਾਈ ਦੀ ਵਿਕਲਪਕ ਪ੍ਰਣਾਲੀ

ਆਰ ਐੱਮ ਨਾਇਰ

### ਭਾਰਤ : ਸਿਹਤ ਸੰਭਾਲ ਬੁਨਿਆਦੀ ਢਾਂਚਾ

ਕਿਸੇ ਵੀ ਦੇਸ਼ ਵਿਚ ਸਿਹਤ ਸੇਵਾਵਾਂ ਦੇਣ ਦੇ ਪ੍ਰਾਵਧਾਨਾਂ ਅਤੇ ਤੰਤਰ ਨੂੰ ਸਮਝਣ ਲਈ ਸਿਹਤ ਸੰਬੰਧੀ ਬੁਨਿਆਦੀ ਢਾਂਚਾ ਇਕ ਮਹੱਤਵਪੂਰਨ ਸੂਚਕ ਹੁੰਦਾ ਹੈ। ਬੇਹਤਰ ਤਾਲਮੇਲ, ਉੱਚ ਪੱਧਰ ਦੀ ਸਿਹਤ ਸੰਭਾਲ ਯਕੀਨੀ ਬਣਾਉਣ ਲਈ ਜ਼ਰੂਰੀ ਹੈ ਕਿ ਇਕ ਸਹਾਇਕ ਸਿਹਤ ਪ੍ਰਣਾਲੀ ਢਾਂਚੇ ਦੀ ਸਥਾਪਨਾ ਕੀਤੀ ਜਾਵੇ।

### ਜਨਸੰਖਿਆ ਤੇ ਸਿਹਤ ਸੰਭਾਲ

2011 ਦੀ ਮਰਦਮਸ਼ੁਮਾਰੀ ਅਨੁਸਾਰ ਭਾਰਤ ਦੀ 12101.9 ਲੱਖ ਦੀ ਕੁੱਲ ਵਸੋਂ ਵਿਚੋਂ (6237 ਲੱਖ ਪੁਰਸ਼ ਅਤੇ 5864 ਲੱਖ ਔਰਤਾਂ) 60 ਸਾਲ ਤੋਂ ਵੱਧ ਉਮਰ ਵਾਲੇ ਵਿਅਕਤੀਆਂ ਦੀ ਪ੍ਰਤਿਸ਼ਤ 7.4 ਪ੍ਰਤਿਸ਼ਤ ਹੈ। ਇਹ ਹਿੱਸਾ ਸਭ ਤੋਂ ਵੱਧ ਕਮਜ਼ੋਰ ਹੈ ਜਿਸ ਨੂੰ ਧਿਆਨ ਦੇਣ ਦੀ ਲੋੜ ਹੈ। ਇਨ੍ਹਾਂ ਦੀ ਜ਼ਿੰਦਗੀ ਵਿਚ ਕੁਦਰਤੀ ਇਲਾਜ ਅਹਿਮ ਭੂਮਿਕਾ ਨਿਭਾਅ ਸਕਦਾ ਹੈ ਜੋ ਅਸਾਨੀ ਨਾਲ ਉਪਲਬਧ ਅਤੇ ਸਸਤਾ ਵੀ ਹੈ। ਦੇਸ਼ ਵਿਚ ਗਰੀਬੀ ਤੋਂ ਹੇਠਾਂ ਰਹਿਣ ਵਾਲੇ ਵਿਅਕਤੀਆਂ ਦੀ ਸੰਖਿਆ ਪੇਂਡੂ ਖੇਤਰਾਂ ਵਿਚ 33.8 ਪ੍ਰਤਿਸ਼ਤ ਅਤੇ ਸ਼ਹਿਰੀ ਇਲਾਕਿਆਂ ਵਿਚ 20.9 ਪ੍ਰਤਿਸ਼ਤ ਤੇ ਕੁੱਲ 35.46 ਕਰੋੜ ਵਿਅਕਤੀ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ। ਇਹ ਜੋ ਕਮਜ਼ੋਰ ਵਰਗ ਹੈ ਜਿਸ ਲਈ ਵਾਜਬ ਦਰਾਂ 'ਤੇ ਸਿਹਤ ਸੰਭਾਲ ਮੁਹੱਈਆ ਕਰਵਾਉਣ ਦੀ ਲੋੜ ਹੈ।

2013 ਦੀ ਰਾਸ਼ਟਰੀ ਸਿਹਤ ਰੂਪਰੇਖਾ ਵਿਚ ਦੱਸਿਆ ਗਿਆ ਹੈ ਕਿ ਸਾਰੇ ਦੇਸ਼ ਅੰਦਰ 19,817 ਹਸਪਤਾਲ ਹਨ ਜਿਨ੍ਹਾਂ ਵਿਚੋਂ 15,398 ਪੇਂਡੂ ਖੇਤਰ ਅਤੇ 4419 ਸ਼ਹਿਰੀ ਖੇਤਰ ਵਿਚ ਹਨ। ਇਸ ਦੇ ਨਾਲ ਹੀ, 1,51,684 ਉੱਪ ਕੇਂਦਰ ਹਨ, 24,448 ਪ੍ਰਮੁੱਖ ਸਿਹਤ ਕੇਂਦਰ ਹਨ ਅਤੇ 5187 ਸਮੁਦਾਇਕ ਸਿਹਤ ਕੇਂਦਰ ਹਨ। ਭਾਰਤ ਵਿਚ ਆਯੂਸ਼ ਵਲੋਂ ਦਿਤੀਆਂ ਜਾਂਦੀਆਂ ਸਹੂਲਤਾਂ, ਜਿਨ੍ਹਾਂ ਵਿਚ ਡਿਸਪੈਂਸਰੀ ਅਤੇ ਹਸਪਤਾਲ ਸ਼ਾਮਿਲ ਹਨ, ਇਨ੍ਹਾਂ ਦੀ ਗਿਣਤੀ ਕ੍ਰਮਵਾਰ 26,107 ਅਤੇ 3167 ਹੈ। ਮੌਜੂਦਾ ਜਾਣਕਾਰੀ ਮੁਤਾਬਕ ਕੁਦਰਤੀ ਇਲਾਜ ਦੇ ਹਸਪਤਾਲਾਂ/ ਡਿਸਪੈਂਸਰੀਆਂ ਦੀ ਸਥਿਤੀ ਹੇਠ ਲਿਖੇ ਅਨੁਸਾਰ ਹੈ :

| ਕ੍ਰਮ.ਸੰ. ਸਹੂਲਤ | ਕੁਦਰਤੀ ਇਲਾਜ |
|---|---|
| 1. ਹਸਪਤਾਲ | 107 |
| 2. ਡਿਸਪੈਂਸਰੀ | 97 |
| 3. ਪੰਜੀਕ੍ਰਿਤ ਪ੍ਰੈਕਟੀਸ਼ਨਰਜ਼ | 1401 |
| 4. ਡਿਗਰੀ ਕਾਲਜ | 17 |

ਉਪਰੋਕਤ ਸਾਰਾ ਬੁਨਿਆਦੀ ਢਾਂਚਾ ਹੋਣ ਦੇ ਬਾਵਜੂਦ ਵੀ, ਪ੍ਰਤਿ ਡਾਕਟਰ/ਨਰਸ/ਦੂਜੇ ਉਪਲਬਧ ਪੈਰਾਮੈਡੀਕਲ, ਸਹੂਲਤ ਲੈ ਰਹੀ ਜਨਸੰਖਿਆ ਦੇ ਅਨੁਪਾਤ ਵਿਚ ਵੱਡਾ ਪਾੜਾ ਹੈ। ਅਜਿਹਾ ਤਾਲਿਕਾ-1 ਵਿਚ ਦਿਤੇ ਅੰਕੜਿਆਂ ਤੋਂ ਸਪੱਸ਼ਟ ਹੋ।

### ਕੁਦਰਤੀ ਇਲਾਜ - ਇਕ ਪ੍ਰਣਾਲੀ

ਕੁਦਰਤੀ ਇਲਾਜ ਕਿਸੇ ਵਿਅਕਤੀ ਦੇ ਕੁਦਰਤ ਦੇ ਉਸਾਰੂ ਨਿਯਮਾਂ ਨਾਲ ਸਰੀਰਕ, ਮਾਨਸਿਕ, ਨੈਤਿਕ ਅਤੇ ਅਧਿਆਤਮਕ ਪੱਧਰ 'ਤੇ ਇਕਮਿਕ ਹੋਣ ਦੀ ਪ੍ਰਣਾਲੀ ਹੈ। ਕੁਦਰਤੀ ਇਲਾਜ, ਕੁਦਰਤੀ ਦੇਖਭਾਲ ਅਤੇ ਕੁਦਰਤੀ ਪੱਧਤੀ ਜਿਹੇ ਨਾਮ ਇਲਾਜ ਦੀ ਪ੍ਰਣਲੀ ਨੂੰ ਦਿਤੇ ਗਏ ਹਨ ਜਿਸ ਵਿਚ ਕਿਸੇ ਵਿਅਕਤੀ ਦੀ ਸਿਹਤ ਨੂੰ ਦਰੁਸਤ ਕਰਨ ਲਈ 7 ਤੱਤਾਂ ਦੀ ਵਰਤੋਂ ਕੀਤੀ ਜਾਂਦੀ ਹੈ ਤੇ ਇਨ੍ਹਾਂ ਤੱਤਾਂ ਦੁਆਰਾ ਇਲਾਜ ਦਵਾਈ ਦੀਆਂ ਪ੍ਰਚਲਤ ਇਲਾਜ ਪ੍ਰਣਾਲੀਆਂ ਨਾਲੋਂ ਬਿਲਕੁਲ ਵੱਖਰਾ ਹੈ। ਜਿਹੜੇ ਲੋਕ ਕੁਦਰਤੀ ਇਲਾਜ ਨੂੰ ਸਿਰਫ਼ ਬੀਮਾਰੀ ਠੀਕ ਕਰਨ ਦਾ

**ਤਾਲਿਕਾ-1**

| ਪੰਜੀਕ੍ਰਿਤ ਰਾਸ਼ਟਰੀ ਪਰਿਸ਼ਦਾਂ | ਪ੍ਰਤਿ ਡਾਕਟਰ/ਦੰਦਾਂ ਦੇ ਡਾਕਟਰ/ਆਯੂਸ਼/ਨਰਸ/ ਫਰਮਾਸਿਸਟ, ਜਨਸੰਖਿਆ ਨੂੰ ਸੇਵਾ ਦੇਣ ਵਾਲੇ |
|---|---|
| ਪ੍ਰਤਿ ਡਾਕਟਰ ਦੋਵੇਂ ਐਲੋਪੈਥਿਕ ਅਤੇ ਆਯੂਸ਼ | 1217.84 |
| ਐਲੋਪੈਥਿਕ ਡਾਕਟਰ | 1384.43 |
| ਆਯੂਸ਼ ਡਾਕਟਰ | 1783.21 |
| ਦੰਦਾਂ ਦੇ ਡਾਕਟਰ | 10120.85 |
| ਨਰਸ | 531.79 |
| ਫਾਰਮਾਸਿਸਟ | 1986.94 |

ਇਕ ਤਰੀਕਾ ਸਮਝਦੇ ਹਨ, ਉਹ ਗਲਤੀ ਕਰਦੇ ਹਨ। ਅਸਲ ਵਿਚ, ਕੁਦਰਤੀ ਇਲਾਜ ਜ਼ਿੰਦਗੀ ਜਿਊਣ ਦਾ ਉੱਤਮ ਤਰੀਕਾ ਹੈ। ਇਹ ਦੀਰਘ, ਸਿਹਤਮੰਦ ਅਤੇ ਅਨੰਦਮਈ ਜ਼ਿੰਦਗੀ ਪ੍ਰਾਪਤ ਕਰਨ ਦੀ ਇਕ ਕਲਾ ਹੈ।

ਸਾਡੇ ਰਾਸ਼ਟਰਪਿਤਾ ਮਹਾਤਮਾ ਗਾਂਧੀ ਨੇ ਆਪਣੀ ਜ਼ਿੰਦਗੀ ਦੌਰਾਨ ਵਾਰ-ਵਾਰ ਆਖਿਆ ਕਿ ਚੰਗੀ ਸਿਹਤ ਬਣਾਏ ਰੱਖਣ ਲਈ ਸਾਨੂੰ ਕੁਦਰਤ ਨਾਲ ਇਕਸੁਰ ਹੋ ਕੇ ਰਹਿਣਾ ਪਵੇਗਾ ਅਤੇ ਜੇ ਕੋਈ ਬੀਮਾਰ ਹੋ ਜਾਂਦਾ ਸੀ ਤਾਂ ਉਹ ਕੁਦਰਤੀ ਇਲਾਜ ਦੀ ਵਕਾਲਤ ਕਰਦੇ ਸਨ। ਗਾਂਧੀ ਜੀ ਵਲੋਂ ਆਪਣੇ ਲੰਮੇ ਤਜਰਬਿਆਂ ਦੇ ਆਧਾਰ 'ਤੇ ਕੁਦਰਤੀ ਇਲਾਜ ਦੀ ਵਕਾਲਤ ਕੀਤੀ ਜਾਂਦੀ ਸੀ। ਉਹ ਆਪਣੇ ਕੋਲ ਆਉਣ ਵਾਲਿਆਂ ਨੂੰ ਕੁਦਰਤੀ ਇਲਾਜ ਪ੍ਰਣਾਲੀ ਅਪਨਾਉਣ ਦੀ ਤਾਕੀਦ ਕਰਦੇ ਸਨ। ਕੁਦਰਤੀ ਇਲਾਜ ਦੀ ਪ੍ਰਣਾਲੀ ਇੰਨੀ ਸਾਦਾ ਅਤੇ ਸਰਲ ਹੈ ਕਿ ਇਕ ਵਾਰੀ ਜੇ ਕੋਈ ਵਿਅਕਤੀ ਇਸ ਪੱਧਤੀ ਦੀ ਸ਼ਰਨ ਵਿਚ

ਆ ਗਿਆ, ਫਿਰ ਸਾਰੀ ਜ਼ਿੰਦਗੀ ਉਹ ਇਸ ਦਾ ਸ਼ਰਧਾਲੂ ਬਣ ਕੇ ਰਹੇਗਾ। ਇਲਾਜ ਦੀਆਂ ਦੂਸਰੀਆਂ ਪ੍ਰਣਾਲੀਆਂ ਦੇ ਮੁਕਾਬਲੇ ਕੁਦਰਤੀ ਇਲਾਜ ਬਹੁਤ ਸਸਤਾ ਹੈ। ਇਸ ਲਈ, ਸਾਡੇ ਦੇਸ਼ ਦੇ ਗਰੀਬ ਵਰਗ ਲਈ ਇਹ ਬਹੁਤ ਲਾਭਕਾਰੀ ਹੋ ਸਕਦਾ ਹੈ। ਸਾਡੇ ਪਿੰਡਾਂ ਵਿਚ ਰਹਿਣ ਵਾਲੇ ਨਾਗਰਿਕ ਇਸ ਨੂੰ ਆਸਾਨੀ ਨਾਲ ਅਪਣਾ ਕੇ ਸਿਹਤਮੰਦ ਰਹਿ ਸਕਦੇ ਹਨ।

ਕੁਦਰਤੀ ਇਲਾਜ ਦੀ ਮੁੱਖ ਤਾਕਤ ਨਾ ਕੇਵਲ ਰੋਕਥਾਮ ਮੁਹੱਈਆ ਕਰਵਾਉਣਾ ਹੈ, ਪਰ ਇਹ ਪ੍ਰੋਤਸਾਹਨ ਅਤੇ ਰੋਗ ਨਿਵਾਰਕ ਸੇਵਾਵਾਂ ਵੀ ਪ੍ਰਦਾਨ ਕਰਦੀ ਹੈ। ਪੁਰਾਣੀਆਂ ਬੀਮਾਰੀਆਂ ਦੇ ਇਲਾਜ ਲਈ ਇਹ ਪੱਧਤੀ ਬਹੁਤ ਕਾਰਗਰ ਸਾਬਤ ਹੋਈ ਹੈ, ਖ਼ਾਸ ਕਰਕੇ 60 ਸਾਲ ਤੋਂ ਵੱਧ ਉਮਰ ਦੇ ਬਜ਼ੁਰਗ ਲੋਕਾਂ ਦੇ ਮਾਮਲੇ ਵਿਚ।

## ਇਸ ਦੇ ਕੀ ਫ਼ਾਇਦੇ ਹੋਣਗੇ?

ਕੁਦਰਤੀ ਇਲਾਜ ਦੁਆਰਾ ਉਸ ਬੀਮਾਰੀ ਨੂੰ ਵੀ ਠੀਕ ਕੀਤਾ ਜਾ ਸਕਦਾ ਹੈ ਜੋ ਐਲੋਪੈਥਿਕ ਇਲਾਜ ਦੁਆਰਾ ਪੂਰੀ ਤਰ੍ਹਾਂ ਠੀਕ ਨਹੀਂ ਹੋ ਸਕਦੀਆਂ। ਕੁਦਰਤੀ ਇਲਾਜ ਮਰੀਜ਼ ਦੇ ਸਾਰੇ ਸਰੀਰ 'ਤੇ ਕੇਂਦਰਿਤ ਹੁੰਦਾ ਹੈ ਨਾ ਕਿ ਕਿਸੇ ਖ਼ਾਸ ਅੰਗ 'ਤੇ। ਕੁਦਰਤੀ ਇਲਾਜ ਕਰਨ ਵਾਲਾ ਵਿਅਕਤੀ ਰੋਗੀਆਂ ਨੂੰ ਕੁਦਰਤੀ ਖਾਣੇ ਦੀ ਮਹੱਤਤਾ ਬਾਰੇ ਹਦਾਇਤਾਂ ਦਿਤਾ ਹੈ ਜੋ ਭਰਪੂਰ ਪੌਸ਼ਟਿਕਤਾ ਨਾਲ ਭਰੇ ਪਏ ਹੁੰਦੇ ਹਨ ਅਤੇ ਉਨ੍ਹਾਂ ਨੂੰ ਸਿਹਤਮੰਦ ਜੀਵਨ ਜਾਚ ਬਣਾਈ ਰੱਖਣ ਲਈ ਵੀ ਆਖਿਆ ਜਾਂਦਾ ਹੈ। ਕੁਦਰਤੀ ਖਾਣੇ ਦੇ ਸਰੋਤਾਂ ਤੋਂ ਬਿਨਾਂ, ਕੁਦਰਤੀ ਇਲਾਜ ਕਰਨ ਵਾਲੇ ਅਨੇਕ ਇਲਾਜ ਦੇ ਤੌਰ ਤਰੀਕੇ ਪੇਸ਼ ਕਰਦੇ ਹਨ ਜਿਨ੍ਹਾਂ ਤੋਂ ਦੁਨੀਆਂ ਭਰ ਦੇ ਲੱਖਾਂ ਲੋਕਾਂ ਨੇ ਲਾਭ ਉਠਾਇਆ ਹੈ।

## ਕੁੱਝ ਕੁਦਰਤੀ ਪੱਧਤੀਆਂ

***ਹਾਈਡ੍ਰੋਥਰੈਪੀ*** – ਹਾਈਡ੍ਰੋਥਰੈਪੀ ਇਲਾਜ ਦੀ ਇਕ ਪ੍ਰਾਚੀਨ ਤੇ ਜਾਣੀ-ਪਛਾਣੀ ਪੱਧਤੀ ਹੈ। ਹਾਈਡ੍ਰੋਥਰੈਪੀ ਵਿਚ ਪਾਣੀ ਦੇ ਅੱਡ-ਅੱਡ ਤਾਪਮਾਨ ਵਰਤੋਂ ਵਿਚ ਲਿਆਏ ਜਾਂਦੇ ਹਨ, ਜਿਵੇਂ ਕਿ ਗਰਮ ਤੇ ਠੰਢੇ ਪਾਣੀ ਵਿਚ ਇਸ਼ਨਾਨ, ਭਾਫ਼ ਇਸ਼ਨਾਨ, ਸੁੰਗੜਨਾ ਤੇ ਸੇਕ ਲੈਣਾ, ਇਸ਼ਨਾਨ, ਲਪੇਟਣਾ ਅਤੇ ਡੁੱਬਕੀ ਲਾ ਕੇ ਇਸ਼ਨਾਨ ਕਰਨਾ ਜਿਸ ਸਕਦਾ ਅਨੇਕ ਪ੍ਰਕਾਰ ਦੇ ਸਰੀਰਕ ਪ੍ਰਭਾਵ ਪੈਦਾ ਹੁੰਦੇ ਹਨ ਜੋ ਬੀਮਾਰੀ ਦੇ ਵੱਖ-ਵੱਖ ਹਾਲਤਾਂ ਲਈ ਪਾਣੀ ਦੇ ਤਾਪਮਾਨ, ਸਮਾਂ ਅਤੇ ਲਾਏ ਜਾਣ ਵਾਲੇ ਭਾਗ 'ਤੇ ਨਿਰਭਰ ਕਰਦੇ ਹਨ।

## ਮਿੱਟੀ ਨਾਲ ਇਲਾਜ

ਮਿੱਟੀ ਜ਼ਹਿਰੀਲੇ ਪਦਾਰਥਾਂ ਨੂੰ ਸੋਖਦੀ ਅਤੇ ਘੋਲ ਦਿੰਦੀ ਹੈ ਅਤੇ ਸਰੀਰ ਨੂੰ ਤਰੋਤਾਜ਼ਾ ਕਰ ਦਿੰਦੀ ਹੈ। ਅਜਿਹਾ ਮਿੱਟੀ ਦਾ ਲੇਪ ਲਾ ਕੇ ਅਤੇ ਮਿੱਟੀ ਦਾ ਇਸ਼ਨਾਨ ਕਰਕੇ ਕੀਤਾ ਜਾਂਦਾ ਹੈ। ਇਹ ਇਲਾਜ ਚਮੜੀ ਦੀਆਂ ਬੀਮਾਰੀਆਂ ਜਿਵੇਂ ਕਿ ਖੁਜਲੀ, ਚੰਬਲ, ਜਲਣ ਦੇ ਨਿਸ਼ਾਨ, ਮੁਹਾਸੇ ਅਤੇ ਦਾਗ ਧੱਬਿਆਂ, ਖ਼ੂਨ ਦਾ ਉੱਚ ਦਬਾਅ, ਸ਼ੱਕਰ ਰੋਗ, ਸਿਰ ਦਰਦ, ਗਠੀਆ, ਕਬਜ਼, ਗੈਸ, ਬਦਹਜ਼ਮੀ, ਅਰੁਚੀ ਅਤੇ ਸੁਆਣੀ ਦੇ ਅਲਸਰ ਅਤੇ ਮਾਂਹਵਾਰੀ ਦੇ ਦੋਸ਼ਾਂ ਲਈ ਬੇਹੱਦ ਕਾਰਗਰ ਹੈ।

***ਮਾਲਸ਼ ਪੱਧਤੀ*** – ਮਾਲਸ਼ ਆਮ ਤੌਰ ਤੇ ਸ਼ਕਤੀ ਵਧਾਉਣ, ਉਤੇਜਨਾ ਅਤੇ ਦਰਦ ਨਿਵਾਰਕ ਪ੍ਰਭਾਵਾਂ ਲਈ ਕੀਤੀ ਜਾਂਦੀ ਹੈ। ਇਹ ਪੱਧਤੀ ਖ਼ੂਨ ਦਾ ਦੌਰਾ ਵਧਾਉਣ ਅਤੇ ਥਕਾਨ ਦੂਰ ਕਰਨ ਲਈ ਬਹੁਤ ਲਾਹੇਵੰਦ ਹੈ। ਇਸ ਨਾਲ ਚਮੜੀ ਦੇ ਬੰਦ ਮੁਸਾਮ ਖੁੱਲ੍ਹਦੇ ਹਨ ਜੋ ਪਸੀਨੇ ਨਾਲ ਸਰੀਰ ਵਿਚੋਂ ਜ਼ਹਿਰੀਲੇ ਤੱਤ ਬਾਹਰ ਨਿਕਲਣ ਲਈ ਬਹੁਤ ਜ਼ਰੂਰੀ ਹੈ। ਇਹ ਪੱਧਤੀ ਜੋੜਾਂ ਦਾ ਗਠੀਆ, ਗਠੀਆ ਮਣਕੇ ਦਾ ਹਿੱਲ ਜਾਣ, ਠੰਢੇ ਮੋਢੇ, ਝਟਕਾ ਅਤੇ ਪੇਟ ਨਾਲ ਸੰਬੰਧਿਤ ਦੂਜੇ ਹਾਲਤਾਂ ਜਿਵੇਂ ਕਬਜ਼, ਬਦਹਜ਼ਮੀ, ਅਰੁਚੀ, ਕੈਂਡ, ਪਾਚਕ ਵਿਕਾਰ, ਹਾਰਮੋਨ ਵਿਕਾਰ ਅਤੇ ਨਸਾਂ ਦੇ ਵਿਕਾਰ ਲਈ ਬਹੁਤ ਮਦਦਗਾਰ ਹੈ।

***ਕ੍ਰੋਮੋ ਥਰੈਪੀ*** – ਸੂਰਜ ਦੀਆਂ ਕਿਰਨਾਂ ਦੇ ਸੱਤ ਰੰਗ ਹੁੰਦੇ ਹਨ – ਬੈਂਗਣੀ, ਜਾਮਣੀ, ਨੀਲਾ, ਹਰਾ, ਪੀਲਾ, ਸੰਤਰੀ ਅਤੇ ਲਾਲ। ਇਹ ਰੰਗ ਵਿਕੀਰਣ ਦੁਆਰਾ ਸਰੀਰ 'ਤੇ ਪਾਏ ਜਾਂਦੇ ਹਨ ਅਤੇ ਚਾਰਜ ਕੀਤਾ ਪਾਣੀ ਜਾਂ ਤੇਲ ਇਲਾਜ ਲਈ ਵਰਤਿਆ ਜਾਂਦਾ ਹੈ। ਕ੍ਰੋਮੋ ਥਰੈਪੀ ਦੇ ਜ਼ਿਆਦਾ ਵਰਤੋਂ ਵਿਚ ਆਉਂਦੇ ਇਲਾਜ ਹਨ – ਕੇਲੇ ਦੇ ਪੱਤੇ ਨਾਲ ਸੂਰਜ ਇਸ਼ਨਾਨ, ਥਰਮੋਲੀਅਮ ਸੂਰਜ ਇਸ਼ਨਾਨ ਅਤੇ ਖੁੱਲ੍ਹੇ ਆਸਮਾਨ ਹੇਠ ਸੂਰਜ ਇਸ਼ਨਾਨ। ਇਹ ਪੱਧਤੀ ਜੋੜਾਂ ਤੇ ਗਠੀਏ, ਗਠੀਆ, ਹੱਡੀਆਂ ਦਾ ਗਠੀਆ, ਚੰਬਲ, ਖੁਜਲੀ, ਸਾਹ ਦੀਆਂ ਸਮੱਸਿਆਵਾਂ, ਖ਼ੂਨ ਦੀ ਘਾਟ, ਲਕਵਾ, ਉੱਚ ਖ਼ੂਨ ਦਾ ਦਬਾਅ ਅਤੇ ਪਾਚਨ ਵਿਕਾਰ ਲਈ ਬਹੁਤ ਫ਼ਾਇਦੇਮੰਦ ਹੈ।

***ਚੁੰਬਕੀ ਥਰੈਪੀ*** – ਚੁੰਬਕ ਸਿਹਤ ਨੂੰ ਪ੍ਰਭਾਵਤ ਕਰਦੇ ਹਨ। ਵੱਖ-ਵੱਖ ਸ਼ਕਤੀਆਂ ਅਤੇ ਆਕਾਰ ਦੇ ਉੱਤਰੀ ਅਤੇ ਦੱਖਣੀ ਧਰੁਵ ਇਲਾਜ ਲਈ ਵਰਤੇ ਜਾਂਦੇ ਹਨ। ਅਜਿਹਾ ਸਰੀਰ 'ਤੇ ਸਿੱਧੇ ਚੁੰਬਕ ਲਾ ਕੇ ਜਾਂ ਚਾਰਜ ਕੀਤਾ ਪਾਣੀ ਜਾਂ ਤੇਲ ਸਰੀਰ 'ਤੇ ਮਲ ਕੇ ਕੀਤਾ ਜਾਂਦਾ ਹੈ।

***ਰਾਸ਼ਟਰੀ ਸਿਹਤ ਨੀਤੀ*** – 2015 ਦੀ ਰਾਸ਼ਟਰੀ ਸਿਹਤ ਨੀਤੀ ਵਿਚ ਪ੍ਰਾਪਤੀਆਂ ਨੂੰ ਸਵੀਕਾਰ ਕਰਦਿਆਂ ਸਿਹਤ ਖੇਤਰ ਵਿਚ ਸਿਹਤ ਸੇਵਾਵਾਂ ਪ੍ਰਤਿ ਪਹੁੰਚ ਦੀ ਲੋੜ ਤੇ ਧਿਆਨ ਕੇਂਦਰਿਤ ਕਰਨ ਲਈ ਜ਼ੋਰ ਦਿਤਾ ਗਿਆ ਹੈ, ਜਿਵੇਂ ਕਿ ਕਮਜ਼ੋਰ ਤਬਕੇ ਦੇ ਤੋੜ ਮਰੋੜੇ ਸੂਚਕਾਂ ਤੋਂ ਸਾਹਮਣੇ ਆਇਆ ਹੈ। ਸ਼ਹਿਰੀ ਪੇਂਡੂ ਅਸਮਾਨਤਾਵਾਂ ਹਨ ਅਤੇ ਇਹ ਅਬਰਾਬਰੀ ਰਾਜਾਂ ਦਰਮਿਆਨ ਵੀ ਮੌਜੂਦ ਹੈ। ਬਹੁਤ ਸਾਰੇ ਜ਼ਿਲ੍ਹੇ, ਜੋ ਕਾਫ਼ੀ ਸਾਰੇ ਆਦਿਵਾਸੀ ਖੇਤਰਾਂ ਵਿਚ ਹਨ, ਦੀ ਕਾਰਗੁਜ਼ਾਰੀ ਉਨ੍ਹਾਂ ਰਾਜਾਂ ਵਿਚ ਬਹੁਤ ਮਾੜੀ ਹੈ ਜਿਥੇ ਕੁੱਲ ਔਸਤਨ ਕਾਰਗੁਜ਼ਾਰੀ ਵਿਚ ਸੁਧਾਰ ਨਜ਼ਰ ਆ ਰਿਹਾ ਹੈ। ਹਾਸ਼ੀਏ 'ਤੇ ਗਏ ਭਾਈਚਾਰੇ ਅਤੇ ਜਨਸੰਖਿਆ ਦੇ ਗਰੀਬ ਵਰਗ ਦੀ ਹਾਲਤ ਬਹੁਤ ਮਾੜੀ ਹੈ ਜਿਥੇ ਕੁੱਲ ਔਸਤਨ ਕਾਰਗੁਜ਼ਾਰੀ ਵਿਚ ਸੁਧਾਰ ਨਜ਼ਰ ਆ ਰਿਹਾ ਹੈ। ਹਾਸ਼ੀਏ 'ਤੇ ਗਏ ਭਾਈਚਾਰੇ ਅਤੇ ਜਨਸੰਖਿਆ ਦੇ ਗਰੀਬ ਵਰਗ ਦੀ ਹਾਲਤ ਬਹੁਤ ਮਾੜੀ ਹੈ। ਰਾਸ਼ਟਰੀ ਸਿਹਤ ਨੀਤੀ ਵਿਚ ਆਯੂਸ਼ ਦੀਆਂ ਸੰਭਾਵਨਾਵਾਂ ਨੂੰ ਤਲਾਸ਼ਣ 'ਤੇ ਵੀ ਜ਼ੋਰ ਦਿਤਾ ਗਿਆ ਹੈ।

## ਸਿੱਟਾ

ਵਿਕਲਪਕ ਦਵਾ ਪ੍ਰਣਾਲੀ ਵਜੋਂ ਕੁਦਰਤੀ ਇਲਾਜ ਦੀਆਂ ਖ਼ੂਬੀਆਂ ਨੂੰ ਵੇਖਦਿਆਂ ਭਾਰਤ ਸਰਕਾਰ, ਨੀਤੀ ਆਯੋਗ ਦੀ ਅਗਵਾਈ ਵਿਚ ਇਸ ਇਲਾਜ ਪ੍ਰਣਾਲੀ ਨੂੰ ਵੱਡੇ ਪੱਧਰ 'ਤੇ ਪ੍ਰੋਤਸਾਹਿਤ ਕਰਨ ਦਾ ਹੀਲਾ ਕਰ ਸਕਦੀ ਹੈ ਤਾਂ ਕਿ ਇਹ ਪੱਧਤੀ ਰਾਜ ਸਰਕਾਰਾਂ, ਸਥਾਨਕ ਸੰਗਠਨਾਂ, ਪੰਚਾਇਤਾਂ, ਐੱਨ ਜੀ ਓਜ਼ ਅਤੇ ਦੂਜੇ ਖੇਤਰਾਂ ਦੇ ਸਹਿਯੋਗ ਨਾਲ ਦੂਰ-ਦੁਰਾਡੇ ਵਸਦੇ ਲੋਕਾਂ ਤਕ ਵੀ ਪਹੁੰਚ ਸਕੇ। ਅਜਿਹਾ ਰਾਸ਼ਟਰੀ ਸਿਹਤ ਨੀਤੀ ਵਿਚ ਦਰਸਾਏ ਦ੍ਰਿਸ਼ਟੀਕੋਣ ਦੇ ਮੁਤਾਬਕ ਹੀ ਹੋਵੇਗਾ।

*(ਲੇਖਕ ਨੂੰ ਨੈਚਰੋਪੈਥੀ ਤੇ ਯੋਗਾ ਵਿਚ 32 ਸਾਲ ਦਾ ਅਨੁਭਵ ਹੈ।)*

*e-mail :drmnair@bnchy.org*